ਹਫਤਾਵਾਰੀ
# ਦੇਸ਼ ਦੁਆਬਾ

VOL - 6 ISSUE - 51
March 28, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com




25 ਮਾਰਚ ਨੂੰ ਫਰਿਜਨੋ ਵਿਖੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋਂ ਗ਼ਦਰੀ ਬਾਬਿਆਂ ਅਤੇ ਭਾਰਤ ਦੇ ਸ਼ਹੀਦਾਂ ਨੂੰ ਸਮਰਪਿਤ 18 ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਹਰਸ਼ਿੰਦਰ ਕੋਰ ਪਟਿਆਲ਼ਾ ਸਨ ਮੇਲੇ ਦੋਰਾਣ ਡਾ ਹਰਸ਼ਿੰਦਰ ਕੋਰ ਦਾ ਸਿਮਰਨ ਹੇਅਰ , ਆਂਚਲ ਹੇਅਰ ਅਤੇ ਬੱਚਾ ਸਿਮਵੀਰ ਹੇਅਰ ਸੁਆਗਤ ਕਰਦੇ ਹੋਏ।

**ਮੇਲੇ ਸੰਬੰਧੀ ਖ਼ਬਰ ਅਤੇ ਫੋਟੋਆਂ ਅਸੀ ਅਗਲੇ ਅੰਕ ਪ੍ਰਕਾਸ਼ਤ ਕਰਾਂਗੇ।**
**– ਸੰਪਾਦਕ**

# ਐਸ.ਸੀ/ਐਸ.ਟੀ.ਐਕਟ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਕਾਂਗਰਸ ਚਿੰਤਤ

**ਨਵੀਂ ਦਿੱਲੀ (ਬਿਊਰੋ–** ਐਸ. ਸੀ./ ਐਸ. ਟੀ. (ਜ਼ੁਲਮ ਰੋਕੂ) ਐਕਟ ਸਬੰਧੀ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਉਤੇ ਕਾਂਗਰਸ ਅਤੇ ਦਲਿਤ ਜਥੇਬੰਦੀਆਂ ਨੇ ਚਿੰਤਾ ਜ਼ਾਹਿਰ ਕਰਦਿਆਂ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਸਿਖਰਲੀ ਅਦਾਲਤ ਵਿਚ ਇਸ ਫੈਸਲੇ ਦੀ ਨਜ਼ਰਸਾਨੀ ਲਈ ਅਪੀਲ ਕਰੇ। ਕਾਂਗਰਸ ਨੇ ਕਿਹਾ ਕਿ ਇਸ ਫੈਸਲੇ ਕਾਰਨ ਦਲਿਤਾਂ ਅਤੇ ਹੋਰ ਪੱਛੜੇ ਵਰਗਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋਈ ਹੈ। ਵਰਣਨਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਸੁਣਾਏ ਆਪਣੇ ਫੈਸਲੇ ਰਾਹੀਂ ਕਿਸੇ ਅਫਸਰ ਖਿਲਾਫ ਐਸ. ਸੀ./ ਐਸ. ਟੀ. ਐਕਟ ਤਹਿਤ ਕੇਸ ਦਰਜ ਹੋਣ ਦੀ ਸੂਰਤ ਵਿਚ ਉਸ ਦੀ ਫੌਰੀ ਗ੍ਰਿਫਤਾਰੀ ਉਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਗ੍ਰਿਫਤਾਰੀ ਤੋਂ ਪਹਿਲਾਂ ਘੱਟੋ ਘੱਟ



ਐਸ. ਪੀ. ਰੈਂਕ ਦੇ ਅਧਿਕਾਰੀ ਵੱਲੋਂ ਮਾਮਲੇ ਦੀ ਮੁਢਲੀ ਜਾਂਚ ਜ਼ਰੂਰੀ ਕਰਾਰ ਦਿੱਤੀ ਹੈ।

ਕਾਂਗਰਸ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਦੀ ਹਕੂਮਤ ਦੌਰਾਨ ਦਲਿਤਾਂ ਉਤੇ ਜ਼ੁਲਮ ਵਧੇ ਹਨ, ਜਿਸ ਕਾਰਨ ਇਹ ਫੈਸਲਾ ਚਿੰਤਾ ਵਾਲੀ ਗੱਲ ਹੈ। ਪਾਰਟੀ ਦੇ ਸੀਨੀਅਰ ਤਰਜਮਾਨ ਅਨੰਦ ਸ਼ਰਮਾ ਨੇ ਕਿਹਾ ਕਿ ਸਰਕਾਰ ਨੂੰ ਇਸ ਫੈਸਲੇ 'ਤੇ ਨਜ਼ਰਸਾਨੀ ਦੀ ਅਪੀਲ ਕਰਨੀ ਚਾਹੀਦੀ ਹੈ ਜਾਂਫਿਰ ਸਬੰਧਤ ਕਾਨੂੰਨ ਵਿਚ ਤਰਮੀਮ ਕੀਤੀ ਜਾਣੀ ਚਾਹੀਦੀ ਹੈ।

ਪਾਰਟੀ ਦੀ ਸੀਨਅਰ ਐਮ. ਪੀ. ਕੁਮਾਰ ਸ਼ੈਲਜਾ ਨੇ ਦੋਸ਼ ਲਾਇਆ ਕਿ ਇਹ ਭਾਜਪਾ ਦੀ ਨੀਤੀ ਦਾ ਹਿੱਸਾ ਹੈ, ਜੋ ਰਾਖਵਾਂਕਰਨ ਖਤਮ ਕਰਨ ਦੀ ਸਾਜਿਸ਼ ਕਰ ਰਹੇ ਹਨ।

# ਮਾਇਆਵਤੀ ਵੱਲੋਂ ਆਗਾਮੀ ਜ਼ਿਮਨੀ ਚੋਣਾਂ 'ਚ ਕਿਸੇ ਦੀ ਹਮਾਇਤ ਨਾ ਕਰਨ ਦਾ ਇਸ਼ਾਰਾ

**ਲਖਨਊ (ਬਿਊਰੋ)–** ਸਮਾਜਵਾਦੀ ਪਾਰਟੀ ਨੂੰ ਫ਼ੂਲਪੁਰ ਤੇ ਗੋਰਖਪੁਰ ਸੰਸਦੀ ਸੀਟਾਂ 'ਤੇ ਮਿਲੀ ਜਿੱਤ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਭਾਵੇਂ ਵੱਡਾ ਯੋਗਦਾਨ ਸੀ, ਪਰ ਬਸਪਾ ਸੁਪਰੀਮੋ ਮਾਇਆਵਤੀ ਦੀ ਮੰਨੀਏ ਤਾਂ ਭਵਿੱਖ ਵਿੱਚ ਕੈਰਾਨਾ ਸੰਸਦੀ ਸੀਟ ਲਈ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਪਾਰਟੀ ਇੰਨੀ ਸਰਗਰਮ ਭੂਮਿਕਾ ਨਹੀਂ ਨਿਭਾਏਗੀ।

ਇਥੇ ਪਾਰਟੀ ਆਗੂਆਂ, ਅਹੁਦੇਦਾਰਾਂ ਤੇ ਵਿਧਾਇਕਾਂ ਨਾਲ ਸੋਮਵਾਰ ਨੂੰ ਹੋਈ ਮੀਟਿੰਗ ਦੌਰਾਨ ਸੂਬੇ ਦੀ ਸਾਬਕਾ ਮੁੱਖ ਮੰਤਰੀ ਨੇ ਹਾਲਾਂਕਿ ਕਈ ਇਸ਼ਾਰੇ ਕੀਤੇ ਜਿਸ ਤੋਂ ਸਾਫ਼ ਹੋ ਗਿਆ ਕਿ 2019



ਦੀਆਂ ਆਮ ਚੋਣਾਂ ਮੌਕੇ ਬਸਪਾ ਤੇ ਸਪਾ ਦਾ ਗੱਠਜੋੜ ਕਾਇਮ ਰਹੇਗਾ, ਪਰ ਪਾਰਟੀ ਸੁਪਰੀਮੋ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਨੂੰ ਕੈਰਾਨਾ ਸੰਸਦੀ ਸੀਟ ਲਈ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਗੋਰਖਪੁਰ ਵਾਲੀ 'ਚੋਣ ਸਮਝ' ਮੁੜ ਬਣਾਉਣ ਦੀ ਕੋਈ ਇੱਛਾ ਨਹੀਂ। ਇਹ ਸੰਸਦੀ ਸੀਟ ਭਾਜਪਾ ਸੰਸਦ ਮੈਂਬਰ ਹੁਕਮ ਸਿੰਘ ਦੇ ਅਕਾਲ ਚਲਾਣੇ ਕਰਕੇ ਖਾਲੀ ਹੋਈ ਹੈ। ਇਸੇ ਤਰ੍ਹਾਂ ਬਸਪਾ ਵੱਲੋਂ ਨੂਰਪੂਰ ਵਿਧਾਨ ਸਭਾ ਸੀਟ ਲਈ ਕਿਸੇ ਸਿਆਸੀ ਪਾਰਟੀ ਦੀ ਹਮਾਇਤ ਕਰਨ ਦੇ ਆਸਾਰ ਵੀ ਘੱਟ ਹਨ। ਇਹ ਸੀਟ ਭਾਜਪਾ ਵਿਧਾਇਕ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਕਰਕੇ ਖਾਲੀ ਪਈ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648

2081 Arena Blvd. @ 100 Sacramento CA 95835
916-628-2210
Dil.realtor@gmail.com

ਪੰਜਾਬੀ ਫ਼ੈਸ਼ਨ ਦਾ ਨੰਬਰ ਵਨ ਸਟੋਰ

Kash FABRICS

ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM

ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair

KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..

ਕਸ਼ਮੀਰ ਸਿੰਘ ਹੀਰਾ | ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!

Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



Raja SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders

CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



INDIA BAZAAR
Jai Ram Gaught | Harjit Gaught (Happy)
INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕਾ-ਮੈਕਸਿਕੋ ਸਰਹੱਦ ’ਤੇ ਕੰਧ ਦੀ ਉਸਾਰੀ ਜਲਦੀ: ਟਰੰਪ



**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ-ਮੈਕਸਿਕੋ ਸਰਹੱਦ ’ਤੇ ਕੰਧ ਦੀ ਉਸਾਰੀ ਦਾ ਕੰਮ ਲੋੜੀਂਦੇ ਫ਼ੰਡ ਮਿਲਦੇ ਹੀ ਫ਼ੌਰੀ ਸ਼ੁਰੂ ਹੋ ਜਾਵੇਗਾ। ਅਮਰੀਕੀ ਸੰਸਦ ਨੇ ਅਜੇ ਪਿਛਲੇ ਹਫ਼ਤੇ ਕੰਧ ਦੀ ਉਸਾਰੀ ਲਈ 1.6 ਅਰਬ ਡਾਲਰ ਦੇ ਫ਼ੰਡ ਨੂੰ ਪ੍ਰਵਾਨਗੀ ਦਿੱਤੀ ਸੀ। ਟਰੰਪ ਨੇ ਇਕ ਟਵੀਟ ’ਚ ਕਿਹਾ, ’1.6 ਅਰਬ ਡਾਲਰ ਦੀ ਰਾਸ਼ੀ ਨਾਲ ਸਰਹੱਦ ’ਤੇ ਕੰਧ ਦੀ ਉਸਾਰੀ ਲਈ ਕਾਫ਼ੀ ਕੁਝ ਕੀਤਾ ਜਾ ਸਕਦਾ ਹੈ। ਇਹ ਤਾਂ ਮਹਿਜ਼ ਡਾਊਨ ਪੇਮੈਂਟ ਹੈ। ਕੰਮ ਫ਼ੌਰੀ ਸ਼ੁਰੂ ਹੋ ਜਾਵੇਗਾ।’ ਯਾਦ ਰਹੇ ਕਿ ਲੰਘੇ ਸ਼ੁੱਕਰਵਾਰ ਨੂੰ ਸੰਘੀ ਸਰਕਾਰ ਦਾ ਕੰਮਕਾਜ ਚਲਾਉਣ ਲਈ ਫੰਡਾਂ ਦੀ ਸੰਭਾਵੀ ਘਾਟ ਆਉਣ ਤੋਂ ਪਹਿਲਾਂ ਹੀ ਅਮਰੀਕੀ ਕਾਂਗਰਸ ਨੇ ਵਿੱਤੀ ਸਾਲ 2018 ਲਈ 1.3 ਖਰਬ ਡਾਲਰ ਦੇ ਬਜਟ ਬਿੱਲ ਨੂੰ ਹਰੀ ਝੰਡੀ ਵਿਖਾ ਦਿੱਤੀ। ਇਸ ਬਜਟ ਵਿੱਚ ਵਿਵਾਦਿਤ ਕੰਧ ਦੀ ਉਸਾਰੀ ਲਈ ਰੱਖੇ 1.6 ਅਰਬ ਅਮਰੀਕੀ ਡਾਲਰ ਵੀ ਸ਼ਾਮਲ ਹਨ।

# ਸਿੱਖ ਟੈਂਪਲ ਟਾਇਰਾ ਬੁਇਨਾ, ਯੂਬਾ ਸਿਟੀ ਦੇ ਇਸ ਹਫਤੇ ਦੇ ਸਮਾਗਮ



30 ਮਾਰਚ ਸ਼ੁੱਕਰਵਾਰ ਬਲਦੇਵ ਸਿੰਘ ਚੀਮਾ ਦੀ ਬੇਟੀ ਦਾ ਆਨੰਦ ਕਾਰਜ ਹੋਵੇਗਾ ਜੀ

30 ਮਾਰਚ ਸ਼ੁੱਕਰਵਾਰ ਤੋਂ 1 ਅਪ੍ਰੈਲ ਐਤਵਾਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰ ਸੇਵਾ ਸਰਦਾਰ ਜਗਜੀਤ ਸਿੰਘ ਪਵਾਰ ਪਰਿਵਾਰ ਵੱਲੋਂ ਹੋਵੇਗੀ ਜੀ।

31 ਮਾਰਚ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਰਦਾਰ ਸੁਖਵਿੰਦਰ ਸਿੰਘ ਬਾਸੀ ਦੇ ਘਰ ਵਿਖੇ ਹੋਣਗੇ ਜੀ।

1 ਅਪ੍ਰੈਲ ਐਤਵਾਰ ਸੁਖਮਨੀ ਸਾਹਿਬ ਜੀ ਦੇ ਪਾਠ ਸਰਦਾਰ ਅਵਤਾਰ ਸਿੰਘ ਸਹੋਤਾ ਦੇ ਘਰ ਵਿਖੇ ਹੋਣਗੇ ਜੀ।

1 ਅਪ੍ਰੈਲ ਐਤਵਾਰ ਸੁਖਮਨੀ ਸਾਹਿਬ ਜੀ ਦੇ ਪਾਠ ਸਰਦਾਰ ਗੁਰਚੇਤਨ ਸਿੰਘ ਜੀ ਦੇ ਘਰ ਵਿਖੇ ਹੋਣਗੇ ਜੀ।

# ਅਮਰੀਕਾ ਵੱਲੋਂ ਸੱਤ ਪਾਕਿਸਤਾਨੀ ਫ਼ਰਮਾਂ ’ਤੇ ਪਾਬੰਦੀਆਂ ਲਗਾਈਆਂ

**ਵਾਸ਼ਿੰਗਟਨ–** ਅਮਰੀਕਾ ਨੇ ਕਥਿਤ ਪਰਮਾਣੂ ਵਣਜ ਵਿੱਚ ਸ਼ਾਮਲ ਸੱਤ ਪਾਕਿਸਤਾਨੀ ਕੰਪਨੀਆਂ ’ਤੇ ਪਾਬੰਦੀਆਂ ਆਇਦ ਕੀਤੀਆਂ ਹਨ। ਅਮਰੀਕਾ ਦੀ ਇਸ ਪੇਸ਼ਕਦਮੀ ਨਾਲ ਪਾਕਿਸਤਾਨ ਦੀਆਂ ਪਰਮਾਣੂ ਸਪਲਾਇਰ ਗਰੁੱਪ (ਐਨਐਸਜੀ) ਦਾ ਮੈਂਬਰ ਬਣਨ ਦੀਆਂ ਆਸਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਯਾਦ ਰਹੇ ਕਿ ਐਨਐਸਜੀ ਉਨ੍ਹਾਂ 48 ਮੈਂਬਰ ਮੁਲਕਾਂ ਦਾ ਸਮੂਹ ਹੈ, ਜਿਨ੍ਹਾਂ ਨੂੰ ਫ਼ਿਸਾਇਲ ਸਮੱਗਰੀ ਤੇ ਪਰਮਾਣੂ ਤਕਨੀਕ ਦਾ ਵਣਜ ਕਰਨ ਦੀ ਖੁੱਲ੍ਹ ਹੈ। ਪਾਕਿਸਤਾਨ ਨੇ ਮਈ 2016 ਵਿੱਚ ਚੀਨ ਤੇ ਤੁਰਕੀ ਦੀ ਹਮਾਇਤ ਨਾਲ ਐਨਐਸਜੀ ਦੀ ਮੈਂਬਰੀ ਲਈ ਅਪਲਾਈ ਕੀਤਾ ਸੀ। ਰੋਜ਼ਨਾਮਚਾ ਡਾਅਨ ਨੇ ਆਪਣੀ ਇਕ ਆਨਲਾਈਨ ਰਿਪੋਰਟ ’ਚ ਕਿਹਾ ਕਿ ਸਨਅਤ ਤੇ ਸੁਰੱਖਿਆ ਬਾਰੇ ਅਮਰੀਕੀ ਬਿਊਰੋ ਵੱਲੋਂ ਤਿਆਰ ਲਿਸਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਾਰੀਆਂ ਸੱਤ ਕੰਪਨੀਆਂ ਪਰਮਾਣੂ ਵਣਜ ਨਾਲ ਸਬੰਧਤ ਸਰਗਰਮੀਆਂ ’ਚ ਸ਼ਾਮਲ ਹਨ, ਜੋ ਕੌਮੀ ਸੁਰੱਖਿਆ ਜਾਂ ਅਮਰੀਕਾ ਦੀ ਵਿਦੇਸ਼ ਨੀਤੀ ਨਾਲ ਜੁੜੇ ਹਿਤਾਂ ਖ਼ਿਲਾਫ਼ ਹਨ।

ਅਮਰੀਕੀ ਸੰਘੀ ਰਜਿਸਟਰ ਵਿੱਚ ਪ੍ਰਕਾਸ਼ਤ ਇਸ ਸੂਚੀ ਵਿੱਚ ਕੁੱਲ 23 ਕੰਪਨੀਆਂ ਦੇ ਨਾਂ ਦਰਜ ਹਨ। ਸੂਚੀ ਵਿੱਚ ਸ਼ਾਮਲ ਹੋਰਨਾਂ ਕੰਪਨੀਆਂ ’ਚੋਂ 15 ਦੱਖਣੀ ਸੂਡਾਨ ਤੇ ਇਕ ਸਿੰਗਾਪੁਰ ਨਾਲ ਸਬੰਧਤ ਹੈ। ਇਨ੍ਹਾਂ 23 ਕੰਪਨੀਆਂ ਨੂੰ ਹੁਣ ਸਖ਼ਤ ਦਰਾਮਦ ਕੰਟਰੋਲ ਪੈਮਾਨਿਆਂ ਦਾ ਸਾਹਮਣਾ ਕਰਨ ਪੈ ਸਕਦਾ ਹੈ, ਜੋ ਇਨ੍ਹਾਂ ਨੂੰ ਕੌਮਾਂਤਰੀ ਵਣਜ ਕਰਨ ਤੋਂ ਰੋਕ ਸਕਦੇ ਹਨ। ਸੂਚੀ ਵਿੱਚ ਸ਼ਾਮਲ ਸੱਤ ਪਾਕਿਸਤਾਨੀ ਕੰਪਨੀਆਂ ਵਿੱਚੋਂ ਤਿੰਨ ’ਤੇ ਪਰਮਾਣੂ ਸਰਗਰਮੀਆਂ ਨੂੰ ਅਸੁਰੱਖਿਅਤ ਬਣਾਉਣ ਲਈ ਘੁਸਪੈਠ ਕਰਨ ਦਾ ਦੋਸ਼ ਹੈ। ਦੋ ਫ਼ਰਮਾਂ ’ਤੇ ਅਜਿਹੀਆਂ ਕੰਪਨੀਆਂ ਲਈ ਪਰਮਾਣੂ ਸਪਲਾਈ ਖਰੀਦਣ ਦਾ ਦੋਸ਼ ਹੈ, ਜੋ ਪਹਿਲਾਂ ਹੀ ਇਸ ਸੂਚੀ ਵਿੱਚ ਸ਼ਾਮਲ ਹਨ। ਜਦਕਿ ਬਾਕੀ ਦੋ ਕੰਪਨੀਆਂ ’ਤੇ ਸੂਚੀ ਵਿੱਚ ਦਰਜ ਹੋਰਨਾਂ ਕੰਪਨੀਆਂ ਨੂੰ ਮੰਚ ਮੁਹੱਈਆ ਕਰਵਾਉਣ ਦਾ ਦੋਸ਼ ਹੈ। ਜਿਨ੍ਹਾਂ ਸੱਤ ਕੰਪਨੀਆਂ ’ਤੇ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਮੁਸ਼ਕੋ ਲੌਜਿਸਟਿਕਸ, ਮੁਸ਼ਕੋ ਇਲੈਕਟ੍ਰੌਨਿਕਸ ਪ੍ਰਾਈਵੇਟ ਲਿਮਟਿਡ, ਸੌਲਿਊਸ਼ਨਜ਼ ਇੰਜਨੀਅਰਿੰਗ, ਅਖ਼ਤਰ ਐਂਡ ਮੁਨੀਰ, ਪ੍ਰੋਫਿਸ਼ੈਂਟ ਇੰਜਨੀਅਰਜ਼, ਪਰਵੇਜ਼ ਕਮਰਸ਼ਲ ਟਰੇਡਿੰਗ ਕੰਪਨੀ ਤੇ ਮਰੀਨ ਸਿਸਟਮਜ਼ ਪ੍ਰਾਈਵੇਟ ਲਿਮ ਸ਼ਾਮਲ ਹਨ।

# ਪੰਜਾਬ ਦੇ ਸਕੂਲਾਂ ਵਿਚ ਹੁਣ ਚੀਨੀ ਅਤੇ ਫਰੈਂਚ ਪੜ੍ਹਾਉਣਗੇ ਕੈਪਟਨ!



**ਚੰਡੀਗੜ੍ਹ (ਬਿਊਰੋ)–** ਜੁਮਲੇ ਕਿਸੇ ਇਕ ਖਾਸ ਪਾਰਟੀ ਜਾਂ ਆਗੂ ਤਕ ਸੀਮਤ ਨਹੀਂ। ਪੰਜਾਬ ਵਿਧਾਨ ਸਭਾ ਵਿੱਚ ਜਿੱਥੇ ਗੈਰਕਾਨੂੰਨੀ ਮਾਈਨਿੰਗ ਸਮੇਤ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਕਾਵਾਂਰੌਲੀ ਪੈਂਦੀ ਰਹੀ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੜੇ ਠਰ੍ਹੰਮੇ ਨਾਲ ਐਲਾਨ ਕੀਤਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸੀਨੀਅਰ ਸੈਕੰਡਰੀ ਪੱਧਰ ’ਤੇ ਚੀਨੀ ਭਾਸ਼ਾ ਨੂੰ ਪੜ੍ਹਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਸੂਬੇ ਵਿਚਲੇ ਸਰਕਾਰੀ ਸਕੂਲ ਜਿੱਥੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਤੇ ਮਾਂ-ਬੋਲੀ ਪੰਜਾਬੀ ਦੀ ਮੁੱਢਲੀ ਸਿੱਖਿਆ ਯਕੀਨੀ ਬਣਾਉਣ ਲਈ ਸੰਘਰਸ਼ ਕਰ ਰਹੇ ਹਨ, ਉਥੇ ਮੁੱਖ ਮੰਤਰੀ ਵੱਲੋਂ ਚੀਨੀ, ਫਰੈਂਚ ਤੇ ਹੋਰਨਾਂ ਵਿਦੇਸ਼ੀ ਭਾਸ਼ਾਵਾਂ ਨੂੰ ਬਦਲਵੇਂ ਵਿਸ਼ਿਆਂ ਵਜੋਂ ਪੜ੍ਹਾਉਣ ਦੀ ਪਿਛਲੇ ਸਾਲ ਤੋਂ ਰੱਖੀ ਜਾ ਰਹੀ ਤਜਵੀਜ਼, ਹਾਲ ਦੀ ਘੜੀ ਦੂਰ ਦੀ ਕੌਡੀ ਜਾਪਦੀ ਹੈ।

ਮੁੱਖ ਮੰਤਰੀ ਨੇ ਚੀਨੀ ਭਾਸ਼ਾ ਪੜ੍ਹਾਏ ਜਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਇਸ ਭਾਸ਼ਾ ਦਾ ਗਿਆਨ ਵਿਦਿਆਰਥੀਆਂ ਲਈ ਲਾਭਕਾਰੀ ਹੋਵੇਗਾ, ਕਿਉਂਕਿ ਭਾਰਤ-ਚੀਨ ਵਣਜ ਲਗਾਤਾਰ ਵਧ ਫੁਲ ਰਿਹੈ ਤੇ ਭਾਰਤ ਉੱਤਰ ਤੇ ਪੂਰਬ ਵਿੱਚ ਅਜਿਹੇ ਗੁਆਂਢੀ ਮੁਲਕਾਂ ’ਚ ਘਿਰਿਆ ਜਿੱਥੇ ਚੀਨੀ ਬੋਲਦੀ ਆਬਾਦੀ ਰਹਿੰਦੀ ਹੈ।

ਇਸ ਦੌਰਾਨ ’ਆਪ’ ਵਿਧਾਇਕ ਕੰਵਰ ਸੰਧੂ ਨੇ ਕੈਪਟਨ ਨੂੰ ਟੋਕਦਿਆਂ ਕਿਹਾ ਕਿ ਸਰਕਾਰ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਤਾਂ ਲਾਗੂ ਨਹੀਂ ਕਰ ਸਕੀ, ਪਰ ਚੀਨੀ ਭਾਸ਼ਾ ਪੜ੍ਹਾਉਣ ਦੀਆਂ ਗੱਲਾਂ ਕਰਦੀ ਹੈ। ਐਨਜੀਓ ਪ੍ਰਥਮ ਵੱਲੋਂ ਕੀਤੇ ਸਰਵੇਖਣ ’ਤੇ ਅਧਾਰਿਤ ਪੇਂਡੂ ਖੇਤਰ ਨਾਲ ਸਬੰਧਤ ਸਿੱਖਿਆ ਦੇ ਸਾਲਾਨਾ ਸਟੇਟਸ ਬਾਰੇ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 21 ਫੀਸਦ ਵਿਦਿਆਰਥੀ ਅੰਗਰੇਜ਼ੀ ਦਾ ਇਕ ਫ਼ਿਕਰਾ ਵੀ ਨਹੀਂ ਪੜ੍ਹ ਸਕਦੇ। ਅੰਮ੍ਰਿਤਸਰ ਤੇ ਬਠਿੰਡਾ ਜ਼ਿਲ੍ਹਿਆਂ ’ਚ ਕੀਤੇ ਇਸ ਸਰਵੇਖਣ ਮੁਤਾਬਕ ਅੰਮ੍ਰਿਤਸਰ ਦੇ 15 ਫੀਸਦ ਵਿਦਿਆਰਥੀ ਦੂਜੀ ਜਮਾਤ ਦੀ ਪੰਜਾਬੀ ਦੀ ਕਿਤਾਬ ਨਹੀਂ ਪੜ੍ਹ ਸਕਦੇ। ਇਸ ਦੀ ਮੁੱਖ ਵਜ੍ਹਾ ਅਧਿਆਪਕਾਂ ਦੀ ਘਾਟ ਹੈ। 2667 ਪ੍ਰਾਇਮਰੀ ਤੇ ਅੱਪਰ ਪ੍ਰਾਇਮਰੀ ਸਕੂਲ ਅਜੇ ਵੀ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਹਨ।



Our Inspiration

Bharat Rattan Dr. Ambedkar

**Ambedkar Mission Society Punjab (Regd.)**

Ph. : 0181-5074269

(Regd. No. 1098 under the Societies Act. XXI of 1860)

*Head Office :*
Ambedkar Bhawan, Dr. Ambedkar Marg,
Jalandhar-144003 (India)

*President :* Vijay Walia, Mob. 70871-11192
*Vice-President :* Charan Dass Sandhu, Mob. 94540-66955
*General Secretary :* Varinder Kumar, Mob. 98148-23025
*Asstt. Secretary :* Sunny Thapar, Mob. 98785-94831
*Cashier :* Harbhajan, Mob. 98724-99188
*Legal Advisor :* Harbhajan Sampla, Vill. Sofi, Jalandhar, Mob. 98726-66784
*Auditor :* Tilak Raj, Mob. 98760-45593
*Patron :* L.R. Balley, Editor, Bheem Patrika, Mob. 98723-21664
*Executive Members :*
Baldev Raj Bhardwaj, Mob. 99888-01008
Jaswinder Wariana, Mob. 99151-53407
Sudesh Kalyan, Mob. 98153-65905
Dr. Manjit Sodhi, Mob. 98140-67105
Ramesh Garur, Mob. 81466-63890
Manohar Lal Bali, Mob. 94622-84295
Mr. Bikanu Ram, Mob. 84177-07548
Mr. Mandeep Singh, Mob. 84378-412141

*Ref. No. AMS/03/015* — *Dated : 23-3-2018*

**ਪ੍ਰੈਸ ਨੋਟ**

**ਮੰਗ-ਪੱਤਰ**


**ਸਰਕਾਰ ਦਲਿਤਾਂ ਦੇ ਨਾਲ ਧੋਖਾ ਕਰ ਰਹੀ ਹੈ,**
**ਐਸ.ਸੀ., ਐਸ.ਟੀ. ਐਕਟ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸਹੀ ਨਹੀਂ !**

ਜਲੰਧਰ ( ) : ਅੱਜ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਅਹੁਦੇਦਾਰਾਂ ਨੇ ਮਾਨਯੋਗ ਡਿਪਟੀ ਕਮਿਸ਼ਨਰ, ਜਲੰਧਰ ਦੇ ਦੁਆਰਾ ਮਾਨਯੋਗ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਇਕ ਮੰਗ-ਪੱਤਰ ਦਿੱਤਾ, ਜਿਸ ਵਿਚ ਸੁਸਾਇਟੀ ਨੇ ਕਿਹਾ ਹੈ ਕਿ : ਅਨੁਸੂਚਿਤ ਜਾਤੀਆਂ ਦੇ ਸਮੁਦਾਏ ਕੇਂਦਰ ਸਰਕਾਰ ਦੀਆਂ ਕੁੱਝ ਕਾਰਵਾਈਆਂ ਤੋਂ ਇਹ ਮਹਿਸੂਸ ਕਰ ਰਹੇ ਹਨ ਕਿ ਸਰਕਾਰ ਉਨ੍ਹਾਂ ਨੂੰ ਉੱਚੀ ਜਾਤੀਆਂ ਦੇ ਗ਼ੁਲਾਮ ਹੀ ਬਣਾਇਆ ਰੱਖਣਾ ਚਾਹੁੰਦੀ ਹੈ. ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲਈ ਪੰਜ ਸਾਲਾਂ ਉੱਪ-ਯੋਜਨਾ ਹਿੱਤ ਬਜਟ ਵਿਚ ਰਾਸ਼ੀ ਨਿਰਧਾਰਿਤ ਕਰਨਾ ਵੀ ਬੰਦ ਕਰ ਦਿੱਤਾ ਹੈ. ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਕੋਟਾ ਪੂਰਾ ਕਰਨ ਦੇ ਲਈ ਸਰਕਾਰ ਦੀ ਕੋਈ ਗੰਭੀਰ ਸੋਚ ਨਹੀਂ ਹੈ. ਭੂਮੀ-ਸੁਧਾਰ ਇਕਦਮ ਬੰਦ ਕਰ ਦਿੱਤੇ ਗਏ ਹਨ, ਸੱਚ ਤਾਂ ਇਹ ਹੈ ਕਿ ਭੂਮੀ-ਸੁਧਾਰ ਸ਼ੁਰੂ ਹੀ ਨਹੀਂ ਕੀਤੇ ਗਏ. 31% ਦਲਿਤ (ਅਨੁਸੂਚਿਤ ਜਾਤੀਆਂ) ਅਤੇ 45% ਆਦਿਵਾਸੀ (ਅਨੁਸੂਚਿਤ ਜਨਜਾਤੀਆਂ) ਗਰੀਬੀ ਰੇਖਾ ਤੋਂ ਥੱਲੇ ਜੀਵਨ ਗੁਜ਼ਾਰ ਰਹੇ ਹਨ. ਜੇਕਰ ਭੂਮੀ-ਸੁਧਾਰ ਕੀਤੇ ਜਾਂਦੇ ਤਾਂ ਨਾ ਕੇਵਲ ਉਨ੍ਹਾਂ ਨੂੰ ਆਜੀਵਿਕਾ ਦੇ ਸਾਧਨ ਉਪਲਬੱਧ ਹੁੰਦੇ ਬਲਕਿ ਉਨ੍ਹਾਂ ਦੀ ਇੱਜ਼ਤ ਵਿਚ ਵੀ ਵਾਧਾ ਹੁੰਦਾ.

ਭਾਰਤ ਦੇ ਸੰਵਿਧਾਨ ਦਾ ਅਨੁਛੇਦ 46 ਸਰਕਾਰ ਦਾ ਫਰਜ਼ ਲਗਾਉਂਦਾ ਹੈ ਕਿ "ਉਹ ਸਮਾਜ ਦੇ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਸਮਾਜਿਕ ਅਨਿਆਂ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਏਗੀ." ਸਰਕਾਰ ਨੇ ਇਸ ਸੰਵਿਧਾਨਿਕ ਉਪਬੰਧ (ਆਦੇਸ਼) ਨੂੰ ਕਦੇ ਵੀ ਗੰਭੀਰਤਾ ਦੇ ਨਾਲ ਨਹੀਂ ਲਿਆ ਅਤੇ ਇਸਦੇ ਲਈ ਨਾ ਹੀ ਕੋਈ ਉਚਿਤ ਕਾਰਵਾਈ ਕੀਤੀ ਅਤੇ ਨਾ ਹੀ ਕੋਈ ਕਾਨੂੰਨ ਬਣਾਇਆ.

ਹੁਣ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਕਾਨੂੰਨ ਨੂੰ ਕਮਜ਼ੋਰ ਬਲਕਿ ਸਮਾਪਤ ਹੀ ਕਰ ਦਿੱਤਾ ਗਿਆ ਹੈ. ਸਰਕਾਰ ਨੇ ਸੁਪਰੀਮ ਕੋਰਟ ਦੇ ਸਾਹਮਣੇ, ਜਿਸਨੇ ਇਸ ਕਾਨੂੰਨ ਨੂੰ ਕਮਜ਼ੋਰ ਕੀਤਾ ਹੈ, ਆਪਣਾ ਤਰਕ ਸਰਕਾਰੀ ਵਕੀਲ ਦੁਆਰਾ ਜ਼ੋਰਦਾਰ ਢੰਗ ਨਾਲ ਨਹੀਂ ਰੱਖਿਆ. ਸਾਡੀ ਮੰਗ ਹੈ ਕਿ ਇਸ ਕਾਨੂੰਨ ਨੂੰ ਹੋਰ ਵੀ ਜ਼ਿਆਦਾ ਸਖ਼ਤ ਬਣਾਇਆ ਜਾਵੇ, ਕਿਉਂਕਿ ਅਜੇ ਵੀ ਦੇਸ਼ ਭਰ ਵਿਚ ਦਲਿਤਾਂ ਦੇ ਨਾਲ ਛੂਆਛਾਤ ਅਤੇ ਅੱਤਿਆਚਾਰ ਜਾਰੀ ਹਨ. 27% ਭਾਰਤੀਆਂ ਨੇ ਸਵੀਕਾਰ ਕੀਤਾ ਹੈ ਕਿ ਉਹ ਛੂਆਛਾਤ ਕਰਦੇ ਹਨ. ਉਦਾਹਰਣ ਦੇ ਤੌਰ ਉੱਤੇ ਤਥਾਕਥਿਤ ਦੇਵ-ਭੂਮੀ ਹਿਮਾਚਲ ਪ੍ਰਦੇਸ਼ ਵਿਚ 24 ਪ੍ਰਕਾਰ ਦੀ ਛੂਆਛਾਤ ਕੀਤੀ ਜਾਂਦੀ ਹੈ. ਦਲਿਤਾਂ ਦੇ ਇਸ ਅਹਿਸਾਸ ਨੂੰ ਰਾਸ਼ਟਰੀ ਪੱਧਰ ’ਤੇ ਸਮਾਜਿਕ ਅਤੇ ਆਰਥਿਕ ਪ੍ਰੋਗਰਾਮ ਨੂੰ ਸ਼ੁਰੂ ਕਰਕੇ ਅਤੇ ਇਮਾਨਦਾਰੀ ਨਾਲ ਦੂਰ ਕੀਤਾ ਜਾਣਾ ਚਾਹੀਦਾ ਹੈ. ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਸਰਕਾਰ ਨੂੰ ਸੁਚੇਤ ਕਰਨਾ ਚਾਹੁੰਦੀ ਹੈ ਕਿ ਦਲਿਤ ਵਰਗਾਂ ਵਿਚ ਬੇਚੈਨੀ ਦਾ ਗੁਬਾਰ ਕਦੇ ਵੀ ਫੱਟ ਸਕਦਾ ਹੈ ਅਤੇ ਵਰਤਮਾਨ ਢੰਗੀ ਲੋਕਤੰਤਰ ਦੇ ਲਈ ਖਤਰਾ ਬਣ ਸਕਦਾ ਹੈ.

(ਵਰਿੰਦਰ ਕੁਮਾਰ)
ਜਨਰਲ ਸਕੱਤਰ



**राष्ट्रीय दलित साहित्य अकादमी**

**RASHTRIYA DALIT SAHITYA AKADEMI**

Regd. Office :- 21/21, Raj Niwas Marg, Civil Line, Delhi - 54 (INDIA)

प्रदेशाध्यक्ष
डॉ. आर. पी. अहिरवार
ADEO

मनोज कुमार
राष्ट्रीय अध्यक्ष (नई दिल्ली)

प्रदेश कार्यालय - कृष्ण यादव नगर, भण्डारिया रोड, खण्डवा 450 001 (म.प्र.) Mob. 9826074808, 8770629006

वरिष्ठ उपाध्यक्ष: लक्ष्मणसिंह सिलोटे
उपाध्यक्ष: डॉ. के.के. बच्चन, पवन टिकेकर, मनमोहन तिलन्थे
प्रमुख महासचिव: लेखराम अहिरवार
कोषाध्यक्ष: सोहनलाल चौधरी
महासचिव: अनिल लारिया, चन्द्रशेखर सुनहरे, राजेश कुमार चौधरी, घन्सूलाल मरावी
सचिव: देवेन्द्र बर्थे, मृत्युंजयसिंह ठाकुर, राजु टिकैत
सहसचिव: ब्रजेश कुमार, बन्शीलाल अहिरवार, डॉ. डालसिंह
प्रचार सचिव: संजेश गोलिया
कार्यकारिणी सदस्य: मुकेश सूर्यवंशी, बापूलाल वर्मा

प्रति,

महामहिम राष्ट्रपति जी
भारत गणराज्य
नई दिल्ली (भारत)

विषयः- अनुसूचित जाति /जनजाति अत्याचार निवारण अधिनियम 1989 के संबंध में माननीय सर्वोच्चय न्यायालय द्वारा दिए गए फैसले में पूर्न विचार याचिका दायर करने के संबंध में ।

मान्यवर,

हम अधोहस्ताक्षरकर्ता आपका ध्यान माननीय सर्वोच्च्य न्यायालय के आदेश दिनांक 21/03/2018 के निर्णय की ओर दिलाना चाहते है जिसमें अनुसूचित जाति अनुसूचित जनजाति अत्याचार निवारण अधिनियम 1989 मे संशोधन बाबत् निर्देश दिए गए है। जिसके तहत कथित झूठी शिकायतो को आधार बनाकर आरोपी की गिरफतारी के पूर्व यदि वो सामान्य नागरिक है , तो एस.एस.पी. यदि सरकारी कर्मचारी है तो नियोक्ता से पूर्व अनुमति का दुर्भाग्यपूर्ण प्रावधान किया गया है। इतना ही नही इस कानून की विशेषता थी, कि प्राथमिकी दर्ज होने के तुरन्त बाद अभियुक्त कि गिरफतारी होती है। मैं भी संशोधन कर उच्च न्यायालय ने गिरफ्तारी पर रोक लगा दी जिससे यह कानून नखदंत विहीन अर्थात् निष्प्रभावी हो गया है।

महोदय जी इस निर्णय से देश भर के करोडो एस.सी.एस.टी समुदाय में रोष व्याप्त है। उच्चतम न्यायालय में सामाजिक दुष्प्रभावो एवं अत्याचारो पर विचार किए बिना दिए गए निणर्य से दलितो पर अत्याचार बढने की सम्भावना है। गरीब दलित आदिवासीयो को इस एक्ट से एक सुरक्षा बोध होता था उनकी उपर तक पहुँच ना होने की वजह से दबंगो द्वारा अब जातिगत ,उत्पीडन की घटनाओ में तेजी से वृद्वि होगी जिससे हमारे समाज का ताना-बाना नष्ट होगा ।

24/03/18
प्रदेश अध्यक्ष
डॉ.आर.पी.अहिरवार

# ਯੂਨਾਈਟਿਡ ਸਿੱਖਸ ਸਿੱਖ ਏਡ ਟੀਮ ਨੇ ਸੰਗੀਤ ਸਾਜ਼ਾਂ ਨੂੰ ਅਨੋਵਾ ਸਕੂਲ, ਸ਼ਾਂਤਾ ਰੋਜ਼ਾ ਨੂੰ ਦਾਨ ਕੀਤਾ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਭਾਈਚਾਰੇ ਵਿਚ ਸਰਗਰਮ ਸੰਸਥਾ ਯੂਨਾਈਟਿਡ ਸਿੱਖਸ ਸਿੱਖ ਏਡ ਟੀਮ ਨੇ ਸੰਗੀਤ ਸਾਜ਼ਾਂ ਨੂੰ ਅਨੋਵਾ ਸਕੂਲ, ਸ਼ਾਂਤਾ ਰੋਜ਼ਾ ਨੂੰ ਦਾਨ ਕਰਨ ਦਾ ਕੰਮ ਸੌਂਪਿਆ, ਜੋ ਕਿ ਕੁਝ ਸਮ ਪਹਿਲਾਂ ਲੱਗੀ ਅੱਗ ਦੌਰਾਨ ਸੜ ਗਿਆ ਸੀ। ਇਸ ਵੇਲੇ, ਤਕਸੀਮ ਦੌਰਾਨ, ਨੌਜਵਾਨ ਸਵੈ ਸੇਵੀ ਗੁਰਸਿੰਮਰ ਸਿੰਘ ਬੇਅ ਏਰੀਆ, ਮਿਲਪੀਟਸ, ਫਰੀਮੌਂਟ ਅਤੇ ਸ਼ਾਂਟਾ ਰੋਜ਼ਾ ਕਾਊਂਟੀ ਦੇ ਸਿੱਖ ਸੰਗਤ ਦੇ ਮੈਂਬਰ ਹਾਜਰ ਸਨ। ਸੰਸਥਾ ਦੇ ਪ੍ਰਬੰਧਕਾਂ ਨੇ ਆਪਣੇ ਵਲੰਟੀਅਰਾਂ, ਖਾਸ ਕਰ ਦਾਨ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਜਿਹਨਾ 'ਚ ਗੁਰਸਿਮਰਨ ਸਿੰਘ-ਯੁਨਾਈਟਿਡ ਯੂਨੀਸਿਡ ਸਿੱਖ ਵਲੰਟੀਅਰ, ਕਰਨਦੀਪ ਸਿੰਘ - ਯੂਥ ਪ੍ਰੋਗਰਾਮ ਦੇ ਐਡਵੋਕੇਟ, ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਸੈਂਟਾ ਰੋਜ਼ਾ ਤੋਂ ਜੈ ਸਿੰਘ ਨੇ ਵਿਸੇਸ ਤੌਰ 'ਤੇ ਧੰਨਵਾਦ ਕੀਤਾ ਜਿਹਨਾਂ ਨੇ ਮੱਦਦ ਲਈ ਯਤਨ ਕੀਤੇ।

# ਪੰਜਾਬ ਸਰਕਾਰ ਦਾ ਬਜਟ ਲੋਕਾਂ ਦੇ ਨਾਲ ਧੋਖਾ- ਵਿਜੈ ਸਾਂਪਲਾ



**ਹੁਸ਼ਿਆਰਪੁਰ–** ਪੰਜਾਬ ਭਾਜਪਾ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਰਾਜ ਸਰਕਾਰ ਦੁਆਰਾ ਪੇਸ਼ ਕੀਤੇ ਗਏ ਬਜਟ ਨੂੰ ਪ੍ਰਦੇਸ਼ ਦੇ ਲੋਕਾਂ ਨਾਲ ਅੰ-ਨਿਆ ਦਾ ਇਕ ਹੋਰ ਉਦਾਹਰਣ ਦੱਸਿਆ ਹੈ। ਪੱਤਰਕ-ਾਰਾਂ ਨਾਲ ਗੱਲਬਾਤ ਵਿਚ ਵਿਜੇ ਸਾਂਪਲਾ ਨੇ ਕਿਹਾ ਕਿ ਇਨਕਮ ਟੈਕਸ ਦੇਣ ਵਾਲਿਆਂ ਤੇ 200 ਰੁਪਏ ਪ੍ਰਤੀ ਮਹੀਨਾ ਪੰਜਾਬ ਵਿਕਾਸ ਕਰ ਲਗਾਉਣ ਨਾਲ ਸਰਕਾਰ ਨੇ ਕਰਮਚਾਰੀ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਇਕ ਸਾਲ ਵਿਚ 2400 ਰੁਪਏ ਟੈਕਸ ਦੇਣ ਨਾਲ ਕਿਸੇ ਵੀ ਕਰਮਚਾਰੀ ਦਾ ਬਜਟ ਗੜਬੜਾ ਸਕਦਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਕਰਜ਼ਾ ਤਾਂ ਮੁਆਫ ਨਹੀਂ ਕੀਤਾ ਇਸ ਪੈਸੇ ਨਾਲ ਕਿੰਨੇ ਕਿਸਾਨਾਂ ਦਾ ਕਰਜਾ ਮੁਆਫ ਕਰੇਗੀ। ਉਹਨਾਂ ਕਿਹਾ ਕਿ ਸਰਕਾਰ ਨੇ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਦੀਆ ਕਿਸ਼ਤਾਂ ਨੂੰ ਦੇਣ ਲਈ ਕੋਈ ਵਿਵਸਥਾ ਨਹੀਂ ਕੀਤੀ, ਨਾ ਹੀ ਕਰਮਚਾਰੀਆਂ ਦੇ ਪੱਕਾ ਕਰਨ ਦੀ ਦਿਸ਼ਾ ਵਿਚ ਕੋਈ ਕੰਮ ਕੀਤਾ ਹੈ। ਪ੍ਰਦੇਸ਼ ਵਿਚ ਡਾਕਟਰਾਂ ਦੀ ਭਾਰੀ ਕਮੀ ਹੈ ਪਰ ਸਰਕਾਰ ਨੇ ਬਜਟ ਵਿਚ ਕੇਵਲ 306 ਡਾਕਟਰਾਂ ਦੀ ਨਿਯੁਕਤੀ ਦੀ ਗੱਲ ਕੀਤੀ ਹੈ। ਇਹ ਡਾਕਟਰ ਵੀ ਕੇਂਦਰ ਸਰਕਾਰ ਦੀ ਸਕੀਮ ਦੇ ਤਹਿਤ ਰੱਖੇ ਜਾ ਰਹੇ ਹਨ।

ਸਾਂਪਲਾ ਨੇ ਕਿਹਾ ਕਿ ਸਰਕਾਰ ਹਰ ਸਿੱਖਿਆ ਬਲਾਕ ਵਿਚ ਸਮਾਰਟ ਸਕੂਲ ਤਾਂ ਖੋਲ੍ਹਣ ਦਾ ਦਾਅਵਾ ਕਰ ਰਹੀ ਹੈ ਪਰ ਇਸਦੇ ਲੀ ਕੇਵਲ 50 ਕਰੋੜ ਦੀ ਹੀ ਵਿਵਸਥਾ ਕੀਤੀ ਹੈ। ਇੰਨੀ ਰਾਸ਼ੀ ਵਿਚ ਹਰ ਬਲਾਕ ਵਿਚ ਕਿਵੇਂ ਸਮਾਰਟ ਸਕੂਲ ਖੋਲ੍ਹਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਕੁੱਲ ਮਿਲਾ ਕੇ ਇਹ ਬਜਟ ਪ੍ਰਦੇਸ਼ ਦੇ ਲੋਕਾਂ ਦੇ ਨਾਲ ਇਕ ਧੋਖਾ ਹੀ ਕਿਹਾ ਜਾ ਸਕਦਾ ਹੈ।

# ਬਸਪਾ ਦੀ ਸੂਬਾਈ ਲੀਡਰਸ਼ਿਪ ਨੇ ਅਧਿਆਪਕਾਂ ਦੀ ਕੁੱਟਮਾਰ ਅਤੇ ਪਰਚੇ ਦਰਜ ਕਰਨ ਦੀ ਕੀਤੀ ਨਿੰਦਾ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)** ਬਹੁਜਨ ਸਮਾਜ ਪਾਰਟੀ ਦੀ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਸਥਾਨਕ ਗੁਰੂ ਰਵਿਦਾਸ ਮੰਦਰ ਬਸਤੀ ਯੋਧੇਵਾਲ ਵਿਖੇ ਹੋਈ ਜਿਸ ਵਿੱਚ ਪੰਜਾਬ ਦੇ ਇੰਚਾਰਜ ਐਮ ਐਲ ਤੋਮਰ ਅਤੇ ਸੂਬਾ ਕਨਵੀਨਰ ਨਿਰਮਲ ਸਿੰਘ ਸੁਮਨ ਪਹੁੰਚੇ। ਸਮੀਖਿਆ ਮੀਟਿੰਗ ਦੌਰਾਨ ਜਿਥੇ ਲੋਕ ਸਭਾ ਦੀਆਂ ਚੋਣ ਦੇ ਮੱਦੇਨਜਰ ਪਾਰਟੀ ਦਾ ਸਗੰਠਨਾਤਮਿਕ ਢਾਂਚਾ ਮਜਬੂਤ ਕਰਨ ਤੇ ਜੋਰ ਦਿੱਤਾ ਗਿਆ ਉਥੇ ਹੀ ਲੁਧਿਆਣਾ 'ਚ ਪਿਛਲੇ ਦਿਨੀ ਸੰਵਿਧਾਨਿਕ ਮੰਗਾਂ ਮੰਗਦੇ ਅਧਿਆਪਕਾਂ ਤੇ ਲਾਠੀਚਾਰਜ ਕਰਨ ਤੋਂ ਬਾਅਦ ਥਾਣਾ ਸਲੇਮਟਾਬਰੀ ਥਾਣੇ ਵਿੱਚ ਪਰਚੇ ਦਰਜ ਕਰਨ ਦੀ ਨਿਖੇਧੀ ਕੀਤੀ ਗਈ। ਸੂਬਾਈ ਲੀਡਰਸ਼ਿਪ ਨੇ ਕਿਹਾ ਕਿ ਜਿਸ ਸੂਬੇ ਵਿੱਚ ਸਿੱਖਿਆ ਦੇਣ ਵਾਲਾ ਗੁਰੂ ਹੀ ਸਰਕਾਰ ਵੱਲੋਂ ਕੁੱਟਿਆ ਜਾ ਰਿਹਾ ਹੋਵੇ ਅਤੇ ਉਸ ਤੇ ਪਰਚਾ ਦਰਜ ਕੀਤਾ ਜਾਂਦਾ ਹੋਵੇ ਉਸ ਸਰਕਾਰ ਤੋਂ ਲੋਕਾਂ ਨੂੰ ਕੋਈ ਉਮੀਦ ਨਹੀ ਕਰਨੀ ਚਾਹੀਦੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵਾਂ ਬਜਟ ਪੇਸ਼ ਕਰਦਿਆਂ ਇਨਕਮ ਟੈਕਸ ਦੀ ਰਿਟਰਨ ਭਰਨ ਵਾਲੇ ਹਰ ਵਿਆਕਤੀ ਤੇ ਖੁਦ ਦਾ ਬਣ-ਾਇਆ 24 ਸੌ ਰੁਪਏ ਦਾ ਕੈਪਟਨ ਕਰ ਲਗਾ ਕੇ ਉਨ੍ਹਾਂ ਦੇ ਘਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੰਜ ਪੋਸਟ ਮੈਟਰਿਕ ਸਕਾਲਰਸ਼ਿਪ ਦੀ ਰਾਸ਼ੀ ਜਾਰੀ ਨਾ ਹੋਣ ਕਾਰਨ ਦਲਿਤ ਵਿਦਿਆਰਥੀ ਪੜਾਈ ਛੱਡ ਰਹੇ ਹਨ ਅਤੇ ਮੋਦੀ ਸਰਕਾਰ ਦੇ ਇਸ਼ਾਰੇ ਤੇ ਦੇਸ਼ ਦੀ ਸਰ-ਵਉੱਚ ਅਦਾਲਤ ਦਲਿਤਾਂ ਵਿਰੁੱਧ ਨਵੇਂ ਆਦੇਸ਼ ਜਾਰੀ ਕਰ ਰਹੀ ਹੈ। ਇਸ ਲਈ ਲੋਕਾਂ ਨੂੰ ਹੁਣ ਖੁਦ ਨੂੰ ਲੋਕ ਸਭਾ ਚੋਣਾਂ ਦੀ ਤਿਆਰੀ ਕਰਦਿਆਂ ਭਾਜਪਾ ਮੁਕਤ ਭਾਰਤ ਦੇ ਨਿਰਮਾਣ ਵੱਲ ਬਸਪਾ ਨਾਲ ਮਿਲ ਕੇ ਕਦਮ ਵਧਾਉਣੇ ਚਾਹੀਦੇ ਹਨ। ਸੂਬਾਈ ਆਗੂਆਂ ਨੇ ਜ਼ਿਲ੍ਹੇ ਲੀਡਰਸ਼ਿਪ ਨੂੰ ਬਸਪਾ ਨੂੰ ਬੂਥ ਪੱਧਰ ਤੱਕ ਮਜਬੂਤ ਢਾਂਚਾ ਖੜ੍ਹਾ ਕਰਨ ਲਈ ਹਰ ਜਾਤੀ ਅਤੇ ਧਰਮ ਦੇ ਵਿਆਕਤੀ ਤੱਕ ਪਹੁੰਚ ਕਰਨ ਦਾ ਆਦੇਸ਼ ਵੀ ਦਿੱਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੀਤ ਰਾਮ ਬਸਰਾ, ਜਨਰਲ ਸਕੱਤਰ ਪ੍ਰਗਣ ਬਿਲਗਾ, ਰਾਜਿੰਦਰ ਨਿੱਕਾ, ਹੰਸਰਾਜ ਬੰਗੜ, ਚਰਨ ਸਿੰਘ ਲੁਹਾਰਾ, ਵਿੱਕੀ ਕੁਮਾਰ, ਵਿੱਕੀ ਬਹਾਦਰਕੇ, ਪਵਨ ਕੁਮਾਰ, ਨਰੇਸ਼ ਬਸਰਾ, ਸੁਖਵਿੰਦਰ ਕੌਰ, ਬਲਵਿੰਦਰ ਕੁਮਾਰ, ਨੇਤਰ ਸਿੰਘ ਸੈਣੀ, ਇੰਦਰੇਸ਼ ਕੁਮਾਰ, ਵਾਂਕੇ ਲਾਲ, ਬਿੰਦਰ ਕੁਮਾਰ, ਰਾਕੇਸ਼, ਗੁਰਦਿਆਲ ਚੰਦ, ਮਹੇਸ਼ ਕੁਮਾਰ, ਗੌਰਵ, ਕਮਲਜੀਤ ਬੈਂਸ, ਕੁਲਦੀਪ ਕਾਕਾ, ਅਜੇ ਲਾਲ, ਦਿਸ਼ਾਂਤ ਕੁਮਾਰ, ਅਮਨਦੀਪ ਕੁਮਾਰ, ਰਵੀ ਕੁਮਾਰ, ਅਨੁਜ ਕੁਮਾਰ, ਜਸਪ੍ਰੀਤ ਸਿੰਘ, ਰਾਮ ਨਿਵਾਜ ਬੋਧ, ਸੰਜੇ ਕੁਮਾਰ, ਰਾਮਾਨੰਦ ਮਾਸਟਰ, ਖਵਾਜਾ ਪ੍ਰਸ਼ਾਂਤ, ਰਾਜਕੁਮਾਰ, ਜਸਪਾਲ ਭੌਰਾ, ਦਵਿੰਦਰ ਸਿੰਘ, ਹਰਮੀਤ ਸਿੰਘ, ਅਸ਼ੋਕ ਕੁਮਾਰ, ਉਂਕਾਰ, ਰਣਜੀਤ ਕਲਸੀ, ਇੰਦਰਜੀਤ ਅੱਲਗ, ਡਾ: ਸੁਰਿੰਦਰ ਜੱਖੂ, ਰਮਨ ਸੋਢੀ ਭੱਟੀ ਅਤੇ ਵਿਜੇ ਮਹਿਮੀ ਆਦਿ ਹਾਜਰ ਸਨ।



# ਐਸਸੀ/ਐਸਟੀ ਐਕਟ ਸਬੰਧੀ ਪੰਜਾਬ ਵਿਧਾਨ ਸਭਾ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਹੋਣਾ ਸ਼ਲਾਘਾਯੋਗ - ਜੋਗਿੰਦਰ ਸਿੰਘ ਮਾਨ



**ਫਗਵਾੜਾ (ਰੱਤੂ)–** ਐਸ.ਸੀ./ਐਸ.ਟੀ. ਐਕਟ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ 'ਤੇ ਕੇਂਦਰ ਸਰਕਾਰ ਨੂੰ ਨਜ਼ਰਸਾਨੀ ਦੀ ਮੰਗ ਨੂੰ ਲੈ ਕੇ ਪੰਜਾਬ ਵਿਧਾਨਸਭਾ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕੀਤੇ ਜਾਣ ਦੀ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਭਰਪੂਰ ਸ਼ਲਾਘਾ ਕੀਤੀ ਹੈ। ਸ੍ਰ. ਮਾਨ ਜੋ ਕਿ ਇਸ ਸਮੇਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਹਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀ ਨਲਾਇਕੀ ਦੇ ਚਲਦਿਆਂ ਸੁਪਰੀਮ ਕੋਰਟ ਦਾ ਫੈਸਲਾ ਦਲਿਤ ਹਿਤਾਂ ਦੇ ਵਿਰੁੱਧ ਆਇਆ ਹੈ ਜਿਸ ਨਾਲ ਦਲਿਤ ਸਮਾਜ ਨੂੰ ਭਾਰੀ ਠੇਸ ਪੁੱਜੀ ਹੈ।

ਉਹਨਾਂ ਕਿਹਾ ਕਿ ਪਹਿਲਾਂ ਦਲਿਤ ਵਰਗ ਨਾਲ ਸਬੰਧਤ ਕਿਸੇ ਵਿਅਕਤੀ ਨੂੰ ਜਾਤੀ ਸੂਚਕ ਸ਼ਬਦ ਕਹੇ ਜਾਣ ਦੀ ਸੂਚਨਾ ਮਿਲਣ ਤੇ ਸਬੰਧਤ ਪੁਲਿਸ ਥਾਣਾ ਐਫ.ਆਈ.ਆਰ. ਦਰਜ ਕਰਨ ਲਈ ਪਾਬੰਦ ਸੀ ਪਰ ਹੁਣ ਸੁਪਰੀਮ ਕੋਰਟ ਦੇ ਨਿਰਦੇਸ਼ ਤੋਂ ਬਾਅਦ ਐਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਸੀਨੀਅਰ ਪੁਲਿਸ ਅਧਿਕਾਰੀ ਮਾਮਲੇ ਦੀ ਜਾਂਚ ਕਰਨਗੇ ਅਤੇ ਦੋਸ਼ੀ ਵਿਅਕਤੀ ਵਲੋਂ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਸ ਨਾਲ ਐਸ.ਸੀ./ਐਸ.ਟੀ. ਐਕਟ ਲਾਗੂ ਕਰਨ ਦਾ ਉਦੇਸ਼ ਹੀ ਖਤਮ ਹੋ ਜਾਵੇਗਾ। ਉਹਨਾਂ ਮੋਦੀ ਸਰਕਾਰ ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦਲਿਤ ਵਿਰੋਧੀ ਹੈ। ਸਰਕਾਰ ਨੇ ਪੁਖਤਾ ਤੌਰ ਤੇ ਇਸ ਐਕਟ ਦੀ ਸੁਪਰੀਮ ਕੋਰਟ ਵਿਚ ਪੈਰਵੀ ਨਹੀਂ ਕੀਤੀ। ਉਹਨਾਂ ਮੰਗ ਕੀਤੀ ਕਿ ਹੁਣ ਜਦਕਿ ਪੰਜਾਬ ਵਿਧਾਨਸਭਾ ਵਿਚ ਇਸ ਸਬੰਧੀ ਮਤਾ ਪਾਸ ਕਰਕੇ ਕੇਂਦਰ ਨੂੰ ਭੇਜਿਆ ਜਾ ਰਿਹਾ ਹੈ ਤਾਂ ਮੋਦੀ ਸਰਕਾਰ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਉਚੇਰੀ ਕਾਨੂੰਨੀ ਕਾਰਵਾਈ ਕਰੇ ਤਾਂ ਜੋ ਸੁਪਰੀਮ ਕੋਰਟ ਆਪਣੇ ਪਹਿਲੇ ਫੈਸਲੇ ਬਾਰੇ ਮੁੜ ਤੋਂ ਵਿਚਾਰ ਕਰੇ ਅਤੇ ਦਲਿਤਾਂ ਦੇ ਹਿਤਾਂ ਦੀ ਰਾਖੀ ਹੋ ਸਕੇ। ਇਕ ਹੋਰ ਸਵਾਲ ਦੇ ਜਵਾਬ ਵਿਚ ਸ੍ਰ. ਮਾਨ ਨੇ ਕਿਹਾ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਹਰ ਧਰਮ ਦਾ ਸਤਿਕਾਰ ਕਰਦੀ ਹੈ ਅਤੇ ਹਰ ਵਰਗ ਦੇ ਹਿਤਾਂ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਜਿਸ ਦੀ ਮਿਸਾਲ ਸੂਬਾ ਸਰਕਾਰ ਵਲੋਂ ਪ੍ਰਮੁੱਖ ਧਾਰਮਿਕ ਅਸਥਾਨਾ ਤੇ ਨਿਭਾਈ ਜਾਂਦੀ ਲੰਗਰਾਂ ਦੀ ਸੇਵਾ ਤੇ ਆਪਣੇ ਹਿੱਸੇ ਦਾ 50ਗ਼ ਜੀ.ਐਸ.ਟੀ. ਮਾਫ ਕਰਨ ਦੇ ਰੂਪ ਵਿਚ ਸਾਹਮਣੇ ਹੈ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਪੰਜਾਬ ਤੋਂ ਸਬਕ ਲੈਂਦੇ ਹੋਏ ਲੰਗਰਾਂ ਉਪਰ ਲਾਗੂ ਆਪਣੇ ਹਿੱਸੇ ਦਾ 50% ਜੀ.ਐਸ.ਟੀ. ਮਾਫ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸੂਬਾ ਕਾਂਗਰਸ ਸਕੱਤਰ ਅਵਤਾਰ ਸਿੰਘ ਪੰਡਵਾ, ਮਨੀਸ਼ ਭਾਰਦਵਾਜ, ਸਤਬੀਰ ਸਿੰਘ ਵਾਲੀਆ, ਬਲਾਕ ਫਗਵਾੜਾ ਸ਼ਹਿਰੀ ਪ੍ਰਧਾਨ ਸੰਜੀਵ ਬੁੱਗਾ, ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਕੌਂਸਲ, ਮਨੀਸ਼ ਪ੍ਰਭਾਕਰ, ਰਾਮਪਾਲ ਉੱਪਲ, ਜਤਿੰਦਰ ਵਰਮਾਨੀ, ਹਰਜੀ ਮਾਨ, ਸਾਧੂ ਰਾਮ ਪੀਪਾਰੰਗੀ, ਗੋਪੀ ਬੇਦੀ, ਸਨੀ ਬਾਂਸਲ ਆਦਿ ਮੌਜੂਦ ਸਨ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਬੇ ਏਰੀਆ) ਦੀ ਮੀਟਿੰਗ ਮਾਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਹੋਈ

**ਬੇ ਏਰੀਆ–** ਬੀਤੀ 18 ਮਾਰਚ 2018 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਬੇ ਏਰੀਆ) ਦੀ ਮੀਟਿੰਗ ਮਾਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਹੋਈ। ਸਭ ਤੋਂ ਪਹਿਲਾਂ ਅਕਾਦਮੀ ਵਲੋਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਲਾਜ ਸੈਣੀ ਜੀ ਆਤਮਿਕ ਸ਼ਾਂਤੀ ਵਾਸਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਅਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਬੀਤੇ ਸਾਲ 2017 ਵਿੱਚ ਵਿਪਸਾਅ ਵਲੋਂ ਕੀਤੀਆਂ ਸਾਹਿਤਕ ਸਰਗਰਮੀਆਂ ਦਾ ਲੇਖਾ ਜੋਖਾ ਕੀਤਾ ਗਿਆ। 2017 ਵਿੱਚ ਚਾਰ ਬਹੁਤ ਹੀ ਮਹੱਤਵਪੂਰਨ ਸਮਾਗਮ ਸਫਲ ਸਮਾਗਮ ਕੀਤੇ ਗਏ ਜਿਸ ਦੀ ਸਾਰਿਆਂ ਨੇ ਸਲਾਘਾ ਕੀਤੀ। ਸਾਲ 2017 ਵਿਚ ਵਿਪਸਾਅ ਦੀ ਆਮਦਨ ਅਤੇ ਖਰਚ ਦਾ ਹਿਸਾਬ ਜਨਾਬ ਤਾਰਾ ਸਾਗਰ ਜੀ ਨੇ ਦਿੱਤਾ। ਤਾਰਾ ਸਾਗਰ ਜੀ ਦੇ ਕੰਮ ਦੀ ਸਾਰਿਆਂ ਨੇ ਪ੍ਰਸੰਸਾ ਕੀਤੀ। ਅਕਾਦਮੀ ਦੀ ਕਾਰਵਾਈ ਪ੍ਰਧਾਨ ਸੁਖਵਿੰਦਰ ਕੰਬੋਜ ਜੀ ਦੀ ਆਗਿਆ



ਅਨੁਸਾਰ ਜਨਾਬ ਕੁਲਵਿੰਦਰ ਵਲੋਂ ਪ੍ਰੋਫੈਸਰ ਅਮਰਜੀਤ ਪਨੂੰ ਦੀ ਕਹਾਣੀ 'ਮੜੀਆਂ ਦੀ ਮਿੱਟੀ' ਉਤੇ ਵਿਚਾਰ ਵਟਾਂਦਰਾ ਕਰਨ ਵਾਸਤੇ ਸੱਦਾ ਦਿੱਤਾ ਗਿਆ। ਸਭ ਤੋਂ ਪਹਿਲਾਂ ਕਹਾਣੀ ਉਪਰ ਸੁਰਿੰਦਰ ਸੀਰਤ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ ਉਸ ਤੋਂ ਬਾਅਦ ਗੁਲਸ਼ਨ ਦਿਆਲ, ਕਮਲ ਦੇਵ ਪਾਲ, ਨੀਲਮ ਸੈਣੀ ਜੀ ਨੇ ਆਪਣੇ ਆਪਣੇ ਨਜ਼ਰੀਏ ਤੋਂ ਵਿਚਾਰ ਰੱਖੇ।

ਅਕਾਦਮੀ ਨੇ ਇਹ ਫ਼ੈਸਲਾ ਕੀਤਾ ਕੇ 6 ਅਕਤੂਬਰ 2018 ਨੂੰ ਇੱਕ ਕਾਨਫਰੰਸ ਕੀਤੀ ਜਾਵੇਗੀ। ਜਿਸ ਬਾਰੇ ਵਿਸਥਾਰ ਨਾਲ ਅਗਲੀ ਮੀਟਿੰਗ ਵਿੱਚ ਫੈਸਲੇ ਲਏ ਜਾਣਗੇ। ਅਗਲੀ ਮੀਟਿੰਗ 22 ਅਪ੍ਰੈਲ 2018 ਨੂੰ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿੱਚ 12:00 ਤੋਂ 4:00 ਵਜੇ ਤੱਕ ਹੋਵੇਗੀ। ਇਹ ਮੀਟਿੰਗ ਸਵਰਗਵਾਸੀ ਲਾਜ ਸੈਣੀ ਜੀ ਨੂੰ ਸਮਰਪਿਤ ਹੋਵੇਗੀ। ਇਸ ਮੀਟਿੰਗ ਵਿਚ ਜਨਾਬ ਤਾਰਾ ਸਾਗਰ ਦੀ ਕਹਾਣੀ ਉੱਪਰ ਵਿਚਾਰ ਚਰਚਾ ਹੋਵੇਗੀ।

ਸਭ ਤੋਂ ਅਖੀਰ ਵਿਚ ਆਏ ਹੋਏ ਮੈਂਬਰਾਂ ਵਲੋਂ ਕਵਿਤਾਵਾਂ ਦਾ ਪਾਠ ਕੀਤਾ ਗਿਆ। ਇਸ ਹਿੱਸੇ ਦੀ ਪ੍ਰਧਾਨਗੀ ਜਨਾਬ ਸੁਰਿੰਦਰ ਸੀਰਤ ਅਤੇ ਜਨਾਬ ਦਵਿੰਦਰ ਦਮਨ ਜੀ ਨੇ ਕੀਤੀ। ਸਭ ਤੋਂ ਪਹਿਲਾਂ ਪ੍ਰੋਫੈਸਰ ਅਮਰਜੀਤ ਪਨੂੰ ਜੀ ਨੇ ਅੰਗਰੇਜ਼ੀ ਵਿਚ ਕਵਿਤਾ ਪੜੀ ਫਿਰ ਬਾਰੋ ਬਾਰੀ ਗੁਰਦੀਪ ਸਿੰਘ, ਤਾਰਾ ਸਾਗਰ, ਅਮਰਜੀਤ ਜੋਹਲ, ਗੁਲਸ਼ਨ ਦਿਆਲ, ਨੀਲਮ ਸੈਣੀ, ਕਮਲ ਪਾਲ, ਕੁਲਵਿੰਦਰ, ਸੁਰਿੰਦਰ ਸੀਰਤ ਅਤੇ ਦੇਵਿੰਦਰ ਦਮਨ ਜੀ ਹਾਜ਼ਰੀ ਲਗਵਾਈ। ਮੀਟਿੰਗ ਦੀ ਕਾਰਵਾਈ ਜਨਰਲ ਸਕੱਤਰ ਜਨਾਬ ਕੁਲਵਿੰਦਰ ਜੀ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਫਿਰ ਸਾਰਿਆਂ ਨੇ 22 ਅਪ੍ਰੈਲ 2018 ਨੂੰ ਮਿਲਣ ਦੇ ਵਾਧੇ ਨਾਲ ਵਿਦਾਇਗੀ ਲਈ। ਦਵਿੰਦਰ ਦਮਨ ਜੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਬਲਕਾਰ ਸਿੰਘ ਸੰਧੂ ਸਰਬਸੰਮਤੀ ਨਾਲ ਬਣੇ ਲੁਧਿਆਣਾ ਦੇ ਮੇਅਰ

**ਲੁਧਿਆਣਾ–** ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਲਈ ਕਾਂਗਰਸੀ ਕੌਂਸਲਰ ਬਲਕਾਰ ਸਿੰਘ ਸੰਧੂ ਨੂੰ ਛੇਵੇਂ ਮੇਅਰ ਵਜੋਂ ਚੁਣ ਲਿਆ ਗਿਆ। ਇਸ ਦੌਰਾਨ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ ਲਈ ਸ਼ਾਮ ਸੁੰਦਰ ਮਲਹੋਤਰਾ ਅਤੇ ਡਿਪਟੀ ਮੇਅਰ ਲਈ ਸਰਬਜੀਤ ਕੌਰ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਤੋਂ ਪਹਿਲਾਂ ਡਿਵੀਜ਼ਨਲ ਕਮਿਸ਼ਨਰ ਵੀ ਕੇ ਮੀਨਾ ਨੇ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਅਹੁਦੇ ਦੀ ਸਹੁੰ



ਚੁਕਾਈ। ਬਾਅਦ ਵਿੱਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਲਿਫ਼ਾਫ਼ਾ ਖੋਲ੍ਹ ਕੇ ਉਸ ਵਿੱਚੋਂ ਬਲਕਾਰ ਸਿੰਘ ਸੰਧੂ, ਸ਼ਾਮ ਸੁੰਦਰ ਮਲਹੋਤਰਾ ਅਤੇ ਸਰਬਜੀਤ ਕੌਰ ਦੇ ਨਾਂ ਦੀ ਪਰਚੀ ਕੱਢੀ। ਪਰਚੀ ਕੱਢਣ ਤੋਂ ਪਹਿਲਾਂ ਮੇਅਰ ਦੇ ਅਹੁਦੇ ਲਈ ਬਲਕਾਰ ਸਿੰਘ ਸੰਧੂ ਦਾ ਨਾਮ ਕੌਂਸਲਰ ਮਮਤਾ ਆਸ਼ੂ ਅਤੇ ਗੁਰਦੀਪ ਸਿੰਘ ਨੀਟੂ ਨੇ ਪੇਸ਼ ਕੀਤਾ, ਜਿਸ ਨੂੰ ਸਾਰੇ ਹਾਊਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਹਾਊਸ ਦੀ ਕਾਰਵਾਈ ਚਲਾਉਣ ਲਈ ਸਾਰੇ ਕੌਂਸਲਰਾਂ ਨੇ ਰਾਕੇਸ਼ ਪਰਾਸ਼ਰ ਨੂੰ ਸਭਾਪਤੀ ਚੁਣਿਆ। ਮੇਅਰ ਚੁਣੇ ਜਾਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਕਾਰ ਸਿੰਘ ਸੰਧੂ ਨੇ ਕਿਹਾ ਕਿ ਉਹ ਪਾਰਟੀ ਪੱਧਰ ਤੋਂ ਉਪਰ ਉਠ ਕੇ ਸ਼ਹਿਰ ਦੇ ਵਿਕਾਸ ਲਈ ਉਪਰਾਲੇ ਕਰਨਗੇ। ਸਮਾਗਮ ਵਿੱਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਰਾਜਸੀ ਸਕੱਤਰ ਕੈਪਟਨ ਸੰਦੀਪ ਸੰਧੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਵਿਧਾਇਕ ਰਾਕੇਸ਼ ਪਾਂਡੇ, ਭਾਰਤ ਭੂਸ਼ਨ ਆਸ਼ੂ, ਸੁਰਿੰਦਰ ਡਾਵਰ, ਸੰਜੇ ਤਲਵਾੜ, ਡਿਪਟੀ ਕਮਿਸ਼ਨਰ ਪ੍ਰਦੀਪ ਅਗਰਵਾਲ, ਨਿਗਮ ਕਮਿਸ਼ਨਰ ਜਸਕਿਰਨ ਸਿੰਘ ਆਦਿ ਵੀ ਸਮਾਗਮ ਦੌਰਾਨ ਹਾਜ਼ਰ ਸਨ। ਨਗਰ ਨਿਗਮ ਲੁਧਿਆਣਾ ਦੇ 95 ਵਾਰਡਾਂ ਦੀ ਹੋਈ ਚੋਣ ਦੌਰਾਨ ਕਾਂਗਰਸ ਪਾਰਟੀ ਨੇ 62 ਸੀਟਾਂ 'ਤੇ ਜਿੱਤ ਦਰਜ ਕਰਕੇ ਬਹੁਮਤ ਹਾਸਿਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਨੂੰ 11, ਭਾਰਤੀ ਜਨਤਾ ਪਾਰਟੀ ਨੂੰ 10, ਲੋਕ ਇਨਸਾਫ਼ ਪਾਰਟੀ ਨੂੰ 7, ਆਜ਼ਾਦ 4 ਅਤੇ ਆਮ ਆਦਮੀ ਪਾਰਟੀ ਨੂੰ ਇੱਕ ਸੀਟ ਮਿਲੀ ਸੀ।

# ਬਰਾਕ ਓਬਾਮਾ ਦਾ ਨਿਊਜ਼ੀਲੈਂਡ ਪਹੁੰਚਣ 'ਤੇ ਭਰਵਾਂ ਸਵਾਗਤ

## ਓਬਾਮਾ ਨੂੰ ਦਿੱਤੇ ਰਾਤਰੀ ਭੋਜਨ ਦੇ ਵਿਚ 1000 ਦੇ ਕਰੀਬ ਸੱਦਾ ਪੱਤਰ ਉਤੇ ਪਹੁੰਚੇ ਖਾਸ-ਖਾਸ ਲੋਕ-ਕਈ ਭਾਰਤੀ ਲੋਕਾਂ ਨੂੰ ਵੀ ਮਿਲਿਆ ਮੌਕਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਭਾਵੇਂ ਕੱਲ੍ਹ ਨਿਊਜ਼ੀਲੈਂਡ ਪਹੁੰਚ ਗਏ ਸਨ ਅਤੇ ਸਾਰਾ ਦਿਨ ਗੋਲਫ ਮੈਚ ਖੇਡ ਕੇ ਥਕਾਵਟ ਲਾਹ ਰਹੇ ਸਨ ਪਰ ਅੱਜ ਉਨ੍ਹਾਂ ਦਾ ਸਰਕਾਰੀ ਤੌਰ ਉਤੇ ਗਵਰਨਰ ਹਾਊਸ ਆਕਲੈਂਡ ਵਿਖੇ ਰਸਮੀ ਸਵਾਗਤ ਕੀਤਾ ਗਿਆ। ਮਾਓਰੀ ਰਸਮ 'ਪੋਅਹਿਰੀ' ਦੇ ਨਾਲ ਉਨ੍ਹਾਂ ਨੂੰ ਜੀ ਆਇਆਂ ਆਖਿਆਂ ਗਿਆ ਅਤੇ ਹਾਜ਼ਰੀਨ ਸਾਰੇ ਪਤਵੰਤਿਆਂ ਨੇ ਉਨ੍ਹਾਂ ਦੇ ਨੱਕ ਨਾਲ ਨੱਕ ਮਿਲਾ ਕੇ ਸਵਾਸਾਂ ਦੀ ਸਾਂਝ ਪਾਈ। ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਨੇ ਵੀ ਉਨ੍ਹਾਂ ਨਾਲ ਲਗਭਗ ਇਕ ਘੰਟਾ ਮੁਲਾਕਾਤ ਕੀਤੀ ਜਿਸ ਦੇ ਵਿਚ ਦੋਵਾਂ ਦੇਸ਼ਾਂ ਦਰਮਿਆਨ ਆਪਸੀ ਸਬੰਧਾਂ ਬਾਰੇ ਗੱਲਬਾਤ ਕੀਤੀ। ਇਸ ਤੋਂ ਬਾਅਦ ਇਕ ਵੱਡਾ ਰਾਤਰੀ ਭੋਜ ਰੱਖਿਆ ਗਿਆ ਸੀ ਜਿਸ ਦੇ ਵਿਚ 1000 ਦੇ ਕਰੀਬ ਖਾਸ-ਖਾਸ ਲੋਕ ਪਹੁੰਚੇ ਜਿਨ੍ਹਾਂ ਨੂੰ ਵਿਸ਼ੇਸ਼ ਸੱਦਾ ਪੱਤਰ ਦਿੱਤੇ ਗਏ ਸਨ। ਇਨ੍ਹਾਂ ਦੇ ਵਿਚ ਕੁਝ ਭਾਰਤੀ ਲੋਕ ਵੀ ਸ਼ਾਮਿਲ ਹੋਏ। ਜਿਨ੍ਹਾਂ ਵਿਚ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਅਤੇ ਆਕਲੈਂਡ ਤੋਂ ਆਨਰੇਰੀ ਭਾਰਤੀ ਕੌਂਸਲੇਟ ਸ. ਭਵ ਢਿੱਲੋਂ ਸ਼ਾਮਿਲ ਸਨ। ਭੋਜਨ ਦੌਰਾਨ ਲਗਪਗ ਸਵਾ ਘੰਟਾ ਉਨ੍ਹਾਂ ਦੇ ਨਾਲ ਸਵਾਲ-ਜਵਾਬ ਦਾ ਸਿਲਸਿਲਾ ਪ੍ਰਸਿੱਧ ਐਕਟਰ ਸ੍ਰੀ ਸੈਮ ਨੇਇਲ ਨੇ ਚਲਾਇਆ। ਬਾਰਿਕ ਓਬਾਮਾ ਨੇ ਇਕ ਸਵਾਲ ਦੇ ਜਵਾਬ ਵਿਚ ਮਜ਼ਾਕ ਕਰਦਿਆਂ ਕਿਹਾ ਕਿ ਉਹ ਨਿਊਜ਼ੀਲੈਂਡ ਇਸ ਕਰਕੇ ਆਏ ਹਨ ਤਾਂ ਕਿ ਆਪਣੀ ਪਤਨੀ ਦੇ ਲਈ ਕੁਝ ਕੰਮ ਆਦਿ ਕਰਨ ਬਾਰੇ ਪਤਾ ਕਰ ਸਕਣ। ਉਨ੍ਹਾਂ ਨੇ ਆਪਣੇ ਰਾਸ਼ਟਰਪਤੀ ਕਾਲ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਵੀ ਦੱਸਿਆ ਅਤੇ ਔਰਤਾਂ ਦੀ ਲੀਡਰਸ਼ਿੱਪ ਦੇ ਵਿਚ ਭੂਮਿਕਾ ਉਤੇ ਵੀ ਵਿਚਾਰ ਦਿੱਤੇ। 2011 ਦੇ ਵਿਚ ਮਾਰੇ ਗਏ ਅੱਤਵਾਦੀ ਓਸਾਮਾ ਬਿਨ ਲਾਦੇਨ ਬਾਰੇ ਵੀ ਉਨ੍ਹਾਂ ਕੁਝ ਪ੍ਰਸ਼ਨਾਂ ਦੇ ਉਤਰ ਦਿੱਤੇ। ਉਨ੍ਹਾਂ ਨੇ ਚਿੱਟੇ ਰੰਗ ਦੀ ਕਮੀਜ਼ ਪਾਈ ਅਤੇ ਕੋਟ ਪੈਂਟ ਪਾਇਆ ਸੀ ਪਰ ਟਾਈ ਨਹੀਂ ਸੀ ਲਾਈ। ਇਸ ਬਾਰੇ ਉਨ੍ਹਾਂ ਕਿਹਾ ਕਿ ਉਹ ਮਜ਼ਬੂਰੀ ਵੱਸ ਟਾਈ ਪਹਿਨਦੇ ਰਹੇ ਹਨ ਪਰ ਹੁਣ ਨਹੀਂ ਪਹਿਨਣਾ ਚਾਹੁੰਦੇ। ਉਹ ਸਿਰਫ ਵਿਆਹ, ਅੰਤਿਮ ਸੰਸਕਾਰ ਜਾਂ ਕਿਸੀ ਕੁਈਨ ਦੇ ਨਾਲ ਮੀਟਿੰਗ ਵੇਲੇ ਹੀ ਟਾਈ ਪਹਿਨਦੇ ਹਨ।





# ਭਾਰਤੀ ਵਿਦਿਆਰਥੀਆਂ ਨਾਲ ਰੁੱਸ ਗਈ ਇੰਮੀਗ੍ਰੇਸ਼ਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਇਮੀਗ੍ਰੇਸ਼ਨ ਵਿਭਾਗ ਸ਼ਾਇਦ ਅੰਤਰਰਾਸ਼ਟਰੀ ਖਾਸ ਕਰ ਭਾਰਤੀ ਵਿਦਿਆਰਥੀਆਂ ਅਤੇ ਫਾਈਲਾਂ ਲਗਾਉਣ ਵਾਲੇ ਏਜੰਟਾਂ ਨਾਲ ਰੁੱਸਿਆ ਲਗਦਾ ਹੈ ਕਿਉਂਕਿ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦੇ ਦਫਤਰਾਂ ਤੋਂ ਲੱਗਣ ਵਾਲੇ ਬਹੁਤੇ ਵੀਜ਼ੇ ਅਸਵੀਕਾਰ (ਡਿਕਲਾਇਨਡ) ਕੀਤੇ ਗਏ ਹਨ। ਜਿਹੜੇ ਏਜੰਟਾਂ ਨੇ ਘੱਟੋ-ਘੱਟ 10 ਅਰਜੀਆਂ ਵਿਦਿਆਰਥੀ ਵੀਜ਼ੇ ਵਾਸਤੇ ਲਗਾਈਆਂ ਸਨ ਉਨ੍ਹਾਂ ਦੀ ਮੁਲਾਂਕਣ ਕੀਤਾ ਜਾਵੇ ਤਾਂ ਸਫਲ ਅਰਜ਼ੀਆਂ ਹੋਣ ਦੀ ਦਰ 9% ਤੋਂ 98% ਰਹੀ ਹੈ। ਜਿਨ੍ਹਾਂ ਦੀ ਦਰ 9% ਰਹੀ ਹੋਵੇ ਉਹ ਬਹੁਤ ਹੀ ਮਾੜੇ ਏਜੰਟਾਂ ਦੀ ਸ਼੍ਰੇਣੀ ਵਿਚ ਗਿਣੇ ਜਾ ਰਹੇ ਹਨ। ਵੀਅਤਨਾਮ, ਫਿਲਪਾਇਨਜ਼ ਅਤੇ ਭਾਰਤ ਤੋਂ ਹੁੰਦੇ ਵਿਦਿਆਰਥੀ ਵੀਜ਼ਾ ਪ੍ਰੋਸਸ ਦੇ ਨਤੀਜੇ ਲਗਾਤਾਰ ਹੇਠਾਂ ਜਾ ਰਹੇ ਹਨ। ਕੁਝ ਏਜੰਟਾਂ ਦੇ ਭਰੇ ਕਾਗਜ਼ ਨਿੱਕੀਆਂ-ਨਿੱਕੀਆਂ ਗਲਤੀਆਂ ਕਾਰਨ ਅਸਵੀਕਾਰ ਕਰਕੇ ਵੀਜ਼ੇ ਤੋਂ ਨਾਂਹ ਕੀਤੀ ਜਾ ਰਹੀ ਹੈ। ਪਿਛਲੇ ਸਾਲ 9117 ਅਰਜ਼ੀਆਂ ਦੇ ਵਿਚੋਂ 70% ਪਾਸ ਹੋਈਆਂ ਸਨ ਜੋ ਕਿ ਉਸ ਤੋਂ ਪਿਛਲੇ ਸਾਲ ਨਾਲੋਂ 50% ਜਿਆਦਾ ਸਨ ਪਰ ਇਥੇ ਇਹ ਵੀ ਗੱਲ ਨੋਟ ਕੀਤੀ ਗਈ ਹੈ ਕਿ 34 ਏਜੰਟਾਂ ਵੱਲੋਂ ਭਰੀਆਂ ਅਰਜ਼ੀਆਂ ਵਿਚ 50% ਨੂੰ ਅਸਵੀਕਾਰ ਕੀਤਾ ਗਿਆ। ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਪਹਿਲੀ ਵਾਰ ਵੀਅਤਨਾਮ ਅਤੇ ਫਿਲਪਾਈਨਜ਼ ਵੀਜ਼ਾ ਦਫਤਰ ਪਹੁੰਚੀਆਂ ਅਰਜ਼ੀਆਂ ਲਗਾਉਣ ਵਾਲੇ ਏਜੰਟਾਂ ਬਾਰੇ ਅੰਕੜੇ ਪ੍ਰਕਾਸ਼ਿਤ ਕੀਤੇ ਹਨ। ਫਿਲਪਾਇਨਜ਼ ਦਫਤਰ ਵੱਲੋਂ 1494 ਵਿਦਿਆਰਥੀ ਵੀਜ਼ਾ ਅਰਜੀਆਂ ਵਿਚੋਂ 77% ਸਫਲ ਰਹੀਆਂ ਜਦ ਕਿ ਵੀਅਤਨਾਮ ਦਫਤਰ ਪਹੁੰਚੀਆਂ 1232 ਅਰਜ਼ੀਆਂ ਵਿਚੋਂ 78% ਸਫਲ ਰਹੀਆਂ। ਇਨ੍ਹਾਂ ਅਰਜ਼ੀਆਂ ਨਾਲ ਸਬੰਧਿਤ ਕੁਝ ਏਜੰਟਾਂ ਲਈ ਸਫਲਤਾ ਦਰ 40% ਤੱਕ ਹੀ ਰਹੀ।




ਇਮੀਗ੍ਰੇਸ਼ਨ ਮੈਟਰਜ਼ ਪਾਪਾਟੋਏਟੋਏ ਵਾਲਿਆਂ ਦਾ ਅਜਿਹੇ ਮਾਮਲਿਆਂ ਵਿਚ 30% ਸਫਲ ਰੇਟ ਰਿਹਾ ਅਤੇ ਉਨ੍ਹਾਂ ਕਿਹਾ ਕਿ ਮੁੰਬਈ ਸਟਾਫ ਇੰਟਰਵਿਊਜ਼ ਦੌਰਾਨ ਅਰਜ਼ੀਦਾਤਾ ਦੀਆਂ ਨਿੱਕੀਆਂ-ਨਿੱਕੀਆਂ ਗਲਤੀਆਂ ਲੈ ਕੇ ਵੀਜ਼ੇ ਤੋਂ ਨਾਂਹ-ਨੁੱਕਰ ਕਰ ਦਿੰਦਾ ਹੈ। ਉਦਾਹਰਣ ਦੇ ਤੌਰ 'ਤੇ ਸ. ਸਿੱਧੂ ਨੇ ਦੱਸਿਆ ਕਿ ਜੇਕਰ ਕੋਈ ਕੁੱਕਰੀ ਕੋਰਸ ਵਾਸਤੇ ਆਉਂਣਾ ਚਾਹੁੰਦਾ ਹੈ ਤਾਂ ਇੰਟਰਵਿਊ ਦੌਰਾਨ ਹੈਮਬਰਗਰ ਬਨਾਉਣ ਨਹੀਂ ਦੱਸ ਪਾਉਂਦਾ ਤਾਂ ਉਸਦਾ ਵੀਜ਼ਾ ਨਕਾਰ ਦਿੱਤਾ ਜਾਂਦਾ ਹੈ। ਸ. ਸਿੱਧੂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਕੰਪਨੀ ਦਾ ਨਿਊਜ਼ੀਲੈਂਡ ਦਫਤਰ ਨਾਲ ਕੰਮ ਕਰਨ ਦਾ ਸਫਲ ਰੇਟ ਬਹੁਤ ਜਿਆਦਾ(90%) ਹੈ ਜੋ ਕਿ ਇਮੀਗ੍ਰੇਸ਼ਨ ਨੇ ਕਦੇ ਨਹੀਂ ਦੱਸਿਆ। ਉਨ੍ਹਾਂ ਕਿਹਾ ਕਿ ਦੇਸ਼ ਤੋਂ ਬਾਹਰ ਵਾਲਿਆਂ ਦੀ ਅਰਜ਼ੀ ਲਗਾਉਣ ਵਾਲੇ ਅੰਕੜੇ ਪ੍ਰਕਾਸ਼ਿਤ ਕਰਨ ਉਤੇ ਉਨ੍ਹਾਂ ਦੇ ਬਿਜ਼ਨਸ ਉਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ 2014 ਦੇ ਵਿਚ ਉਨ੍ਹਾਂ ਪਹਿਲੇ ਸਾਲ ਅਜਿਹੇ 50 ਕੇਸ ਲਾਏ ਸਨ ਤੇ ਪਿਛਲੇ ਸਾਲ ਮਸਾਂ 5 ਜਾਂ 6 ਕੇਸ ਤੇ ਹੁਣ ਇਸ ਸਾਲ ਅਜਿਹਾ ਕੋਈ ਕੇਸ ਨਹੀਂ ਲਾਇਆ।

ਆਈ. ਡੀ. ਪੀ. ਕੰਪਨੀ ਦਾ ਪਿਛਲੇ ਸਾਲ ਭਾਰਤ, ਵੀਅਤਨਾਮ ਅਤੇ ਫਿਲਪਾਇਨਜ਼ ਦਫਤਰ ਤੋਂ 200 ਕੇਸ ਪਾਸ ਹੋਏ ਸਨ ਅਤੇ ਇਸ ਕੰਪਨੀ ਦਾ ਸਫਲ ਰੇਟ ਸਭ ਤੋਂ ਜਿਆਦਾ ਸੀ।

ਇਨ੍ਹਾਂ ਦਿਨਾਂ ਦੇ ਵਿਚ ਓਦਾਂ ਵੀ ਇਹ ਚਰਚਾ ਰਹਿੰਦੀ ਹੈ ਕਿ ਕਾਮੇ ਨਹੀਂ ਲੱਭਦੇ। ਨਵੇਂ ਵਿਦਿਆਰਥੀ ਆਉਣੇ ਘੱਟ ਹੋ ਗਏ ਹਨ ਕਾਲਜਾਂ ਉਤੇ ਵੀ ਸ਼ਿਕੰਜਾ ਕੱਸਿਆ ਜਾ ਚੁੱਕਾ ਹੈ।

ਉਚੇ ਲੈਵਲ ਦੀਆਂ ਪੜ੍ਹਾਈਆਂ ਹੋਣ ਕਰਕੇ ਛੋਟੇ ਕੰਮਾਂ ਵੱਲ ਲੋਕ ਘੱਟ ਆਕਰਿਸ਼ਤ ਹੋ ਰਹੇ ਹਨ। ਏਅਰਪੋਰਟਾਂ ਦੇ ਉਤੇ ਨਵੇਂ ਆਏ ਵਿਦਿਆਰਥੀਆਂ ਦੀ ਰੌਣਕ ਘਟਣ ਲੱਗੀ ਹੈ, ਕਈ ਕਾਲਜਾਂ ਦੇ ਮਾਲਕ ਔਖੇ ਸਮੇਂ ਦੇ ਵਿਚ ਲੰਘ ਰਹੇ ਹਨ। ਵਿਦਿਆਰਥੀ ਦੁਬਾਰਾ ਤੋਂ ਪੜ੍ਹਾਈ ਲੈ ਕੇ ਇਥੇ ਸੈਟਲ ਹੋਣ ਦੀ ਕੋਸ਼ਿਸ ਵਿਚ ਹਨ।

# ਸਰੋਮਣੀ ਨਾਟਕਕਾਰ ਦਵਿੰਦਰ ਦਮਨ ਅਜਕਲ੍ਹ ਨੌਰਥ ਅਮਰੀਕਾ ਦੇ ਦੌਰੇ 'ਤੇ

**ਚੰਡੀਗੜ੍ਹ-** ਪ੍ਰਸਿੱਧ ਰੰਗਕਰਮੀ ਅਤੇ ਸਰੋਮਣੀ ਨਾਟਕਕਾਰ ਦਵਿੰਦਰ ਦਮਨ ਅਜ ਕਲ੍ਹ ਨੌਰਥ ਅਮਰੀਕਾ ਦੇ ਦੌਰੇ ਤੇ ਹਨ। ਹੌਲੀਵੁੱਡ ਵਿਚ ਅਪਣੀ ਅੰਗਰੇਜੀ ਫਿਲਮ 'ਜਨਵਰੀ' ਦਾ ਪੋਸਟ ਪਰੋਡਕਸਨ ਕੰਮ ਸਮਾਪਤ ਕਰਨ ਉਪਰੰਤ ਉਹ ਨੌਰਥ ਅਮਰੀਕਾ ਦੀਆਂ ਸਾਹਿਤਕ ਅਤੇ ਰੰਗਮੰਚੀ ਸੰਸਥਾਵਾਂ ਨਾਲ ਸੰਪਰਕ ਕਰ ਰਹੇ ਹਨ। ਇਸੇ ਕਰਮ ਅਧੀਨ ਉਹਨਾਂ ਨੇ ਕੈਲੀਫੋਰਨੀਆ ਦੀ ਵੱਡੀ ਸਾਹਿਤਕ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ' ਦਾ ਦੌਰਾ ਕੀਤਾ। ਅਕਾਦਮੀ ਦੇ ਪ੍ਰਧਾਨ ਸ੍ਰੀ ਸੁਖਵਿੰਦਰ ਸਿੰਘ ਕੰਬੋਜ ਨੇ ਦਮਨ ਜੀ ਨੂੰ ਜੀ ਆਇਆਂ ਆਖਿਆ ਅਤੇ ਉਹਨਾਂ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਦੇਣ ਦੀ ਸਲਾਘਾ ਕੀਤੀ। ਅਕਾਦਮੀ ਵਲੋਂ ਦਮਨ ਦੇ ਨਵੇਂ ਨਾਟਕ 'ਗਦਰ-ਗਾਥਾ' ਨੂੰ ਰਲੀਜ ਕੀਤਾ ਗਿਆ। ਦਵਿੰਦਰ ਦਮਨ ਨੇ ਅਪਣੇ ਰੰਗਮੰਚ ਕਰਮ ਅਤੇ ਨਾਟਕ ਸਿਰਜਣਾ ਦੇ ਲੰਬੇ ਸਫਰ ਵਾਰੇ ਅਪਣੇ ਵਿਚਾਰ ਦਰਸਕਾਂ ਨਾਲ ਸਾਂਝੇ ਕੀਤੇ। ਇਸ ਮੌਕੇ ਤੇ ਹਾਜਰ ਸਾਹਿਤਕਰਮੀਆਂ ਨੇ ਅਪਣੀਆਂ ਰਚਨਾਵਾਂ ਸਰੋਤਿਆਂ ਦੇ ਸਨਮੁੱਖ ਕੀਤੀਆਂ । ਜਿਨ੍ਹਾਂ ਵਿਚ ਸੁਰਿੰਦਰ ਸਿੰਘ ਸੀਰਤ, ਨੀਲਮ ਸੈਣੀ, ਤਾਰਾ ਸਾਗਰ, ਪ੍ਰੋ. ਅਮਰਜੀਤ ਪਨੂੰ, ਸ੍ਰੀ ਕੰਵਲ, ਕੁਲਵਿੰਦਰ, ਗੁਲਸਨ ਦਿਆਲ ਆਦਿ ਦੇ ਨਾਂ ਵਰਨਣਜੋਗ ਹਨ।



# ਰੋਜ਼ਵਿਲ, ਕੈਲੇਫੋਰਨੀਆ ਗੁਰਦੁਆਰਾ ਸਾਹਿਬ ਵਿਚ 'ਹੋਲਾ ਮਹੱਲਾ' ਸਮਾਗਮ ਅਤੇ ਕਬੱਡੀ ਮੈਚ

**ਰੋਜ਼ਵਿਲ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਗੁਰਦੁਆਰਾ ਸਾਹਿਬ ਰੋਜ਼ਵਿਲ ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ 'ਹੋਲਾ ਮਹੱਲਾ' ਦਾ ਤਿਉਹਾਰ ਮਨਾਇਆ ਗਿਆ ਤੇ ਇਸਦੇ ਨਾਲ ਹੀ ਕਬੱਡੀ ਮੈਚ ਦਾ ਆਯੋਜਨ ਕੀਤਾ ਗਿਆ। ਹੋਲੇ ਮਹੱਲੇ ਦੌਰਾਨ ਐਤਵਾਰ ਨੂੰ ਸਜੇ ਦੀਵਾਨਾਂ ਵਿਚ ਕੀਰਤਨੀਏ, ਕਵੀਸ਼ਰ ਤੇ ਢਾਡੀਆਂ ਨੇ ਮਨੋਹਰ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਤੇ ਇਸ ਦੌਰਾਨ ਸੰਗਤਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰ ਜਿਵੇਂ ਗੰਨੇ ਦਾ ਰਸ, ਜਲੇਬੀਆਂ ਅਤੇ ਮੁਫਤ ਧਾਰਮਿਕ ਸਾਹਿਤ ਵੰਡਿਆ ਗਿਆ। ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੀਆਂ ਨਾਲ ਲੱਗਦੀਆਂ ਖੇਡ ਗਰਾਊਂਡਾਂ ਵਿਚ ਕਬੱਡੀ ਦੇ ਮੈਚ ਕਰਵਾਏ ਗਏ, ਜਿਸ ਦੌਰਾਨ ਅੰਡਰ 25 ਅਤੇ ਓਪਨ ਮੈਚ ਹੋਏ, ਜਿਸ ਦੌਰਾਨ ਸੈਕਰਾਮੈਂਟੋ ਕਿੰਗਜ਼, ਸੈਨ-ਹੋਜ਼ੇ ਨੂੰ ਹਰਾ ਕੇ ਜੇਤੂ ਰਿਹਾ।
ਓਪਨ ਵਿਚ ਰੋਜ਼ਵਿਲ ਸਪੋਰਟਸ ਕਲੱਬ ਨੇ ਯੂਬਾ ਸਿਟੀ ਨੂੰ ਸਿਰਫ ਡੇਢ ਪੁਆਇੰਟ 'ਤੇ ਜੇਤੂ ਰਿਹਾ। ਥੋੜ੍ਹੇ ਸਮੇਂ ਵਿਚ ਇਸ ਧਾਰਮਿਕ ਤੇ ਕਬੱਡੀ ਮੈਚਾਂ ਦਾ ਪ੍ਰਬੰਧ ਕਰਤਾ ਬਲਜੀਤ ਸਿੰਘ ਬਾਸੀ ਤੇ ਜਸਵਿੰਦਰ ਸਿੰਘ ਰਾਏ ਨੇ ਸੰਗਤਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਦੋਵੇਂ ਸਮਾਗਮ ਸ਼ਾਂਤੀ ਪੂਰਵਕ ਨੇਪਰੇ ਚੜ੍ਹੇ ਤੇ ਇਸ ਕਾਰਜ ਲਈ 'ਚੜ੍ਹਦਾ ਪੰਜਾਬ ਕਲੱਬ' ਰੋਜ਼ਵਿਲ ਨੇ ਵੀ ਸਹਿਯੋਗ ਦਿੰਤਾ। ਜੇਤੂ ਟੀਮਾਂ ਨੂੰ ਪ੍ਰਬੰਧਕਾਂ ਤੋਂ ਇਲਾਵਾ ਬੋਪਾਰਾਏ ਬ੍ਰਦਰਜ਼ ਨੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ।




'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਦੇਸ਼ ਦੁਆਬਾ

# ਭਾਰਤ 'ਚ ਅਨੁਸੂਚਿਤ ਜਾਤੀ, ਅਨਸੂਚਿਤ ਜਨਜਾਤੀ ਵਰਗ ਦੇ ਲੋਕਾਂ ਦੀ ਸੁਰੱਖਿਆ ਦਾ ਸਵਾਲ

ਭਾਰਤ ਦੇਸ਼ 15 ਅਗਸਤ 1947 ਨੂੰ ਬ੍ਰਿਟਿਸ਼ ਸਾਮਰਾਜਵਾਦ ਦੀ ਗੁਲਾਮੀ ਤੋਂ ਆਜ਼ਾਦ ਹੋਇਆ। 26 ਜਨਵਰੀ 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋ ਗਿਆ ਤੇ ਵਿਸ਼ਵ ਦੇ ਨਕਸ਼ੇ 'ਤੇ ਇਕ ਵਿਸ਼ਾਲ ਗਣਤੰਤਰ ਰਾਸ਼ਟਰ ਵਜੋਂ ਉਭਰਿਆ। ਇਸ ਮੌਕੇ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਨੇ ਕਿਹਾ ਸੀ ਕਿ 26 ਜਨਵਰੀ 1950 ਨੂੰ ਅਸੀਂ ਇਕ ਟਕਰਾਵੀਂ ਜ਼ਿੰਦਗੀ ਵਿਚ ਪ੍ਰਵੇਸ਼ ਕਰਨ ਜਾ ਰਹੇ ਹਾਂ ਕਿ ਰਾਜਨੀਤੀ ਵਿਚ ਅਸੀਂ ਸਭ ਬਰਾਬਰ ਹੋਵਾਂਗੇ ਪਰ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਨਾਬਰਾਬਰ। ਭਾਵ ਰਾਜਨੀਤੀ 'ਚ ਇਕ ਆਦਮੀ ਇਕ ਵੋਟ, ਇਕ ਵੋਟ ਤੇ ਇਕ ਕੀਮਤ ਦੇ ਅਸੂਲ ਨੂੰ ਮੰਨਾਂਗੇ ਪਰ ਸਮਾਜ ਅੰਦਰ ਅਮੀਰ-ਗਰੀਬ ਅਤੇ ਸਮਾਜਿਕ ਢਾਂਚੇ 'ਚ ਅਸਮਾਨਤਾ ਰਹੇਗੀ।

ਡਾ. ਅੰਬੇਦਕਰ ਜੀ ਤੇ ਹੋਰ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਆਗੂਆਂ ਨੇ ਅਮੀਰ-ਗਰੀਬ ਦੇ ਪਾੜੇ ਅਤੇ ਸਮਾਜਿਕ ਊਚ-ਨੀਚ, ਛੂਆ-ਛਾਤ ਆਦਿ ਜਾਤੀ ਅਸਮਾਨਤਾ ਨੂੰ ਦੂਰ ਕਰਨ ਦੇ ਕਾਫੀ ਯਤਨ ਕੀਤੇ, ਜਿਹਨਾਂ ਵਿਚ ਕਾਫੀ ਹੱਦ ਤੱਕ ਸਫਲਤਾ ਵੀ ਹਾਸਲ ਕੀਤੀ। ਆਰਥਿਕ ਸੁਧਾਰ ਲਈ ਅੱਛੇ ਯਤਨ ਹੋਏ ਤੇ ਸਮਾਜਿਕ ਨਾਬਰਾਬਰੀ ਨੂੰ ਖਤਮ ਕਰਨ ਲਈ ਕਾਨੂੰਨ ਵੀ ਬਣੇ। ਇਸੇ ਤਰ੍ਹਾਂ ਲੱਗਭੱਗ 33 ਸਾਲ ਬਾਅਦ ਇਕ ਅਜਿਹਾ ਵੀ ਕਾਨੂੰਨ ਬਣਿਆ, ਜਿਸਨੂੰ ਅਨੁਸੂਚਿਤ ਜਾਤੀ-ਅਨੁਸੂਚਿਤ ਜਨਜਾਤੀ ਅੱਤਿਆਚਾਰ ਦੀ ਰੋਕਥਾਮ 1989 ਦੇ ਨਾਂ ਨਾਲ ਜਾਣਿਆ ਜਾਂਦਾ ਹੈ ਭਾਵ ਇਹ ਕਾਨੂੰਨ 1989 'ਚ ਬਣਿਆ। ਇਸ ਨੂੰ ਅੰਗਰੇਜ਼ੀ ਵਿਚ Scheduled Caste and Scheduled Tribe (Prevention of Atrocities Act, 1989) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਤੇ ਇਸ ਤੋਂ ਪਹਿਲਾਂ ਇਕ ਵਿਸ਼ੇਸ਼ ਕਾਨੂੰਨ 1976 ਵਿਚ ਵੀ ਬਣਿਆ ਅਤੇ ਉਸ ਤੋਂ ਪਹਿਲਾਂ 1955 ਵਿਚ ਛੂਆਛਾਤ ਨੂੰ ਖਤਮ ਕਰਨ ਦਾ ਕਾਨੂੰਨ ਬਣਿਆ।

ਬੀਤੇ ਦਿਨੀਂ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਨੇ ਜੋ ਐਸ. ਸੀ., ਐਸ. ਟੀ. ਐਕਟ ਸਬੰਧਤ ਫੈਸਲਾ ਸੁਣਾਇਆ ਹੈ, ਉਸ ਨਾਲ ਪੂਰੇ ਭਾਰਤ ਦਾ ਦਲਿਤ ਵਰਗ ਹੀ ਨਹੀਂ, ਦਲਿਤ ਵਰਗ ਨਾਲ ਹਮਦਰਦੀ ਰੱਖਣ ਵਾਲੇ ਲੋਕ ਵੀ ਹੈਰਾਨ-ਪ੍ਰੇਸ਼ਾਨ ਹੋ ਗਏ। ਜਿਸ ਪ੍ਰਕਾਰ ਉਚ ਅਦਾਲਤ ਨੇ ਫੈਸਲਾ ਸੁਣਾਇਆ ਹੈ, ਕਾਨੂੰਨੀ ਮਾਹਿਰਾਂ ਦਾ ਮੰਨਣਾਹੈ ਕਿ ਅਦਾਲਤ ਕੋਲ ਕੋਈ ਅਜਿਹਾ ਹੱਕ ਨਹੀਂ ਕਿ ਉਹ ਕਾਨੂੰਨ ਨਾਲ ਛੇੜਛਾੜ ਕਰੇ, ਬਲਕਿ ਉਸ ਦਾ ਧਰਮ ਤਾਂ ਇਹ ਹੈ ਕਿ ਕਾਨੂੰਨ ਨੂੰ ਹੂ-ਬ-ਹੂ ਲਾਗੂ ਕਰੇ, ਕਾਨੂੰਨ ਨੂੰ ਬਦਲਣਾ, ਸੋਧਣਾ ਜਾਂ ਨਵਾਂ ਬਣਾਉਣਾ ਉਹ ਕੰਮ ਪਾਰਲੀਮੈਂਟ ਦਾ ਹੈ। ਸੋ, ਮਾਣਯੋਗ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਦਲਿਤ ਸਮਾਜ 'ਚ ਪਹਿਲਾਂ ਨਾਲੋਂ ਹਜ਼ਾਰਾਂ ਗੁਣਾਂ ਹੋਰ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਹੈ। ਦਲਿਤ ਵਰਗ ਨਾਲ ਸਖਤ ਕਾਨੂੰਨ ਦੇ ਹੁੰਦੇ ਹੋਏ ਵੀ ਅਖੌਤੀ ਉਚ ਜਾਤੀ ਦੇ ਲੋਕ ਜਾਤੀ ਸੂਚਕ ਨਾਵਾਂ ਨਾਲ ਪਹਿਲਾਂ ਵੀ ਮਜ਼ਾਕ ਉਡਾਉਂਦੇ ਹੋਏ ਹਨ ਪਰ ਉਹਨਾਂ ਦਾ ਡਰ ਬਿਲਕੁਲ ਚੁੱਕਿਆ ਗਿਆ।

ਮਾਣਯੋਗ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਇਸ ਐਸ. ਸੀ., ਐਸ. ਟੀ. ਐਕਟ ਦਾ ਦੁਰਉਪਯੋਗ ਹੁੰਦਾ ਆਇਆ ਹੈ। ਇਸ ਫੈਸਲੇ ਦੇ ਨਾਲ ਮਾਣਯੋਗ ਅਦਾਲਤ ਨੇ ਕੋਈ ਅੰਕੜੇ ਨਹੀਂ ਪੇਸ਼ ਕੀਤੇ। ਦਲਿਤ ਵਰਗ ਤਾਂ ਉਸ ਦੇ ਹੱਕ ਵਿਚ ਕਾਨੂੰਨ ਹੁੰਦਾ ਹੋਇਆ ਵੀ ਕਚਹਿਰੀ ਜਾਣ ਤੋਂ ਡਰਦਾ ਹੈ ਤੇ ਗਲਤ ਦੋਸ਼ ਕੀ ਲਗਾਏਗਾ? ਜੇਕਰ ਮੰਨ ਵੀ ਲਿਆ ਜਾਵੇ ਤਾਂ ਉਸਦੇ ਅੰਕੜੇ ਕਿਉਂ ਨਹੀਂ ਦਿੱਤੇ ਗਏ? ਕੀ ਹੋਰਨਾਂ ਜੁਰਮਾਂ ਵਿਚ ਸਾਰੇ ਹੀ ਕੇਸ ਗਲਤ ਪਾਏ ਜਾਂਦੇ ਹਨ? ਫਿਰ ਅਜਿਹਾ ਐਸ. ਸੀ., ਐਸ. ਟੀ. ਐਕਟ ਪ੍ਰਤੀ ਹੀ ਕਿਉਂ ਦਲਿਤ ਵਰਗ ਨੂੰ ਇਸ ਨਜ਼ਰੀਏ ਨਾਲ ਲਿਆ ਜਾਂਦਾ ਹੈ ਕਿ ਇਸਦਾ ਦੁਰਉਪਯੋਗ ਹੋ ਰਿਹਾ ਹੈ। ਅਸਲ ਵਿਚ ਇਹ ਫੈਸਲਾ ਹਮਲਾਵਰਾਂ ਦੇ ਹੱਕ ਵਿਚ ਗਿਆ ਹੈ, ਇਹ ਰਾਏ ਇਲੈਕਟ੍ਰਾਨਿਕ ਭਾਰਤੀ ਮੀਡੀਆ ਵੀ ਕਹਿ ਰਿਹਾ ਹੈ।

ਇਹ ਬੜੇ ਹੀ ਦੁੱਖ ਦੀ ਗੱਲ ਹੈ ਕਿ ਕੇਂਦਰ 'ਚ ਮੋਦੀ ਸਰਕਾਰ ਨੇ ਕੋਈ ਦਲੀਲ ਜਾਂ ਅੰਕੜੇ ਹੀ ਨਹੀਂ ਪੇਸ਼ ਕੀਤੇ। ਭਾਵ ਇਸ ਕੇਸ ਤੇ ਕੋਈ ਪੈਰਵੀ ਹੀ ਨਹੀਂ ਕੀਤੀ। ਜੇਕਰ ਅਸੀਂ ਮੋਦੀ ਸਰਕਾਰ ਤੋਂ ਪਿਛਲਾ ਸਾਰਾ ਸਮਾਂ ਨਾ ਵੀ ਦੇਖਿਆ ਸਿਰਫ ਮੌਜੂਦਾ ਕੇਂਦਰ ਸਰਕਾਰ ਦੇ ਚਾਰ ਸਾਲ ਦੇ ਸਮੇਂ ਵੱਲ ਨਜ਼ਰ ਮਾਰੀਏ ਤਾਂ ਸ਼ਾਇਦ ਨੰਬਰ ਇਕ ਹਿੰਦੂਤਵੀ ਬੋਲਬਾਲਾ ਭਾਰਤ 'ਚ ਆਜ਼ਾਦੀ ਤੋਂ ਬਾਅਦ ਇੰਨਾ ਵੱਧ ਰਿਹਾ ਹੋਵੇ ਤੇ ਨੰਬਰ ਦੋ ਮੋਦੀ ਦੀ ਕੇਂਦਰ ਸਰਕਾਰ ਵਕਤ ਕਿੰਨੇ ਜ਼ੁਲਮ ਜ਼ਿਆਦਤੀ ਨੂੰ ਮੁੱਖ ਰੱਖ ਕੇ ਦਲਿਤ ਵਰਗ 'ਤੇ ਹਮਲੇ ਹੋਏ, ਕਿੰਨੇ ਦੁੱਖ ਦਰਦ ਭਰੀਆਂ ਵੀਡੀਓਜ਼ ਸੋਸ਼ਲ ਮੀਡੀਏ ਤੇ ਵਾਇਰਲ ਹੋਈਆਂ। ਕੀ ਕਦੇ ਸਰਕਾਰ ਜਾਂ ਅਦਾਲਤਾਂ ਨੇ ਨੋਟਿਸ ਲਿਆ? ਫਿਰ ਐਸ. ਸੀ., ਐਸ. ਟੀ. ਐਕਟ 1989 ਨੂੰ ਇੰਨਾ ਕਮਜ਼ੋਰ ਕਰਨ ਦੀ ਕਿਉਂ ਜ਼ਰੂਰਤ ਪਈ?

ਇਹ ਗੱਲ ਸਾਡੀ ਨਹੀਂ, ਹੁਣ ਤੇ ਭਾਰਤ ਦਾ ਮੀਡੀਆ ਵੀ ਚਰਚਾ ਕਰ ਰਿਹਾ ਹੈ ਕਿ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਦਾ ਫੈਸਲਾ ਦਲਿਤ ਵਰਗ ਦੇ ਵਿਰੁੱਧ ਹੈ। ਇਹ ਫੈਸਲਾ ਦਲਿਤ ਵਰਗ 'ਚ ਅਸੁਰੱਖਿਆ ਦੀ ਭਾਵਨਾ ਨੂੰ ਹਜ਼ਾਰਾਂ ਗੁਣਾਂ ਹੋਰ ਵਧਾ ਗਿਆ। ਭਾਰਤ ਦੀ ਕੇਂਦਰ ਸਰਕਾਰ ਨੂੰ ਇਸ ਵੱਲ ਪ੍ਰਮੁੱਖ ਪਹਿਲ ਵਜੋਂ ਵਿਚਾਰਨਾ ਚਾਹੀਦਾ ਹੈ। ਉਸ ਐਸ. ਸੀ., ਐਸ. ਟੀ. ਐਕਟ 1989 ਨੂੰ ਬਹਾਲ ਰੱਖਣਾ ਚਾਹੀਦਾ ਹੈ, ਚਾਹੇ ਉਸ ਨੂੰ ਦੁਬਾਰਾ ਲੋਕ ਸਭਾ 'ਚ ਲਿਆ ਕੇ ਹੀ ਕਿਉਂ ਨਾ ਵਿਚਾਰਿਆ ਜਾਵੇ। ਭਾਰਤ ਵਿਚ ਇਕ ਬਹੁਤ ਵੱਡੇ ਵਰਗ ਦੀ ਸੁਰੱਖਿਆ ਦਾ ਸਵਾਲ ਹੈ, ਉਹਨਾਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਭਾਰਤ ਦਾ ਇਹ ਮੂਲ ਨਿਵਾਸੀ ਸਮਾਜ ਅਸੁਰੱਖਿਅਤ ਭਾਵਨਾ ਨਾਲ ਕਮਜ਼ੋਰ ਹੁੰਦਾ ਚਲਾ ਜਾਵੇਗਾ। ਜੋ ਦੇਸ਼ ਹਿੱਤ ਵਿਚ ਠੀਕ ਨਹੀਂ ਹੋਵੇਗਾ।

ਅਦਾਰਾ 'ਦੇਸ਼ ਦੁਆਬਾ' ਪੁਰ ਸ਼ਬਦਾਂ 'ਚ ਭਾਰਤ ਦੇ ਮਾਣਯੋਗ ਰਾਸਟਰਪਤੀ ਸ੍ਰੀ ਰਾਮਨਾਥ ਕੋਵਿੰਦ ਅਤੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਲੱਭਿਆ ਜਾਵੇ।

**– ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। –ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-64

## ਗੁਰਬਾਣੀ ਚਾਨਣ ਚ ਸ਼ਿੰਗਾਰ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਸ਼ਿੰਗਾਰ-ਸ਼ੋਭਾ ਵਧਾਉਣ ਦਾ ਸਮਾਨ, ਗਹਿਣਾ ਭੂਸ਼ਣ, ਕਾਵਿ ਅਨੁਸਾਰ ਪਹਿਲਾ ਰਸ-ਸਭ ਸਿੰਗਾਰ ਬਣੇ ਤਿਸੁ ਗਿਆਨੇ॥(੯੭) ਹਾਰ-ਸ਼ਿੰਗਾਰ-ਪਿਰੁ ਪਰਦੇਸਿ ਸਿਗਾਰੁ ਬਣਾਏ॥(੧੨੭) ਸ਼ਿੰਗਾਰ-ਨੌਂ ਰਸਾਂ ਚੋਂ ਇਸਤਰੀ ਪੁਰਖ ਦੇ ਪਿਆਰ ਵਾਲਾ ਰਸ। ਸਜਾਵਟ ਦੇ ਸਮਾਨ, ਜਿੰਨ੍ਹਾਂ ਨਾਲ ਸੁੰਦਰਤਾ ਵਧੇ, ਅਜਿਹੇ ਬਸਤ੍ਰ ਗਹਿਣੇ ਆਦਿਕ ਜੋ ਸੋਲਾਂ ਪ੍ਰਕਾਰਬਦੇ ਮੰਨੇ ਗਏ ਹਨ-ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥(੧੩੬੧) ਕੀਓ ਸਿੰਗਾਰੁ ਮਿਲਨ ਕੇ ਤਾਈ॥ ਭਾਵ ਪ੍ਰਭੂ ਪਤੀ ਨੂੰ ਮੋਲਣ ਲਈ ਹਿਰਦਾ ਗੁਣਾਂ ਨਾਲ ਸ਼ਿੰਗਾਰਿਆ।

ਡਾ. ਦਿਲਗੀਰ ਅਨੁਸਾਰ ਸ਼ਿੰਗਾਰ ਦਾ ਅਰਥ ਹੈ: ਪ੍ਰੇਮ, ਰਸੀਲਾਪਨ, ਰਸ ਰਸਿਕਤਾ, ਸੰਧੂਰ ਦੇ ਨੋਧਾਨ, ਕਾਮ ਪੈਦਾ ਕਰਨ ਦੀ ਭਾਵਨਾ, ਕਾਮ ਖੇਡ ਵਾਸਤੇ ਵਧੀਆ ਕਪੜੇ ਗਹਿਣੇ ਵਘੈਰਾ ਪਰ ਆਮ ਤੌਰ ਤੇ ਜਿਸਮਾਨੀ ਖੂਬਸੂਰਤੀ ਵਧਾਊ ਸਮੱਗਰੀ, ਪਹਿਰਾਵੇ ਅਤੇ ਗਹਿਣਿਆਂ ਵਗੈਰਾ ਨਾਲ, ਔਰਤ ਦੌ ਜਿਸਮਾਨੀ ਸਜਾਵਟ ਵਾਸਤੇ ਵਰਤਿਆ ਗਿਆ ਹੈ। ਬਹੁਤੀਆਂ ਔਰਤਾਂ ਘਰੋਂ ਬਾਹਰ ਨਿਕਲਣ ਵੇਲੇ, ਦਿਲਕਸ਼ ਲੱਗਣ ਲਈ ਹਾਰ-ਸ਼ਿੰਗਾਰ ਕਰਦੀਆਂ, ਮਤਲਵ ਲੋਕਾਂ ਨੂੰ ਖੂਬ ਸੂਰਤ ਬਣ ਕੇ ਦਿਖਾਉਣਾ, ਲੁਭਾਉਣਾ ਅਤੇ ਉਨ੍ਹਾਂ ਅੰਦਰ ਕਾਮ ਖਿੱਚ ਪੈਦਾ ਕਰਨਾ ਚਾਹੁੰਦੀਆਂ ਹਨ।

ਸਿੱਖ ਮੱਤ ਐਸੇ ਸ਼ਿਗਾਰ ਨੂੰ ਇਖਲਾਕ ਦੇ ਉਲਟ ਸਮਝਦਾ ਹੈ। ਸਿੱਖਾਂ ਚ ਸ਼ਿੰਗਾਰ ਚ ਦੰਦ ਸਾਫ ਕਰਨੇ, ਇਸ਼ਨਾਨ ਤੇ ਕੇਸੀਂ ਕੰਘਾ ਕਰਨਾ, ਚੱਜ ਦੇ ਕਪੜੇ ਪਹਿਨਣਾ, ਦਾੜ੍ਹੀ, ਦੁਪੱਟਾ ਦਸਤਾਰ ਸਜਾਉਣਾ ਅਤੇ ਸੁਹਣੇ ਜੁੱਤੇ ਪਹਿਨਣਾ ਸ਼ਾਮਲ ਹਨ। ਪਸੀਨੇ ਤੋਂ ਬਚਨ ਲਈ ਸੁਗੰਧੀ ਪਾਊਡਰ ਵਰਤਣਾ ਮਨ੍ਹਾਂ ਨਹੀਂ। ਸੁਰਖੀ (ਲਿਪਸਟਿਕ ਲਗਾਉਣਾ, ਵਾਲਾ ਨੂੰ ਬਲੀਚ ਕਰਨ ਜਾਂ ਰੰਗਣ ਵਰਗੀਆਂ ਕਾਰਵਾਈਆਂ ਦੀ ਸਿੱਖ ਮੱਤ ਇਜ਼ਾਜ਼ਤ ਨਹੀਂ ਦਿੰਦਾ। ਸਿੱਖ ਮੱਤ ਚ ਨੱਕ, ਕੰਨ ਛੇਦੇ ਬਿਨਾ ਗਹਿਣ ਪਾਉਣੇ ਮਨਾ ਨਹੀਂ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮਤ ਵਿੱਚ ਚਪਲਤਾ ਵਧਾਉਣ ਵਾਲੇ ਸ਼ਿੰਗਾਰ ਜੋ ਅੰਗ ਵੇਧਣ ਅਥਵਾ ਕੁਦਰਤੀ ਰੰਗ ਰਪ ਨੂੰ ਵਿਗਾੜ ਕੇ ਕੀਤੇ ਜਾਂਦੇ ਹਨ, ਨਿੰਦਤ ਹਨ। ਸਰੀਰ ਦੀ ਅਰੋਗਤਾ ਅਤੇ ਬਲ ਨੂੰ ਕਾਇਮ ਰੱਖਣਾ ਅਤੇ ਸ਼ੁਭ ਗੁਣਾਂ ਨਾਲ ਆਪਣੇ ਤਾਈਂ ਭੂਸ਼ਿਤ ਕਰਨਾ ਉੱਤਮ ਸ਼ਿੰਗਾਰ ਹੈ-

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥(੮੧੨) ਮਨਮੁਖਿ ਸੀਗਾਰੁ ਨ ਜਾਣਨੀ, ਜਾਸਨਿ ਜਨਮੁ ਸਭੁ ਹਾਰਿ॥ ਬਿਨੁ ਹਰਿ ਭਗਤੀ ਸੀਗਾਰੁ ਕਰਹਿ, ਨਿਤ ਜੰਮਹਿ ਹੋਇ ਖੁਆਰੁ॥ ਸੰਸਾਰੈ ਵਿਚਿ ਸੋਭ ਨ ਪਾਇਨੀ, ਅਗੈ ਜਿ ਕਰੇ ਸੁ ਜਾਣੈ ਕਰਤਾਰੁ॥(੯੫੦) ਅਚਾਰਵੰਤਿ ਸਾਈ ਪਰਧਾਨੇ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ॥(੯੭) ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥ (੪੦੦)

ਕਾਵਿ ਗ੍ਰੰਥਾਂ ਅਨੁਸਾਰ ੧੬ ਸ਼ਿੰਗਾਰ ਇਹ ਹਨ-

ਪ੍ਰਥਮ ਸਕਲ ਸੁਚਿ ਮਜਨ ਅਮਲ ਵਾਸ, ਜਾਵਕ ਸੁਦੇਸ ਕੇਸ਼ ਪਾਜ ਕੋਸੁਧਾਰਬੋ।
ਅੰਗ ਰਾਗ ਭੂਸ਼ਨ ਵਿਵਿਧ, ਮੁਖਬਾਸ ਰੰਗ, ਕੱਜਲ ਕਲਿਤ ਲੋਲ ਲੋਚਨ ਨਿਹਾਰਬੋ।
ਬੋਲਨ ਹਸਨ ਮ੍ਰਿਦੁ ਚੱਲਨ ਚਿਤੌਨ ਚਾਰੁ ਪਲ ਪਲ ਪਤਿ ਵ੍ਰਤ ਪ੍ਰੀਤਿ ਪ੍ਰਤਿਬਾਰਬੋ।
ਕੇਸ਼ੋ ਦਾਸ ਸਵਿਲਾਸ ਕਰਹੋ, ਕੁਵਰਿ ਰਾਧੇ, ਇਹ ਬਿਧਿ ਸੋਰਹਿ ਸ਼ਿੰਗਾਰਨ ਸ਼ਿੰਗਾਰਬੋ।

ਸਿੱਖ ਮੱਤ ਚ ਮਹਿੰਦੀ ਮਾਂਗ ਛੇਦਕ ਗਹਿਣੇ, ਪਾਣ, ਦੰਦਾਸਾ ਕੱਜਲ ਆਦਿਕ (ਅਰਥਾਤ ਚਪਲਤਾ ਵਧਾਉਣ ਅਤੇ ਮਨ ਨੂੰ ਵਿਕਾਰਾਂ ਵੱਲ ਪ੍ਰੇਰਣ ਵਾਲੇ ਸ਼ਿੰਗਾਰ ਨਿੰਦਤ ਹਨ-

ਬਿਨੁ ਪਿਰ ਕਿਆ ਤਿਸੁ ਧਨ ਸੀਗਾਰਾ। ਪਰ ਪਿਰ ਰਾਤੀ ਖਸਮੁ ਵਿਸਾਰਾ॥ ਜਿਉ ਬੇਸੁਆ ਪੂਤ, ਬਾਪ ਕੋ ਕਹੀਐ, ਤਿਉ ਫੋਕਟ ਕਾਰ ਵਿਕਾਰਾ ਹੇ॥(ਮਾਰੂ ਮਹਲਾ ੧)

# ਪਰਿਵਾਰਕ ਰਿਸ਼ਤਿਆਂ ਦੇ ਬਿਹਤਰ ਵਾਈ-ਫਾਈ ਚਾਰਜ਼ਰ ਸਾਡੇ ਬਜ਼ੁਰਗ



**ਹਰਜਿੰਦਰ ਸਿੰਘ ਬਸਿਆਲਾ**

ਵਾਵਰੋਲਿਆਂ ਦੇ ਵਾਂਗ ਉਚੇ-ਥੱਲੇ ਹੁੰਦੀ ਆਧੁਨਿਕ ਜ਼ਿੰਦਗੀ, ਖਾਸ ਕਰ ਪ੍ਰਵਾਸੀ ਵਸਦੇ ਭਾਰਤੀਆਂ ਦੀ ਜ਼ਿੰਦਗੀ ਬਹੁਤ ਕੁਝ ਆਪਣੇ ਪਿੱਛੇ ਖਿਲਰਵਾਂ ਜਿਹਾ ਛੱਡ ਰਹੀ ਹੈ। ਬਹੁਤ ਸਾਰੇ ਇਹ ਚਾਹੁੰਦੇ ਹਨ ਕਿ ਸਾਰਾ ਕੁਝ ਪਹਿਲਾਂ ਦੀ ਤਰ੍ਹਾਂ ਵਿਹੜੇ ਦੀ ਸ਼ਾਨ ਬਣਿਆ ਰਹੇ ਪਰ ਮੀਲਾਂ ਦਾ ਸਫਰ ਪਰਿਵਾਰਕ ਰਿਸ਼ਤਿਆਂ ਦੇ ਵਿਚ ਵਿਹਲ ਪਾ ਹੀ ਜਾਂਦਾ ਹੈ। ਅਜਿਹੇ ਦੇ ਵਿਚ ਜੋ ਜਿਆਦਾ ਭਾਵਨਾਵਾਂ ਦੇ ਬਹਾਅ ਵਿਚ ਯਾਦ ਆਉਂਦੇ ਹਨ ਉਹ ਹਨ ਸਾਡੇ ਵਤਨੀ ਰਹਿ ਗਏ ਬਜ਼ੁਰਗ। ਇਨ੍ਹਾਂ ਬਜ਼ੁਰਗਾਂ ਵਿਚ ਮਾਤਾ-ਪਿਤਾ, ਦਾਦਾ-ਦਾਦੀ, ਨਾਨਾ-ਨਾਨੀ, ਸੱਸ-ਸਹੁਰਾ, ਚਾਚਾ-ਚਾਚੀ, ਤਾਇਆ-ਤਾਈ, ਭੂਆ-ਫੁੱਫੜ ਜਾਂ ਫਿਰ ਭਰਾ-ਭਰਜਾਈ ਮੂਹਰਲੀ ਕਤਾਰ ਦੇ ਵਿਚ ਆਉਂਦੇ ਹਨ।

ਸਦਕੇ ਜਾਈਏ ਵਾਈ-ਫਾਈ ਜਾਂ ਇੰਟਰਨੈਟ ਦੀ ਖੋਜ ਕਰਨ ਵਾਲਿਆਂ ਦੇ ਜਿਨ੍ਹਾਂ ਨੇ ਅੱਜ ਦੇ ਅਤਿ ਆਧੁਨਿਕ ਯੁੱਗ ਦੇ ਵਿਚ ਹਜ਼ਾਰਾਂ ਮੀਲਾਂ ਦੀ ਦੂਰੀ ਹੋਣ ਦੇ ਬਾਵਜੂਦ ਤੁਹਾਨੂੰ ਪਰਿਵਾਰਕ ਮੈਂਬਰਾਂ ਦੇ ਨਾਲ ਵੀਡੀਓ ਸੰਪਰਕ ਬਣਾਈ ਰੱਖਣ ਦੇ ਯੋਗ ਕਰ ਦਿੱਤਾ ਹੈ। ਅੱਜ ਦੌੜਦੀ ਜਵਾਨੀ ਨੂੰ ਜਿੱਥੇ ਸਾਡਾ ਬੁਢਾਪਾ ਤੱਕ ਰਿਹਾ ਹੈ ਉਤੇ ਸਾਡਾ ਫਰਜ਼ ਵੀ ਬਣਦਾ ਹੈ ਕਿ ਇਨ੍ਹਾਂ ਦੀ ਅਸੀਸ ਭਰੀ ਤੱਕਣੀ ਨੂੰ ਆਪਣੇ ਉਤੇ ਕੇਂਦਰਿਤ ਕਰਾਈ ਰੱਖੀਏ ਅਤੇ ਇਕ ਦਿਨ ਸਾਡੇ ਉਪਰੋਕਤ ਸਾਰੇ ਵੱਡੇ-ਵਡੇਰੇ ਮਾਣ ਨਾਲ ਹੋਰ ਸਿਹਤਮੰਦ ਤੇ ਜਵਾਨ ਮਹਿਸੂਸ ਕਰਨ।

ਇਹ ਬਜ਼ੁਰਗ ਮੈਨੂੰ ਕਈ ਵਾਰ ਪਰਿਵਾਰਕ ਰਿਸ਼ਤਿਆਂ ਦੇ ਬਿਹਤਰ ਵਾਈ-ਫਾਈ ਚਾਰਜ਼ਰ ਵਾਂਗ ਜਾਪਦੇ ਹਨ ਕਿਉਂਕਿ ਅੱਜ ਹਜ਼ਾਰਾਂ ਮੁੰਡੇ ਆਪਣੇ ਮਾਪਿਆਂ ਅਤੇ ਬਜ਼ੁਰਗਾਂ ਤੋਂ ਭਾਵੇਂ ਦੂਰ ਬੈਠੇ ਹਨ ਪਰ ਵਾਈ-ਫਾਈ ਜਾਂ ਕਹਿ ਲਈਏ ਇੰਟਰਨੈਟ ਦੀ ਸਹੂਲਤ ਨਾਲ ਅੱਜ ਵੀ ਉਨ੍ਹਾਂ ਦੀ ਸਲਾਹ ਅਨੁਸਾਰ ਆਪਣੇ ਜੀਵਨ ਦੇ ਕਈ ਵੱਡੇ ਫੈਸਲਿਆਂ ਵਿਚ ਅਗਵਾਈ ਲੈਂਦੇ ਹਨ। ਦੂਰ ਜਾਂ ਨੇੜੇ ਬੈਠੇ ਇਨ੍ਹਾਂ ਬਜ਼ੁਰਗਾਂ ਤੋਂ ਮਿਲਦੀ ਸਿੱਖਿਆ ਇੰਝ ਹੀ ਕੰਮ ਕਰਦੀ ਹੈ ਜਿਵੇਂ ਸਾਡੇ ਪਰਿਵਾਰਕ ਰਿਸ਼ਤਿਆਂ ਨੂੰ ਅਨਰਜ਼ੀ ਮਿਲਦੀ ਹੋਵੇ ਅਤੇ ਇਹ ਰਿਸ਼ਤੇ ਮੁੜ ਚਾਰਜ ਹੋ ਰਹੇ ਹੋਣ।

ਆਮ ਤੌਰ 'ਤੇ ਜਦੋਂ ਕੋਈ ਚੀਜ਼ ਹੱਥ ਦੇ ਵਿਚ ਹੁੰਦੀ ਹੈ ਤਾਂ ਉਸਦਾ ਮੁੱਲ ਓਨਾ ਮਹਿਸੂਸ ਨਹੀਂ ਕੀਤਾ ਜਾਂਦਾ ਪਰ ਜਦੋਂ ਓਹੀ ਚੀਜ਼ ਸਦਾ ਲਈ ਹੱਥੋਂ ਨਿਕਲ ਜਾਵੇ ਤਾਂ ਅਕਸਰ ਨਾ ਪੂਰਾ ਹੋਣ ਵਾਲਾ ਘਾਟਾ ਕਹਿ ਕੇ ਦਿਲੀ ਦਿਲਾਸਾ ਦਿੱਤਾ ਜਾਂਦਾ ਹੈ। ਭਾਵੇਂ ਦੁਨੀਆ ਤੋਂ ਹਰ ਇਕ ਨੇ ਇਕ ਦਿਨ ਤੁਰ ਜਾਣਾ ਹੈ ਪਰ ਕਿਤੇ ਨਾ ਕਿਤੇ ਉਮਰਾਂ ਦੇ ਅਨੁਸਾਰ ਵਾਰੀ ਦੀ ਉਡੀਕ ਵੀ ਬਣੀ ਰਹਿੰਦੀ ਹੈ। ਵਿਦੇਸ਼ਾਂ ਦੀ ਧਰਤੀ ਉਤੇ ਬੈਠ ਆਪਣੇ ਵੱਡੇ-ਵਡੇਰਿਆਂ ਨਾਲ ਸੰਪਰਕ ਬਣਾਈ ਰੱਖਣਾ ਅਤਿ ਜਰੂਰੀ ਹੈ। ਇਹ ਵੀ ਰਿਪੋਰਟਾਂ ਹਨ ਕਿ ਕਈ ਬਜ਼ੁਰਗ ਆਪਣੀ ਔਲਾਦ ਦੀ ਤਰੱਕੀ, ਅਮੀਰੀ ਤੇ ਉਨ੍ਹਾਂ ਦੀ ਸਫਲਤਾ ਉਤੇ ਤਾਂ ਖੁਸ਼ ਹਨ ਪਰ ਔਲਾਦ ਵੱਲੋਂ ਰਿਸ਼ਤਿਆਂ ਦੀ ਜ਼ਿੰਮੇਵਾਰੀ ਚੁੱਕਣ ਦੀ ਕਾਮਯਾਬੀ ਤੋਂ ਦੁਖੀ ਹਨ। ਕਈ ਬਜ਼ੁਰਗ ਔਲਾਦ ਦੇ ਹੁੰਦਿਆਂ ਇਧਰ-ਉਧਰ ਭਟਕਦੇ ਵੇਖੇ ਜਾ ਸਕਦੇ ਹਨ ਜੇਕਰ ਉਨ੍ਹਾਂ ਦੇ ਦਿਲ ਦੀ ਗੱਲ ਸੁਨਣੀ ਚਾਹੀਏ ਤਾਂ ਉਹ ਦੁੱਖ-ਤਕਲੀਫਾਂ ਦੱਸਣ ਤੋਂ ਬਾਅਦ ਇਨ੍ਹਾਂ ਸਤਰਾਂ ਨਾਲ ਹੀ ਅੰਤ ਕਰਦੇ ਹਨ ਕਿ 'ਖੈਰ ਕੋਈ ਗੱਲ ਨਹੀਂ, ਸੁਖੀ ਰਹਿਣ ਤੇ ਤੰਦਰੁਸਤ ਰਹਿਣ ਆਪਣੀ ਤਾਂ ਨਿਕਲ ਗਈ ਪਤਾ ਨਹੀਂ ਕਿਹੜੇ ਵੇਲੇ ਬੁਲਾਵਾ ਆ ਜਾਣਾ'।

ਅਜਿਹੀ ਔਲਾਦ ਫਿਰ ਅੰਤਿਮ ਰਸਮਾਂ ਦੇ ਵਿਚ ਅਥਰੂ ਕੇਰਦੀ ਅਤੇ ਵੱਡਾ ਇਕੱਠ ਕਰਦੀ ਵੀ ਵੇਖੀ ਜਾਂਦੀ ਹੈ। ਨਿਊਜ਼ੀਲੈਂਡ ਦੇ ਵਿਚ 'ਰੈਸਟ ਹੋਮਜ਼' ਦਾ ਪੁਰਾਣਾ ਪ੍ਰਚਲਨ ਹੈ। ਬਜ਼ੁਰਗ ਲੋਕ ਆਪਣੇ ਲਈ ਪਹਿਲਾਂ ਹੀ ਅਜਿਹੇ ਰੈਸਟ ਹੋਮ ਬੁੱਕ ਕਰਵਾ ਲੈਂਦੇ ਹਨ, ਆਪਣੇ ਲੋਕਾਂ ਵਿਚ ਇਹ ਰਿਵਾਜ਼ ਐਨਾ ਨਹੀਂ ਜਾਂ ਕਹਿ ਲਈਏ ਸਾਡੇ ਲੋਕ ਇਹ ਸੋਚਦੇ ਹਨ ਕਿ ਉਨ੍ਹਾਂ ਦੇ ਬੱਚੇ ਤਾਂ ਉਨ੍ਹਾਂ ਨੂੰ ਆਪਣੇ ਕੋਲ ਹੀ ਰੱਖਣਗੇ ਚਾਹੇ ਉਹ ਬਿਮਾਰ ਹੋਣ ਜਾਂ ਤੰਦਰੁਸਤ। ਪਰ ਨਹੀਂ ਜ਼ਮਾਨੇ ਨੇ ਪਰਿਵਾਰਕ ਰਿਸ਼ਤਿਆਂ ਨੂੰ ਵੰਡ ਦਿੱਤਾ ਹੈ। ਕਈਆਂ ਲਈ ਪਰਿਵਾਰ ਦਾ ਮਤਲਬ ਆਪਣੀ ਪਤਨੀ ਜਾਂ ਬੱਚੇ ਹੀ ਹਨ ਅਤੇ ਕਈਆਂ ਲਈ ਚਾਚੇ-ਤਾਏ ਵੀ ਆਪਣੇ ਜਾਪਦੇ ਹਨ।

ਜਿਹੜੇ ਘਰਾਂ ਦੇ ਵਿਚ ਮਾਪੇ ਵਸਦੇ ਹਨ ਉਨ੍ਹਾਂ ਦੇ ਲਈ ਮੈਂ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਦੇ ਬੱਚਿਆਂ ਨੇ ਇਸ ਗੱਲ ਦਾ ਪੂਰਾ ਅਨੰਦ ਲਿਆ ਹੋਵੇਗਾ ਕਿ ਕਿ ਉਨ੍ਹਾਂ ਦਾ ਘਰ ਤਾਂ ਇਕ ਸਰਾਂ ਵਾਂਗ ਹੈ, ਜਦੋਂ ਮਰਜ਼ੀ ਆਓ, ਰੋਟੀ-ਪਾਣੀ ਖਾਓ, ਸੌਂ ਜਾਓ ਜਾਂ ਉਠ ਜਾਓ, ਬਾਹਰ ਜਾਣ ਵੇਲੇ ਕਿਸੀ ਬਾਰੀ ਦੇ ਬੰਦ ਕਰਨ ਦਾ ਫਿਕਰ ਨਹੀਂ, ਕਿਸੀ ਦਰਵਾਜ਼ੇ ਦੇ ਖੁੱਲ੍ਹੇ ਰਹਿ ਜਾਣ ਦਾ ਡਰ ਨਹੀਂ, ਬੱਸ ਜਾਂਦੀ ਵਾਰੀ ਇਹ ਕਹਿ ਜਾਓ ''ਅੱਛਾ ਮਾਤਾ ਮੈਂ ਕੰਮ 'ਤੇ ਚੱਲਿਆ...ਬਹੁਤ ਲੇਟ ਹੋ ਗਿਆ।'' ਇਥੇ ਪਿੱਛਿਓ ਇਕ ਆਵਾਜ਼ ਫਿਰ ਜਰੂਰ ਆਵੇਗੀ ਕਿ ''ਕਾਕਾ ਰੋਟੀ ਤਾਂ ਖਾ ਜਾ.....''। ਬੱਸ ਇਹੀ ਆਵਾਜ਼ ਬੱਚਿਆਂ ਨੂੰ ਵਾਈ-ਫਾਈ ਸਿਸਟਮ ਦੇ ਨਾਲ ਰੱਜ ਦੇ ਜਾਂਦੀ ਹੈ ਅਤੇ ਬਜ਼ੁਰਗਾਂ ਨੂੰ ਆਪਣੀ ਔਲਾਦ ਵਾਪਿਸ ਦੇਖਣ ਦੀ ਭੁੱਖ ਤੇ ਬੱਚੇ ਸਾਰਾ ਦਿਨ ਉਡੇ ਫਿਰਦੇ ਹਨ। ਸੋ ਵਿਦੇਸ਼ੀ ਰਹਿੰਦੇ ਵੀਰੋ ਤੇ ਭੈਣੋ! ਜੇਕਰ ਤੁਹਾਡੇ ਮਾਪੇ ਜਾਂ ਵਡੇਰੇ ਕਿਸੇ ਵੀ ਤਰ੍ਹਾਂ ਨਾਲ ਤਾਹਡੇ ਸੰਪਰਕ ਵਿਚ ਹਨ ਤਾਂ ਉਨ੍ਹਾਂ ਦੇ ਨਾਲ ਸਮਾਂ ਬਿਤਾ ਕੇ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਜਰੂਰ ਚਾਰਜ਼ ਕਰ ਲਿਆ ਕਰੋ। ਇਹ ਰਿਸ਼ਤੇ ਜੇਕਰ ਕਾਇਮ ਰਹਿਣਗੇ ਤਾਂ ਤੁਹਾਡੇ ਦੁਨੀਆ ਦੇ ਨਾਲ ਜੁੜਦੇ ਰਿਸ਼ਤਿਆਂ ਦਾ ਅਧਾਰ ਮਜ਼ਬੂਤ ਹੁੰਦਾ ਪ੍ਰਤੀਤ ਹੋਏਗਾ। ਦਵਾ ਦੇ ਨਾਲੋਂ ਬਹੁਤ ਵਾਰ ਦੁਆ ਜਿਆਦਾ ਅਸਰ ਕਰਦੀ ਹੈ, ਗੱਲ ਹੈ ਤੁਹਾਡੇ ਅੰਦਰ ਉਤਪੰਨ ਹੁੰਦੇ ਸੈਲਾਂ ਦੀ। ਆਓ ਆਪਣੇ ਬਜ਼ੁਰਗਾਂ ਜਾਂ ਕਹਿ ਲਈਏ ਵਾਈ-ਫਾਈ ਪਰਿਵਾਰਕ ਚਾਰਜ਼ਰਾਂ ਦੇ ਸੰਪਰਕ ਵਿਚ ਰਹੀਏ।

# ਵੈਨਕੂਵਰ ਵਿਖੇ ਗੁਰੂ ਰਵਿਦਾਸ ਆਗਮਨ ਪੁਰਬ ਨੂੰ ਸਮਰਪਿਤ ਸਜਣਗੇ ਵਿਸ਼ਾਲ ਨਗਰ ਕੀਰਤਨ

**ਸ਼ਾਮਚੁਰਾਸੀ (ਚੁੰਬਰ)** – ਸਤਿਗੁਰ ਰਵਿਦਾਸ ਮਹਾਰਾਜ ਜੀ ਦੇ 641ਵੇਂ ਪ੍ਰਕਾਸ਼ ਨੂੰ ਸਮਰਪਿਤ ਸ਼੍ਰੀ ਗੁਰੂ ਰਵਿਦਾਸ ਕਮਿਊਨਿਟੀ ਸੈਂਟਰ, ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਲੋਂ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਨਗਰ ਕੀਰਤਨ 7 ਅਪ੍ਰੈਲ ਨੂੰ ਸ਼ਰਧਾ ਤੇ ਧੂਮਧਾਮ ਨਾਲ ਸ਼ੋਭਾ ਯਾਤਰਾ ਦੇ ਰੂਪ ਵਿਚ ਸਜਾਇਆ ਜਾ ਰਿਹਾ ਹੈ। ਜਿਸ ਦੀ ਜਾਣਕਾਰੀ ਦਿੰਦਿਆਂ ਪ੍ਰਧਾਨ ਬਿਲ ਬਸਰਾ ਅਤੇ ਉਨ੍ਹਾਂ ਦੀ ਟੀਮ ਨੇ ਦੱਸਿਆ ਕਿ ਇਸ ਨਗਰ ਕੀਰਤਨ ਵਿਚ ਇਸ ਵਾਰ ਪੰਜਾਬ ਤੋਂ ਵਿਸ਼ੇਸ਼ ਕਲਕਾਰਾਂ ਦੀ ਟੀਮ ਆਪਣਾ ਪ੍ਰੋਗਰਾਮ ਪੇਸ਼ ਕਰਨ ਲਈ ਪੁੱਜ ਰਹੀ ਹੈ। ਜਿਸ ਵਿਚ ਕੰਠ ਕਲੇਰ, ਦਿਲਜਾਨ, ਗਿੰਨੀ ਮਾਹੀ, ਕੁਲਦੀਪ ਚੁੰਬਰ, ਹੈਰੀ ਬੱਲ, ਯਮਨਾ ਰਸੀਲਾ, ਵਿੱਕੀ ਮੋਰਾਂਵਾਲੀਆ, ਰਾਜ ਦਦਰਾਲ, ਪੰਮਾ ਸੁੰਨੜ, ਪਵਨਜੋਤ ਭਾਟੀਆ, ਰੱਤੂ ਰੰਧਾਵਾ, ਰਕੇਸ਼ ਕੁਮਾਰ, ਸੰਤੋਖ ਸਿੰਘ, ਰਣਜੀਤ ਕੁਮਾਰ, ਮਨਪ੍ਰੀਤ ਕੌਰ ਸਮੇਤ ਕਈ ਹੋਰ ਰਾਗੀ ਜਥੇ ਹਾਜ਼ਰੀ ਭਰਨਗੇ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪੂਰੀ ਰਵਿਦਾਸੀਆ ਕਮਿਊਨਿਟੀ ਟੀਮ ਵਲੋਂ ਇਸ ਵਿਸ਼ਾਲ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਬਹੁਤ ਧੂਮਧਾਮ ਨਾਲ ਮੁਕੰਮਲਤਾ ਦੇ ਅੰਤਿਮ ਪੜਾਅ ਤੇ ਪਹੁੰਚ ਚੁੱਕੀਆਂ ਹਨ।

*****



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਧਿਆਪਕਾਂ ਤੇ ਲਾਠੀਚਾਰਜ ਕਰਨ ਅਤੇ ਝੂਠੇ ਕੇਸ ਮੜ੍ਹਨ ਦੀ ਜਮਹੂਰੀ ਅਧਿਕਾਰ ਸਭਾ ਵੱਲੋਂ ਸਖ਼ਤ ਆਲੋਚਨਾ

**ਜਲੰਧਰ–** ਜਮਹੂਰੀ ਅਧਿਕਾਰ ਸਭਾ ਵੱਲੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਤੇ ਅਧਿਆਪਕ ਵਿਰੋਧੀ ਨੀਤੀਆਂ ਖਿਲਾਫ਼ ਲੁਧਿਆਣਾ ਵਿਖੇ ਪੁਰਅਮਨ ਧਰਨਾ ਦੇ ਰਹੇ ਅਧਿਆਪਕਾਂ ਤੇ ਲਾਠੀਚਾਰਜ ਕਰਨ, ਝੂਠੇ ਕੇਸ ਮੜਨ ਅਤੇ ਚੰਡੀਗੜ੍ਹ ਵਿਖੇ ਆਂਗਣਵਾੜੀ ਵਰਕਰਾਂ ਦੀ ਖਿੱਚ ਧੂਹ ਕਰਕੇ ਉਨ੍ਹਾਂ ਨੂੰ ਥਾਣੇ ਡੱਕਣ ਦੀ ਸਖ਼ਤ ਆਲੋਚਨਾ। ਦਰਜ ਕੀਤੇ ਕੇਸ ਤੁਰੰਤ ਖਾਰਜ ਕਰਨ ਦੀ ਕੀਤੀ ਮੰਗ। ਪੰਜਾਬ ਸਰਕਾਰ ਦੀਆਂ ਸਿੱਖਿਆ ਰੁਜ਼ਗਾਰ, ਵਿਦਿਆਰਥੀ ਤੇ ਅਧਿਆਪਕ ਵਿਰੋਧੀ ਨੀਤੀਆਂ ਤੇ ਫੈਸਲਿਆਂ ਖਿਲਾਫ਼ ਲੁਧਿਆਣਾ ਵਿਖੇ ਪਿਛਲੇ ਦਿਨੀਂ ਪੁਰਅਮਨ ਧਰਨਾ ਦੇ ਰਹੇ "ਕੌਮ ਦੇ ਨਿਰਮਾਤਾ" ਮੰਨੇ ਜਾਂਦੇ ਅਧਿਆਪਕਾਂ ਤੇ ਲਾਠੀਚਾਰਜ ਕਰਨ , ਝੂਠੇ ਕੇਸ ਮੜ੍ਹਨ ਅਤੇ ਚੰਡੀਗੜ੍ਹ ਵਿਖੇ ਆਂਗਣਵਾੜੀ ਵਰਕਰਾਂ ਦੀ ਖਿੱਚ ਧੂਹ ਕਰਨ ਪਿੱਛੋਂ ਥਾਣੇ ਡੱਕਣ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਸਖ਼ਤ ਆਲੋਚਨਾ ਕਰਦਿਆਂ ਅਧਿਆਪਕਾਂ ਤੇ ਨੈਸ਼ਨਲ ਹਾਈਵੇ ਐਕਟ (ਇੱਕ ਕਾਲੇ ਕਾਨੂੰਨ) ਤਹਿਤ ਮੜੇ ਮੁਕੱਦਮੇ ਤੁਰੰਤ ਵਾਪਸ ਲਏ ਜਾਣ ਦੀ ਮੰਗ ਕੀਤੀ ਗਈ ਹੈ। ਸਭਾ ਦੀ ਸਕੱਤਰੇਤ ਦੀ ਤਰਫੋਂ ਬਿਆਨ ਜਾਰੀ ਕਰਦਿਆਂ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਕਿਹਾ ਹੈ ਕਿ ਇਕੱਲੇ ਅਧਿਆਪਕ ਹੀ ਨਹੀਂ ਹੋਰ ਵੀ ਕਈ ਮਹਿਕਮਿਆ (ਖਾਸ ਕਰਕੇ ਆਂਗਣਵਾੜੀ ਵਰਕਰਾਂ) ਦੇ ਮੁਲਾਜ਼ਮਾਂ ਨੂੰ ਮਜਬੂਰਨ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ। ਪੁਰਅਮਨ ਰਹਿ ਕੇ ਆਪਣਾ ਰੋਸ ਪ੍ਰਗਟ ਕਰਦੇ ਇਨ੍ਹਾਂ ਆਂਗਨਵਾੜੀ ਵਰਕਰਾਂ,ਮੁਲਾਜ਼ਮਾਂ ਅਤੇ ਅਧਿਆਪਕਾਂ ਤੇ ਜਦੋਂ ਸਰਕਾਰ ਅੰਨ੍ਹੇਵਾਹ ਲਾਠੀਚਾਰਜ ਕਰਨ ਪਿੱਛੋਂ ਪੁਲਸ ਕੇਸ ਦਰਜ ਕਰਦੀ ਦਿਸਦੀ ਹੈ ਤਾਂ ਬ੍ਰਿਟਿਸ਼ ਹਕੂਮਤ ਵੇਲੇ ਕੀਤੇ ਜਾਂਦੇ ਜ਼ੁਲਮਾਂ ਦੀ ਯਾਦ ਆ ਜਾਂਦੀ ਹੈ। ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਕਿਹਾ ਕਿ ਕਾਂਗਰਸ ਦੀ ਮੌਜੂਦਾ ਸਰਕਾਰ ਨੇ ਠੇਕੇ ਤੇ ਕੰਮ ਕਰਦੇ ਪੰਦਰਾਂ ਹਜ਼ਾਰ ਅਧਿਆਪਕਾਂ ਨੂੰ ਪੱਕੇ ਕਰਣ, ਰੈਸ਼ਨੇਲਾਈਜ਼ੇਸ਼ਨ ਨੀਤੀ ਨੂੰ ਅਧਿਆਪਕਾਂ ਦੀ ਸੂਹਲਤ ਅਨੁਸਾਰ ਲਾਗੂ ਕਰਨ ਅਤੇ ਇੱਕ ਤਰਕਸੰਗਤ ਤਬਾਦਲਾ ਨੀਤੀ ਤੈਅ ਕਰਨ ਦਾ ਜੋ ਵਾਅਦਾ ਕੀਤਾ ਸੀ, ਉਹ ਨਹੀਂ ਨਿਭਾਇਆ। ਇਹੀ ਵਜ੍ਹਾ ਹੈ ਕਿ ਅਧਿਆਪਕਾਂ ਨੇ ਆਪਣੀਆਂ ਇਨ੍ਹਾਂ ਜਾਇਜ਼ ਮੰਗਾਂ ਨੂੰ ਲੈ ਕੇ ਪੁਰਅਮਨ ਧਰਨਾ ਦੇਣ ਦਾ ਜਮਹੂਰੀ ਤਰੀਕਾ ਅਪਣਾਇਆ। ਇਸ ਤਰ੍ਹਾਂ ਹੀ ਆਂਗਣਵਾੜੀ ਵਰਕਰਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੇ ਆਪਣੇ ਅੰਦੋਲਨ ਦੇ ਅੰਗ ਵਜੋਂ ਵਿਧਾਨ ਸਭਾ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮਰਦ ਪੁਲਸ ਮੁਲਾਜ਼ਮਾਂ ਨੇ ਉਨ੍ਹਾਂ ਦੀ ਬੇਹੱਦ ਘਿਨਾਉਣੇ ਤਰੀਕੇ ਨਾਲ ਖਿੱਚਧੂਹ ਕੀਤੀ ਅਤੇ ਬੇਰਹਿਮ ਲਾਠੀਚਾਰਜ ਕਰਦਿਆਂ ਉਨ੍ਹਾਂ ਨੂੰ ਹੈਰਾਨ ਪ੍ਰੇਸ਼ਾਨ ਕਰਕੇ ਥਾਣਿਆ ਵਿੱਚ ਡੱਕ ਦਿੱਤਾ। ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇੱਕ ਸਨਮਾਨਜਨਕ ਜ਼ਿੰਦਗੀ ਜਿਉਣ ਲਈ ਲੋਕਾਂ ਵੱਲੋਂ ਰੁਜ਼ਗਾਰ ਦੀ ਮੰਗ ਕਰਨਾ ਅਤੇ ਠੇਕੇਦਾਰੀ ਸਿਸਟਮ ਨੂੰ ਖਤਮ ਕਰਕੇ ਵਾਜਬ ਤਨਖਾਹਾਂ ਦੇਣ ਦੀ ਬੇਨਤੀ ਕਰਨਾ ਉਨ੍ਹਾਂ ਦਾ ਮੁੱਢਲਾ ਮਨੁੱਖੀ ਹੱਕ ਹੈ ਅਤੇ ਇਸ ਹੱਕ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਉਨ੍ਹਾਂ ਦਾ ਜਮੂਹਰੀ ਅਧਿਕਾਰ ਵੀ ਹੈ।

ਡਾ ਅਜੀਤਪਾਲ ਸਿੰਘ ਤੇ ਅੱਗੇ ਚੱਲਕੇ ਕਿਹਾ ਕਿ ਸਰਕਾਰ ਦੀਆਂ ਉਦਾਰੀਕਰਨ ਨਿੱਜੀਕਰਨ ਤੇ ਸੰਸਾਰੀਕਰਨ ਦੀਆ ਨੀਤੀਆਂ ਤਹਿਤ ਤੈਅ ਕੀਤੇ ਨਿਯਮਾਂ ਮੁਤਾਬਕ ਸਰਕਾਰ ਦੀ ਨੌਕਰਸ਼ਾਹੀ ਵੱਲੋਂ ਏ ਸੀ ਕਮਰੇ ਵਿੱਚ ਬੈਠ ਕੇ ਲੋਕਾਂ ਅਧਿਆਪਕਾਂ ਸਿੱਖਿਆ ਸਿਹਤ, ਵਿਦਿਆਰਥੀਆ ਨੌਜਵਾਨਾਂ ਖ਼ਿਲਾਫ਼ ਘੜੀਆਂ ਜਾਂਦੀਆਂ ਨੀਤੀਆਂ ਦਾ ਵਿਰੋਧ ਹੋਣਾ ਇੱਕ ਆਮ ਵਰਤਾਰਾ ਹੈ। ਜਦੋਂ ਇਨ੍ਹਾਂ ਨੀਤੀਆਂ ਤੋਂ ਤੰਗ ਆ ਕੇ ਮੁਲਾਜ਼ਮਾਂ ਅਤੇ ਲੋਕਾਂ ਵੱਲੋਂ ਇੱਕ ਸਨਮਾਨਜਨਕ ਜ਼ਿੰਦਗੀ ਜਿਉਣ ਦੇ ਆਪਣੇ ਇਹਨਾਂ ਜਮਹੂਰੀ ਹੱਕਾਂ ਤਹਿਤ ਸੰਘਰਸ਼ ਵਿੱਢਿਆ ਜਾਂਦਾ ਹੈ ਤਾਂ ਸਰਕਾਰ ਵੱਲੋਂ ਉਨ੍ਹਾਂ ਨਾਲ ਬੈਠ ਕੇ ਗੱਲਬਾਤ ਕਰਨ ਦੀ ਬਜਾਏ ਸੰਘਰਸ਼ ਦਾ ਰਾਹ ਅਪਣਾ ਰਹੇ ਲੋਕਾਂ ਤੇ ਅੰਨ੍ਹੇਵਾਹ ਲਾਠੀਚਾਰਜ ਕਰਨ ਤੇ ਫੇਰ ਆਪ ਹੀ ਘੜੇ ਕਾਲੇ ਕਾਨੂੰਨਾਂ ਤਹਿਤ ਮੁਕੱਦਮੇ ਦਰਜ ਕਰਨ ਅਤੇ ਜੇਹਲ ਵਿੱਚ ਬੰਦ ਕਰਨ ਦਾ ਰਾਹ ਅਪਣਾਇਆਂ ਜਾਂਦਾ ਹੈ, ਜੋ ਸਰਾਸਰ ਧੱਕਾ ਹੈ ਅਤੇ ਲੋਕਾਂ ਦੇ ਸੰਘਰਸ਼ ਕਰਨ ਦੇ ਬੁਨਿਆਦੀ ਜਮਹੂਰੀ ਹੱਕਾਂ ਦੀ ਉਲੰਘਣਾ ਹੈ।

ਰੁਜ਼ਗਾਰ ਪ੍ਰਾਪਤੀ ਲੋਕਾਂ ਦਾ ਬੁਨਿਆਦੀ ਹੱਕ ਹੈ ਅਤੇ ਲੋਕਾਂ ਨੂੰ ਰੁਜ਼ਗਾਰ ਦੇਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਵੀ ਹੈ। ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ ਹੈ ਕਿ ਸੰਘਰਸ਼ ਕਰ ਰਹੇ ਮੁਲਾਜ਼ਮਾਂ ਅਧਿਆਪਕਾਂ ਤੇ ਆਂਗਣਵਾੜੀ ਵਰਕਰਾਂ ਨਾਲ ਗੱਲਬਾਤ ਦਾ ਰਾਹ ਅਪਣਾਇਆ ਜਾਵੇ ਅਤੇ ਉਨ੍ਹਾਂ ਤੇ ਕਾਲੇ ਕਾਨੂੰਨਾਂ ਤਹਿਤ ਦਰਜ ਕੀਤੇ ਕੇਸ ਤੁਰੰਤ ਵਾਪਸ ਲਏ ਜਾਣ।

**– ਡਾਕਟਰ ਅਜੀਤਪਾਲ ਸਿੰਘ**
**ਐਡੀ ਪ੍ਰੈਸ ਸਕੱਤਰ ਤੇ ਸੂਬਾ ਕਮੇਟੀ ਮੈਂਬਰ**
**ਜਮਹੂਰੀ ਅਧਿਕਾਰ ਸਭਾ ਪੰਜਾਬ**

# ਐਸਸੀ/ਐਸਟੀ.ਐਕਟ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੇ ਰੋਸ ਵਜੋਂ ਫੂਕਿਆ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ





**ਫਗਵਾੜਾ (ਰੱਤੂ)–** ਭਾਰਤੀ ਸੁਪਰੀਮ ਕੋਰਟ ਵਲੋਂ ਐਸ.ਸੀ./ਐਸ.ਟੀ. ਐਕਟ 1989 ਦੀ ਦੁਰਵਰਤੋਂ ਨੂੰ ਰੋਕਣ ਦੇ ਮਨੋਰਥ ਨਾਲ ਦਿੱਤੀਆਂ ਡਾਇਰੈਕਸ਼ਨਾਂ ਦੇ ਵਿਰੋਧ ਵਿਚ ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਸੂਬਾ ਪ੍ਰਧਾਨ ਹਰਭਜਨ ਸੁਮਨ ਦੀ ਅਗਵਾਈ ਹੇਠ ਬੀ.ਜੇ.ਪੀ. ਸਰਕਾਰ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜ ਕੇ ਰੋਸ ਮੁਜਾਹਰਾ ਕੀਤਾ ਗਿਆ। ਸਮੂਹ ਸੈਨਾ ਵਰਕਰ ਡਾ. ਅੰਬੇਡਕਰ ਪਾਰਕ ਹਰਗੋਬਿੰਦ ਨਗਰ ਵਿਖੇ ਇਕੱਠੇ ਹੋਏ ਅਤੇ ਰੋਸ ਮਾਰਚ ਕਰਦੇ ਹੋਏ ਜੀ.ਟੀ. ਚੌਕ ਪੁੱਜੇ ਜਿੱਥੇ ਮੋਦੀ ਸਰਕਾਰ ਦੇ ਖਿਲਾਫ ਜੋਰਦਾਰ ਨਾਅਰੇਬਾਜੀ ਕਰਦਿਆਂ ਪੁਤਲਾ ਸਾੜਿਆ। ਇਸ ਉਪਰੰਤ ਅੰਬੇਡਕਰ ਸੈਨਾ ਦੇ ਸਮੂਹ ਵਰਕਰ ਤਹਿਸੀਲ ਕੰਪਲੈਕਸ ਪੁੱਜੇ ਜਿੱਥੇ ਐਸ.ਡੀ.ਐਮ. ਫਗਵਾੜਾ ਜਯੋਤੀ ਬਾਲਾ ਮੱਟੂ ਨੂੰ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਇਕ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਹਰਭਜਨ ਸੁਮਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਨੇ ਐਸ.ਸੀ./ਐਸ.ਟੀ. ਐਕਟ ਖਿਲਾਫ ਫੈਸਲਾ ਦੇਣ ਤੋਂ ਪਹਿਲਾਂ ਦੋ ਵਾਰ ਸੈਂਟਰ ਸਰਕਾਰ ਨੂੰ ਨੋਟਿਸ ਭੇਜਿਆ ਪਰ ਕੇਂਦਰ ਸਰਕਾਰ ਨੇ ਨਾ ਬੀ ਉਕਤ ਐਕਟ ਦੇ ਹੱਕ ਵਿਚ ਕੋਈ ਜਵਾਬ ਦਾਖਲ ਕੀਤਾ ਗਿਆ ਤੇ ਨਾ ਹੀ ਪੈਰਵਾਈ ਕਰਨ ਲਈ ਅਟਾਰਨੀ ਜਨਰਲ ਆਫ ਇੰਡੀਆ ਨੂੰ ਭੇਜਿਆ। ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਦਲਿਤਾਂ ਦੇ ਮਾਣ ਸਨਮਾਨ ਦੀ ਰਾਖੀ ਕਰਨ ਵਾਲੇ ਐਸ.ਸੀ/ਐਸ.ਟੀ. ਐਕਟ ਨੂੰ ਇਕ ਸਾਜਿਸ਼ ਅਧੀਨ ਖਤਮ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਰਾਸ਼ਟਰਪਤੀ ਦੇ ਨਾਂ ਦਿੱਤੇ ਮੰਗ ਪੱਤਰ ਵਿਚ ਉਕਤ ਫੈਸਲੇ ਤੇ ਰੋਕ ਲਗਾਉਣ ਦੀ ਅਪੀਲ ਕੀਤੀ ਗਈ ਹੈ।

ਇਸ ਮੌਕੇ ਧਰਮਵੀਰ ਚੱਕ ਹਕੀਮ, ਪਵਨ ਬੱਧਣ, ਮਾਨਾ ਬੋਧ, ਜਸਵਿੰਦਰ ਬੋਧ, ਸੰਦੀਪ ਕੌਲਸਰ, ਗੋਪੀ ਚੱਕ ਹਕੀਮ, ਜਸਵਿੰਦਰ ਜਗਤਪੁਰ ਜੱਟਾਂ, ਪ੍ਰਦੀਪ ਮੱਲ, ਪ੍ਰਦੀਪ ਅੰਬੇਡਕਰੀ, ਅਜੈਬ ਸਿੰਘ, ਵਿਨੇ ਬੰਟੀ ਤੋਂ ਇਲਾਵਾ ਗੁਰੂ ਰਵਿਦਾਸ ਫੋਰਸ ਪੰਜਾਬ ਦੇ ਪ੍ਰਧਾਨ ਯਸ਼ ਬਰਨਾ ਹਾਜਰ ਸਨ।

Urgent meeting of Core Committee of National Executive Council of Forum of SC and ST Legislators & Parliamentarians in New Delhi to Discuss Urgent matter related to Hon'ble Supreme Court Judgement about Prevention of SC-ST Atrocities Act of India and Reservation issue related to Ministry of HRD (UGC & Other Educational Institutions)

The Delegation of Our Honourable Members of Parliament of Lok Sabha & Rajya Sabha met Honourable Prime Minister of India Shri.Narendra Modi ji and National President of BJP Hon'ble Shri.Amit Shah ji, discussed this serious issue and they assured full Support in favour of Prevention of SC-ST Act and in coming days Government of India will be doing appropriate action for the protection of SCs & STs of India.

This meeting was attended by Shri. Arjun Ram Meghwal-Hon'ble Minister of State, Shri Amar Shankar Sable-Hon' MP, Sardar Inder Iqbal Singh Atwal Working President of Forum and Others.




A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸਰਕਾਰ ਦਲਿਤਾਂ ਦੇ ਨਾਲ ਧੋਖਾ ਕਰ ਰਹੀ ਹੈ

## ਐਸ.ਸੀ., ਐਸ.ਟੀ.ਐਕਟ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸਹੀ ਨਹੀਂ





**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਅਹੁਦੇਦਾਰਾਂ ਨੇ ਮਾਣਯੋਗ ਡਿਪਟੀ ਕਮਿਸ਼ਨਰ, ਜਲੰਧਰ ਦੇ ਦੁਆਰਾ ਮਾਣਯੋਗ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਇਕ ਮੰਗ ਪੱਤਰ ਦਿੱਤਾ, ਜਿਸ ਵਿਚ ਸੁਸਾਇਟੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਸਮੁਦਾਏ ਕੇਂਦਰ ਸਰਕਾਰ ਦੀਆਂ ਕੁਝ ਕਾਰਵਾਈਆਂ ਤੋਂ ਇਹ ਮਹਿਸੂਸ ਕਰ ਰਹੇ ਹਨ ਕਿ ਸਰਕਾਰ ਉਹਨਾਂ ਨੂੰ ਉੱਚੀ ਜਾਤੀਆਂ ਦੇ ਗੁਲਾਮ ਹੀ ਬਣਾਇਆ ਰੱਖਣਾ ਚਾਹੁੰਦੀ ਹੈ। ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲਈ ਪੰਜ ਸਾਲਾ ਉਪ ਯੋਜਨਾ ਹਿੱਤ ਬਜਟ ਵਿਚ ਰਾਸ਼ੀ ਨਿ-ਰਧਾਰਿਤ ਕਰਨਾ ਵੀ ਬੰਦ ਕਰ ਦਿੱਤਾ ਹੈ। ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਕੋਟਾ ਪੂਰਾ ਕਰਨ ਦੇ ਲਈ ਸਰਕਾਰ ਦੀ ਕੋਈ ਗੰਭੀਰ ਸੋਚ ਨਹੀਂ ਹੈ, ਭੂਮੀ ਸੁਧਾਰ ਇੱਕਦਮ ਬੰਦ ਕਰ ਦਿੱਤੇ ਗਏ ਹਨ, ਸੱਚ ਤਾਂ ਇਹ ਹੈ ਕਿ ਭੂਮੀ ਸੁਧਾਰ ਸ਼ੁਰੂ ਹੀ ਨਹੀਂ ਕੀਤੇ ਗਏ, 31 ਫੀਸਦੀ ਦਲਿਤ (ਅਨੁਸੂਚਿਤ ਜਾਤੀਆਂ) ਅਤੇ 45 ਫੀਸਦੀ ਆਦਿਵਾਸੀ (ਅਨੁਸੂਚਿਤ ਜਨਜਾਤੀਆਂ) ਗਰੀਬੀ ਰੇਖਾ ਤੋਂ ਥੱਲੇ ਜੀਵਨ ਗੁਜ਼ਾਰ ਰਹੇ ਹਨ। ਜੇਕਰ ਭੂਮੀ ਸੁਧਾਰ ਕੀਤੇ ਜਾਂਦੇ ਤਾਂ ਨਾ ਕੇਵਲ ਉਹਨਾਂ ਨੂੰ ਰੁਜ਼ਗਾਰ ਦੇ ਸਾਧਨ ਉਪਲਬਧ ਹੁੰਦੇ ਬਲਕਿ ਉਹਨਾਂ ਦੀ ਇੱਜ਼ਤ ਵਿਚ ਵੀ ਵਾਧਾ ਹੁੰਦਾ। ਭਾਰਤ ਦੇ ਸੰਵਿਧਾਨ ਦਾ ਅਨੁਛੇਦ 46 ਸਰਕਾਰ ਦਾ ਫਰਜ਼ ਲਗਾਉਂਦਾ ਹੈ ਕਿ ਉਹ ਸਮਾਜ ਦੇ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਸਮਾਜਿਕ ਅਨਿਆਂ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਏਗੀ। ਸਰਕਾਰ ਨੇ ਇਸ ਸੰਵਿਧਾਨਕ ਉਪਬੰਧ (ਆਦੇਸ਼) ਨੂੰ ਕਦੇ ਵੀ ਗੰਭੀਰਤਾ ਦੇ ਨਾਲ ਨਹੀਂ ਲਿਆ ਅਤੇ ਇਸਦੇ ਲਈ ਨਾ ਹੀ ਕੋਈ ਉਚਿਤ ਕਾਰਵਾਈ ਕੀਤੀ ਅਤੇ ਨਾ ਹੀ ਕੋਈ ਕਾਨੂੰਨ ਬਣਾਇਆ। ਹੁਣ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਕਾਨੂੰਨ ਨੂੰ ਕਮਜ਼ੋਰ ਬਲਕਿ ਸਮਾਪਤ ਹੀ ਕਰ ਦਿੱਤਾ ਗਿਆ ਹੈ। ਸਰਕਾਰ ਨੇ ਸੁਪਰੀਮ ਕੋਰਟ ਦੇ ਸਾਹਮਣੇ ਜਿਸਨੇ ਇਸ ਕਾਨੂੰਨ ਨੂੰ ਕਮਜ਼ੋਰ ਕੀਤਾ ਹ, ਆਪਣਾ ਤਰਕ ਸਰਕਾਰੀ ਵਕੀਲ ਦੁਆਰਾ ਜ਼ੋਰਦਾਰ ਢੰਗ ਨਾਲ ਨਹੀਂ ਰੱਖਿਆ, ਸਾਡੀ ਮੰਗ ਹੈ ਕਿ ਇਸ ਕਾਨੂੰਨ ਨੂੰ ਹੋਰ ਵੀ ਜ਼ਿਆਦਾ ਸਖ਼ਤ ਬਣਾਇਆ ਜਾਵੇ, ਕਿਉਂਕਿ ਅਜੇ ਵੀ ਦੇਸ਼ ਭਰ ਵਿਚ ਦਲਿਤਾਂ ਦੇ ਨਾਲ ਛੂਆਛਾਤ ਅਤੇ ਅੱਤਿਆਚਾਰ ਜਾਰੀ ਹਨ। 27 ਫੀਸਦੀ ਭਾਰਤੀਆਂ ਨੇ ਸਵੀਕਾਰ ਕੀਤਾ ਹੈ ਕਿ ਉਹ ਛੂਆਛਾਤ ਕਰਦੇ ਹਨ। ਉਦਾਹਰਣ ਦੇ ਤੌਰ ਤੇ ਤਥਾਕਥਿਤ ਦੇਵ-ਭੂਮੀ ਹਿਮਾਚਲ ਪ੍ਰਦੇਸ਼ ਵਿਚ 24 ਪ੍ਰਕਾਰ ਦੀ ਛੂਆਛਾਤ ਕੀਤੀ ਜਾਂਦੀ ਹੈ। ਦਲਿਤਾਂ ਦੇ ਇਸ ਅਹਿਸਾਸ ਨੂੰ ਰਾਸ਼ਟਰੀ ਪੱਧਰ 'ਤੇ ਸਮਾਜਿਕ ਅਤੇ ਆਰਥਿਕ ਪ੍ਰੋਗਰਾਮ ਨੂੰ ਸ਼ੁਰੂ ਕਰਕੇ ਅਤੇ ਇਮਾਨਦਾਰੀ ਨਾਲ ਦਰ ਕੀਤਾ ਜਾਣਾ ਚਾਹੀਦਾ ਹੈ।

## ਐਸ.ਸੀ/ਐਸ.ਟੀ.ਐਕਟ 'ਤੇ ਆਏ ਫੈਸਲੇ ਕਾਰਨ ਦਲਿਤ ਸਮਾਜ ਮਾਯੂਸ: ਕਟਾਰੀਆ



**ਕੁਰੂਕਸ਼ੇਤਰ–** ਭਾਰਤੀ ਜਨਤਾ ਪਾਰਟੀ ਦੇ ਐਸ. ਸੀ. ਮੋਰਚੇ ਦੇ ਸਾਬਕਾ ਰਾਸ਼ਟਰੀ ਉਪ ਪ੍ਰਧਾਨ ਅਤੇ ਕੇਂਦਰੀ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ ਦੀ ਫਾਊਂਡੇਸ਼ਨ ਦੇ ਮੈਂਬਰ ਸੂਰਜ ਭਾਨ ਕਟਾਰੀਆ ਨੇ ਕਿਹਾ ਕਿ ਬੀਤੇ ਦਿਨੀਂ ਸੁਪਰੀਮ ਕੋਰਟ ਵੱਲੋਂ ਅਨੁਸੂਚਿਤ ਜਾਤੀ/ਜਨਜਾਤੀ ਐਕਟ ਨਿਯਮ ਮੁਤਾਬਕ ਬੇਨਤੀਕਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕਰਨ ਤੋਂ ਪਹਿਲਾਂ ਉਪ ਪੁਲਿਸ ਅਧਿਕਾਰੀ ਜਾਂਚ ਕਰਵਾਉਣ ਅਤੇ ਅਦਾਲਤ ਅਗਾਊ ਜਮਾਨਤ ਦੇਣ ਦੀਆਂ ਕਾਨੂੰਨੀ ਵਿਵਸਥਾਵਾਂ 'ਤੇ ਦਿੱਤੇ ਫੈਸਲਿਆਂ ਕਾਰਨ ਪੂਰੇ ਦੇਸ਼ ਦਾ ਦਲਿਤ ਸਮਾਜ ਮਾਯੂਸ ਹੈ।

ਕੇਂਦਰੀ ਮੰਤਰਾਲੇ ਦੇ ਮੈਂਬਰ ਸੂਰਜਭਾਨ ਕਟਾਰੀਆ ਨੇ ਪੱਤਰਕਾਰਾਂ ਨੂੰ ਕਿਹਾ ਕਿ ਕਰੋੜਾਂ ਅਨੁਸੂਚਿਤ ਜਾਤੀ/ਜਨਜਾਤੀ ਸਮਾਜ ਦੇ ਲੋਕਾਂ ਨੂੰ ਸੰਵਧਾਨਕ ਅਤੇ ਸਮਾਜਿਕ ਸੰਵੇਦਨਾਂ ਨੂੰ ਸੁਪਰੀਮ ਕੋਰਟ ਤੱਕ ਪਹੁੰਚਣ ਦੇ ਲਈ ਸਾਰੇ ਰਾਜਨੀਤਿਕ ਅਤੇ ਸਮਾਜਿਕ ਲੋਕਾਂ ਨੂੰ ਇੱਥਜੁਟ ਹੋ ਕੇ ਇਸ ਫੈਸਲੇ 'ਤੇ ਮੁੜ ਵਿਚਾਰ ਰਿੱਟ ਦਾਖਲ ਕਰਨੀ ਚਾਹੀਦੀ ਹੈ। ਕਟਾਰੀਆ ਨੇ ਕਿਹਾ ਕਿ ਅੱਜ ਦਸ਼ ਦੀ ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਲੱਖਾਂ-ਕਰੋੜਾਂ ਮਾਮਲੇ ਅਨੁਸੂਚਿਤ ਜਾਤੀ/ਜਨਜਾਤੀ ਸ਼ੋਸ਼ਣ ਦੇ ਅਦਾਲਤਾਂ ਅਤੇ ਅਨੁਸੂਚਿਤ ਕਮਿਸ਼ਨ ਵਿਚ ਪੈਂਡਿੰਗ ਹਨ ਅਤੇ ਐਸ. ਸੀ./ਐਸ. ਟੀ. ਵਰਗ ਦੇ ਲੋਕ ਪੀੜ ਨਾਲ ਜੂਝ ਰਹੇ ਹਨ, ਉਸ 'ਤੇ ਸੁਪਰੀਮ ਕੋਰਟ ਦੁਆਰਾ ਇਹ ਆਧਾਰ ਬਣਾਉਣਾ ਕਿ ਐਸ. ਸੀ./ਐਸ. ਟੀ. ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ, ਇਹ ਠੀਕ ਨਹੀਂ ਹੈ। ਦਲਿਤ ਸਮਾਜ ਦੇ ਬੁੱਧੀਜੀਵੀ ਲੋਕਾਂ ਨੂੰ ਇੱਕਜੁਟ ਹੋ ਕੇ ਆਪਣੀ ਗੱਲ ਕਾਨੂੰਨੀ ਵਿਵਸਥਾ ਦੇ ਤਹਿਤ ਸੁਪਰੀਮ ਕੋਰਟ ਦੇ ਸਾਹਮਣੇ ਮੁੜ ਵਿਚਾਰ ਰਿੱਟ ਦੇ ਜ਼ਰੀਏ ਲਿਆਉਣੀ ਚਾਹੀਦੀ ਹੈ।

## ਐਸ.ਸੀ.ਐਕਟ 'ਤੇ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਭਾਜਪਾ ਨੇਤਾ ਸ਼ਾਂਤ ਪ੍ਰਕਾਸ਼ ਜਾਟਵ ਨੇ ਪ੍ਰਗਟਾਈ ਅਸਹਿਮਤੀ

**ਨਵੀਂ ਦਿੱਲੀ–** ਪ੍ਰਮੁੱਖ ਭਾਜਪਾ ਲੀਡਰ ਸ਼ਾਂਤ ਪ੍ਰਕਾਸ਼ ਜਾਟਵ ਨੇ ਸੁਪਰੀਮ ਕੋਰਟ ਦੁਆਰਾ ਐਸ. ਸੀ. ਐਕਟ ਵਿਚ ਕੀਤੀ ਗਈ ਤਬਦੀਲੀ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਫੈਸਲਾ ਅਨੁਸੂਚਿਤ ਜਾਤੀ ਦੇ ਸ਼ੋਸ਼ਣ ਨੂੰ ਹੱਲਾਸ਼ੇਰੀ ਦੇਵੇਗਾ। ਜਾਟਵ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਸ਼ੋਸ਼ਣ ਤੇ ਤੁਰੰਤ ਐਫ. ਆਈ. ਆਰ. ਦਰਜ ਕਰਨ ਅਤੇ ਗ੍ਰਿਫਤਾਰੀ ਰੋਕਣ 'ਤੇ ਮੁੜ ਵਿਚਾਰ ਕਰਨ ਅਤੇ ਕਾਨੂੰਨ ਵਿਚ ਸੋਧ ਦੀ ਮੰਗ ਕੀਤੀ ਹੈ। ਸ਼ਾਂਤ ਪ੍ਰਕਾਬ ਜਾਟਵ ਨੇ ਕਿਹਾ ਕਿ ਕਾਨੂੰਨ ਵਿਚ ਉਕਤ ਸੋਧ ਨਾ ਕੇਵਲ ਕਾਨੂੰਨ ਦੀ ਦੁਰਵਰਤੋਂ ਨੂੰ ਰੋਕੇਗਾ ਬਲਕਿ ਸਮਾਜ ਵਿਚ ਪਾਈ ਜਾਂਦੀ ਸਮੱਸਿਆ ਨੂੰ ਖਤਮ ਕਰਨ ਵਿਚ ਸਹਿਯੋਗ ਕਰੇਗਾ।

ਉਹਨਾਂ ਨੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਕਿ ਸਮਾਜ ਹਿਤ ਵਿਚ ਅਨੁਸੂਚਿਤ ਜਾਤੀ ਜਨਜਾਤੀ ਕਾਨੂੰਨ ਵਿਚ ਸੋਧ ਕਰਾਉਣ ਦਾ ਕਸ਼ਟ ਕਰਨ ਅਤੇ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੁੜ ਵਿਚਾਰ ਕਰਕੇ ਜਿਵੇਂ ਪਹਿਲਾਂ ਸੀ, ਉਵੇਂ ਰਹਿਣ ਦਿੱਤਾ ਜਾਵੇ।

ਜਾਟਵ ਨੇ ਪ੍ਰਧਾਨ ਮੰਤਰੀ ਦੇ ਨਾਂ ਲਿਖੇ ਇਸ ਪੱਤਰ ਵਿਚ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਨੇ ਪੁਣੇ ਮਹਾਰਾਸ਼ਟ+ ਵਿਚ ਦਰਜ ਇਕ ਸ਼ਿਕਾਇਤ ਜਿਸ ਵਿਚ ਸ਼ਿਕਾਇਤਕਰਤਾ ਨੇ ਦੋ ਅਧਿਕਾਰੀਆਂ ਦੇ ਖਿਲਾਫ ਅਨੁਸੂਚਿਤ ਜਾਤੀ-ਜਨਜਾਤੀ ਐਕਟ ਦੇ ਤਹਿਤ 'ਸ਼ਿਕਾਇਤ ਕੀਤੀ ਸੀ, ਉਸਦ ਗਲਤ ਪਾਏ ਜਾਣ ਤ ਸੁਪਰੀਮ ਕੋਰਟ ਨੇ ਅਨੁਸੂਚਿਤ ਜਾਤੀ, ਜਨਜਾਤੀ ਕਾਨੂੰਨ ਦੇ ਤਹਿਤ ਤੁਰੰਤ ਪਰਚਾ ਅਤੇ ਗ੍ਰਿਫਤਾਰੀ ਤੇ ਜੋ ਰੋਕ ਲਗਾਈ ਹੈ, ਉਹ ਬਦਕਿਸਮਤੀ ਵਾਲੀ ਹੈ।

## ਸੁਪਰੀਮ ਕੋਰਟ ਦੁਆਰਾ ਅਨੁਸੂਚਿਤ ਜਾਤੀ ਅੱਤਿਆਚਾਰ ਰੋਕਥਾਮ ਐਕਟ ਨੂੰ ਨਰਮ ਕਰਨ ਦੇ ਫੈਸਲੇ ਬਾਰੇ ਸੁਪਰੀਮ ਕੋਰਟ ਵਿਚ ਹੋਵੇ ਚਰਚਾ

**ਖੰਨਾ–** ਲੋਕ ਜਨਸ਼ਕਤੀ ਪਾਰਟੀ ਦੇ ਸੂਬਾ ਪ੍ਰਧਾਨ ਕਿਰਨਜੀਤ ਸਿੰਘ ਗਹਿਰੀ ਮੈਂਬਰ ਐਫ. ਸੀ. ਆਈ. ਖਪਤਕਾਰ ਅਤੇ ਫੂਡ ਸਪਲਾਈਵਿਭਾਗ ਭਾਰਤ ਸਰਕਾਰ ਦੁਆਰਾ ਲਾਲ ਲਕੀਰ ਖਤਮ ਕਰਕੇ ਲੋਕਾਂ ਨੂੰ ਘਰਾਂ ਦੇ ਮਾਲਕ ਬਣਾਉਣਾ, ਨੌਜਵਾਨਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਯੂਥ ਕਮਿਸ਼ਨ ਲਾਗੂ ਕਰਵਾਉਣ ਅਤੇ ਲੇਬਰ ਐਕਟ ਦੇ ਤਹਿਤ 24 ਹਜ਼ਾਰ ਰੁਪਏ ਪ੍ਰਤੀ ਮਹੀਨਾ ਕੱਚੇ ਕਰਮਚਾਰੀਆਂ ਨੂੰ ਦਿਵਾਉਣ ਲਈ ਆਰੰਭ ਕੀਤੇ ਜਾਣ ਵਾਲੇ ਅੰਦੋਲਨ ਨੂੰ ਤੇਜ਼ ਕਰਦੇ ਹੋਏ ਖੰਨਾ ਵਿਚ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਾਜਿੰਦਰ ਸਿੰਘ ਰਾਮਗੜ੍ਹੀਆ, ਲਖਵੀਰ ਸਿੰਘ ਰਾਜਧਨ, ਜਨਰਲ ਸਕੱਤਰ ਪੰਜਾਬ ਲੋਜਪਾ, ਬੋਹੜ ਸਿੰਘ ਘਾਰੂ ਉਪ ਪ੍ਰਧਾਨ ਪੰਜਾਬ ਮੈਂਬਰ ਐਫ. ਸੀ. ਆਈ ਦੀ ਅਗਵਾਈ ਵਿਚ ਹੋਈ ਬੈਠਕ ਨੂੰ ਸੰਬੋਧਿਤ ਕਰਦਿਆਂ ਭਾਜਪਾ ਪ੍ਰਧਾਨ ਕਿਰਨਜੀਤ ਸਿੰਘ ਗਹਿਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਲ ਭਰ ਦਲਿਤਾਂ ਗਰੀਬਾਂ ਨੂੰ ਧੋਖੇ ਵਿਚ ਰੱਖ ਕੇ ਰਾਜ ਕੀਤਾ ਹੈ।

ਲੋਕਾਂ ਦੇ ਭਰਵੇਂ ਜਲਸੇ ਨੂੰ ਸੰਬੋਧਿਤ ਕਰਦਿਆਂ ਸੂਬਾ ਪ੍ਰਧਾਨ ਗਹਿਰੀ ਨੇ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ, ਉਦਯੋਗਪਤੀਆਂ ਦਾ ਕਰਜਾ ਮੁਆਫ,ਪਰ ਪੰਜਾਬ ਦੇ 40 ਫੀਸਦੀ ਸਭ ਤੋਂ ਜ਼ਿਆਦ-ਾਵੋਟਾਂ ਵਾਲੇ ਦਲਿਤਾਂ ਦਾ ਸਿਰਫ98 ਕਰੋੜਦਾ ਕਰਜ਼ਾ ਮੁਆਫ ਨਾ ਕਰਕੇ ਸਰਕਾਰ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਸਰਕਾਰ ਦੀ ਕੈਬਨਿਟ ਦਲਿਤ ਵਿਰੋਧੀ ਹੈ ਅਤੇ ਵਿਧਾਨ ਸਭਾ ਵਿਚ ਬੈਠੇ 34 ਦਲਿਤ ਵਿਧਾਇਕ ਦਲਿਤਾਂ ਦੇ ਲਈ ਆਵਾਜ਼ ਨਾ ਉਠਾ ਕੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਧੋਖਾ ਦੇ ਰਹੇ ਹਨ।

ਉਹਨਾਂ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਕਿਹਾਕਿ ਦੇਸ਼ ਦੀ ਪਾਰਲੀਮੈਂਟ ਨੂੰ ਸੁਪਰੀਮ ਕੋਰਟ ਦੇ ਫੈਸਲੇ ਤੇ ਵਿਚਾਰ ਕਰਦੇ ਹੋਏ ਜਾਤੀ ਆਧਾਰਿਤ ਫੈਸਲੇ ਦੇਣ ਤੋਂ ਰੋਕਣ ਲਈ ਚਰਚਾ ਕਰਨੀ ਚਾਹੀਦੀ ਹੈ। ਇਸ ਮੌਕੇ ਰਾਜਿੰਦਰ ਸਿੰਘ ਰਾਮਗੜ੍ਹੀਆ ਸਮੇਤ ਕਈ ਲੋਕਾਂ ਨੇ ਸੰਬੋਧਨ ਕੀਤਾ।

## ਐਸਸੀ/ਐਸਟੀ.ਐਕਟ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀ ਰੀਵਿਊ ਪਟੀਸ਼ਨ ਦਾਖਲ ਕਰੇ ਮੋਦੀ ਸਰਕਾਰ- ਪਰਮਿੰਦਰ ਪਲਾਹੀ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ ਯੂਥ ਦੀ ਇਕ ਮੀਟਿੰਗ ਸ਼ਹਿਰੀ ਪ੍ਰਧਾਨ ਜਗਦੀਪ ਜੱਗੀ ਅਤੇ ਦਿਹਾਤੀ ਪ੍ਰਧਾਨ ਰਾਜਾ ਖਲਵਾੜਾ ਦੀ ਸਾਂਝੀ ਅਗਵਾਈ ਹੇਠ ਹੋਈ ਜਿਸ ਵਿਚ ਬਸਪਾ ਦੇ ਜਿਲ੍ਹਾ ਪ੍ਰਧਾਨ ਪਰਮਿੰਦਰ ਪਲਾਹੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਰਮਿੰਦਰ ਪਲਾਹੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਲਾਪਰਵਾਹੀ ਅਤੇ ਦਲਿਤ ਵਿਰੋਧੀ ਰਵਈਏ ਕਾਰਨ ਭਾਰਤ ਦੀ ਸੁਪਰੀਮ ਕੋਰਟ ਨੇ ਐਸ.ਸੀ./ਐਸ.ਟੀ. ਐਕਟ ਖਿਲਾਫ ਫੈਸਲਾ ਦਿੱਤਾ ਹੈ ਜਿਸ ਨਾਲ ਦਲਿਤਾਂ ਖਿਲਾਫ ਅਤਿਆਚਾਰ ਦੀਆਂ ਘਟਨਾਵਾਂ ਵਿਚ ਵਾਧਾ ਹੋਵੇਗਾ। ਉਹਨਾਂ ਕਿਹਾ ਕਿ ਪਹਿਲਾਂ ਇਸ ਐਕਟ ਅਧੀਨ ਦੋਸ਼ੀਆਂ ਖਿਲਾਫ ਤੁਰੰਤ ਥਾਣੇ ਵਿਚ ਪਰਚਾ ਦਰਜ ਹੋ ਜਾਂਦਾ ਸੀ ਪਰ ਹੁਣ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਮਾਮਲੇ ਨੂੰ ਜਾਂਚ ਦੇ ਨਾਮ ਤੇ ਲਟਕਾਇਆ ਜਾਵੇਗਾ ਜਿਸ ਨਾਲ ਪੀੜ੍ਹਤਾਂ ਨੂੰ ਨਿਆ ਲਈ ਪੁਲਿਸ ਥਾਣਿਆਂ ਅਤੇ ਅਫਸਰਾਂ ਦੇ ਦਫਤਰਾਂ ਵਿਚ ਖੱਜਲ ਖੁਆਰ ਹੋਣਾ ਪਵੇਗਾ। ਇਹ ਸਭ ਕੇਂਦਰ ਦੀ ਮੋਦੀ ਸਰਕਾਰ ਦੇ ਦਲਿਤ ਵਿਰੋਧੀ ਰਵੱਈਏ ਦਾ ਨਤੀਜਾ ਹੈ।

ਇਸ ਲਈ ਉਹ ਮੋਦੀ ਸਰਕਾਰ ਤੋਂ ਮੰਗ ਕਰਦੇ ਹਨ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਰੁਕਵ-ਾਉਣ ਅਤੇ ਮਾਣਯੋਗ ਅਦਾਲਤ ਨੂੰ ਮਾਮਲੇ ਬਾਰੇ ਪੁਨਰ ਵਿਚਾਰ ਕਰਨ ਲਈ ਇਕ ਪਟੀਸ਼ਨ ਦਾਖਲ ਕੀਤੀ ਜਾਵੇ ਅਤੇ ਯੋਗ ਵਕੀਲਾਂ ਤੋਂ ਐਸ.ਸੀ./ਐਸ.ਟੀ. ਐਕਟ ਦੇ ਹੱਕ ਵਿਚ ਪੈਰਵਾਈ ਕਰਵਾਈ ਜਾਵੇ। ਇਸ ਮੌਕੇ ਬੱਬੀ ਪਲਾਹੀ, ਮਨਜੀਤ ਖਲਵਾੜਾ, ਦਲਜੀਤ ਮੇਹਟਾਂ, ਅਜੇ ਹਦੀਆਬਾਦ, ਹੈਪੀ ਕਾਂਸ਼ੀ ਨਗਰ, ਸੈਸਨ ਗੰਢਵਾ ਅਤੇ ਸ਼ੀਪਾ ਗੰਢਵਾ ਤੋਂ ਇਲਾਵਾ ਬਸਪਾ ਯੂਥ ਦੇ ਹੋਰ ਵਰਕਰ ਵੀ ਹਾਜਰ ਸਨ।

----------

## ਸਰਕਾਰ ਦਲਿਤਾਂ ਨਾਲ ਧੋਖਾ ਕਰ ਰਹੀ ਹੈ

### ਐਸ.ਸੀ., ਐਸ.ਟੀ.ਐਕਟ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸਹੀ ਨਹੀਂ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਬਾ ਦੇ ਅਹੁਦੇਦਾਰਾਂ ਨੇ ਮਾਣਯੋਗ ਡਿਪਟੀ ਕਮਿਸ਼ਨਰ ਜਲੰਧਰ ਦੁਆਰਾ ਮਾਣਯੋਗ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਇਕ ਮੰਗ ਪੱਤਰ ਦਿੱਤਾ, ਜਿਸ ਵਿਚ ਸੁਸਾਇਟੀ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਸਮੁਦਾਏ ਕੇਂਦਰ ਸਰਕਾਰ ਦੀਆਂ ਕੁਝ ਕਾਰਵਾਈਆਂ ਤੋਂ ਇਹ ਮਹਿਸੂਸ ਕਰ ਰਹੇ ਹਨ ਕਿ ਸਰਕਾਰ ਉਹਨਾਂ ਨੂੰ ਉਚੀ ਜਾਤੀਆਂ ਦੇ ਗੁਲਾਮ ਹੀ ਬਣਾਈ ਰੱਖਣਾ ਚਾਹੁੰਦੀ ਹੈ। ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲਈ ਪੰਜ ਸਾਲਾ ਉਪ ਯੋਜਨਾ ਹਿਤ ਬਜਟ ਵਿਚ ਰਾਸ਼ੀ ਨਿਰਧਾਰਿਤ ਕਰਨਾ ਵੀ ਬੰਦ ਕਰ ਦਿੱਤਾ ਹੈ। ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਕੋਟਾ ਪੂਰਾ ਕਰਨ ਦੇ ਲਈ ਸਰਕਾਰ ਦੀ ਕੋਈ ਗੰਭੀਰ ਸੋਚ ਨਹੀਂ ਹੈ, ਭੂਮੀ ਸੁਧਾਰ ਇੱਕਦਮ ਬੰਦ ਕਰ ਦਿੱਤੇ ਗਏ ਹਨ। ਸੱਚ ਤਾਂ ਇਹ ਹੈ ਕਿ ਭੂਮੀ ਸੁਧਾਰ ਸ਼ੁਰੂ ਹੀ ਨਹੀਂ ਕੀਤੇ ਗਏ। 31 ਫੀਸਦੀ ਦਲਿਤ ਅਤੇ 45 ਫੀਸਦੀ ਆਦਿਵਾਸੀ ਗਰੀਬੀ ਰੇਖਾ ਤੋਂ ਥੱਲੇ ਜੀਵਨ ਗੁਜ਼ਾਰ ਰਹੇ ਹਨ। ਜੇਕਰ ਭੂਮੀ ਸੁਧਾਰ ਕੀਤੇ ਜਾਂਦੇ ਤਾਂ ਨਾ ਕੇਵਲ ਉਹਨਾਂ ਨੂੰ ਆਜੀਵਿਕਾ ਦੇ ਸਾਧਨ ਉਪਲਬਧ ਹੁੰਦੇ ਬਲਕਿ ਉਹਨਾਂ ਦੀ ਇੱਜਤ ਵਿਚ ਵੀ ਵਾਧਾ ਹੁੰਦਾ।

ਭਾਰਤ ਦੇ ਸੰਵਿਧਾਨ ਦਾ ਅਨੁਛੇਦ 46 ਸਰਕਾਰ ਦਾ ਫਰਜ਼ ਲਗਾਉਂਦਾ ਹੈ ਕਿ ਉਹ ਸਮਾਜ ਦੇ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਸਮਾਜਿਕ ਅਨਿਆ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਵੇਗੀ। ਸਰਕਾਰ ਨੇ ਇਸ ਸੰਵਿਧਾਨਕ ਉਪਬੰਦ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਅਤੇ ਇਸਦੇ ਲਈ ਨਾ ਹੀ ਕੋਈ ਉਚਿਤ ਕਾਰਵਾਈ ਕੀਤੀ ਅਤੇ ਨਾ ਹੀ ਕੋਈ ਕਾਨੂੰਨ ਬਣਾਇਆ।

## ਕਿਮ ਜੋਂਗ ਉਨ ਵੱਲੋਂ ਚੀਨ ਦੀ ਗੁਪਤ ਫੇਰੀ



**ਪੇਈਚਿੰਗ–** ਉੱਤਰੀ ਕੋਰੀਆ ਦਾ ਤਾਨਾਸ਼ਾਹ ਕਿਮ ਜੋਂਗ ਉਨ ਚੁੱਪ ਚੁਪੀਤੇ ਅਣਕਿਆਸੇ ਦੌਰੇ ਉੱਤੇ ਆਪਣੇ ਪੁਰਾਣੇ ਭਾਈਵਾਲ ਦੇਸ਼ ਚੀਨ ਦੀ ਰਾਜਧਾਨੀ ਪੇਈਚਿੰਗ ਪੁੱਜ ਗਿਆ। ਕਿਮ ਦੇ ਇਸ ਦੌਰੇ ਨੂੰ ਬੇਹੱਦ ਗੁਪਤ ਰੱਖਿਆ ਗਿਆ ਹੈ। ਕਿਮ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ ਤਿਆਰ ਕੀਤੀ ਜਾਣ ਵਾਲੀ ਰਣਨੀਤੀ ਦੇ ਲਈ ਇਸ ਦੌਰੇ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਚੀਨ ਨੇ ਕਿਮ ਦੀ ਇਸ ਫੇਰੀ ਨੂੰ ਏਨਾ ਗੁਪਤ ਰੱਖਿਆ ਹੈ ਕਿ ਚੀਨ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਨੇ ਪੱਤਰਕਾਰਾਂ ਵੱਲੋਂ ਸਵਾਲਾਂ ਦੀ ਲਾਈ ਝੜੀ ਦੌਰਾਨ ਕੋਈ ਵੀ ਜਾਣਕਾਰੀ ਨਹੀ ਦਿੱਤੀ। ਇਹ ਵੀ ਨਹੀ ਦੱਸਿਆ ਗਿਆ ਕਿ ਉਹ ਸੜਕ ਰਾਹੀਂ ਜਾਂ ਰੇਲ ਗੱਡੀ ਰਾਹੀਂ ਚੀਨ ਆਇਆ ਪਰ ਹਾਂਗਕਾਂਗ ਦੇ ਅਖ਼ਬਾਰ 'ਸਾਊਥ ਚਾਈਨਾ ਮੌਰਨਿੰਗ' ਨੇ ਚੀਨੀ ਅਧਿ-ਕਾਰੀਆਂ ਦੇ ਹਵਾਲੇ ਦੇ ਨਾਲ ਪੁਸ਼ਟੀ ਕੀਤੀ ਹੈ ਕਿ ਉਹ ਪੇਈਚਿੰਗ ਆਇਆ ਹੈ। ਇਹ ਪਤਾ ਲੱਗਾ ਹੈ ਕਿ ਕਿਮ ਜਿਸ ਵਿਸ਼ੇਸ਼ 'ਗਰੀਨ ਟਰੇਨ' ਦੇ ਰਾਹੀਂ ਚੀਨ ਆਇਆ ਉਸ 'ਚ ਹੀ ਵਾਪਿਸ ਗਿਆ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ: www.deshdoaba.com www.ambedkartimes.com

# ਇਤਿਹਾਸਕ ਹੋ ਨਿਬੜਿਆ ਪਿੰਡ ਲਾਂਦੜਾ ਵਿਖੇ ਕਰਵਾਇਆ ਗਿਆ ਪਹਿਲਾ 'ਕ੍ਰਾਂਤੀ ਮੇਲਾ'











**ਲੁਧਿਆਣਾ (ਗੁਰਿੰਦਰ ਕੌਰ ਮਹਿਦੂਦਾਂ)**- ਪ੍ਰਗਤੀ ਕਲਾ ਕੇਂਦਰ ਲਾਂਦੜਾ ਵਲੋਂ ਬਹੁਜਨ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਉਤਸਵ ਅਤੇ ਕੰਮੀਆਂ ਦੇ ਵਿਹੜਿਆਂ ਦੇ ਕਲਾਕਾਰ, ਰੰਗ-ਮੰਚ ਦੇ ਸ਼ਹੀਦ ਮੱਖਣ ਕ੍ਰਾਂਤੀ ਜੀ ਨੂੰ ਸਮਰਪਿਤ ਪਹਿਲਾ ਕ੍ਰਾਂਤੀ ਮੇਲਾ ਬੀਤੇ ਦਿਨੀਂ ਸਰਕਾਰੀ ਹਾਈ ਸਕੂਲ ਲਾਂਦੜਾ ਦੀ ਗਰਾਊਂਡ ਵਿਖੇ ਸੈਂਟਰਲ ਕੋ-ਆਰਡੀਨੇਸ਼ਨ ਕਮੇਟੀ ਪੰਜਾਬ (ਸੀ.ਸੀ.ਸੀ) ਦੇ ਸਹਿਯੋਗ ਨਾਲ ਕਰਵਾਇਆ ਗਿਆ। ਕ੍ਰਾਂਤੀ ਮੇਲੇ ਦਾ ਉਦਘਾਟਨ ਬਸਪਾ ਆਗੂ ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਸ਼ਮ੍ਹਾਂ ਰੌਸ਼ਨ ਪ੍ਰੋ. ਮਹੇਸ਼ ਪ੍ਰਸਾਦਿ ਆਹੀਰਵਾਰ (ਪ੍ਰਸਿੱਧ ਦਲਿਤ ਚਿੰਤਕ ਤੇ ਲੇਖਕ) ਬਨਾਰਸ ਹਿੰਦੂ ਯੂਨੀਵਰਸਿਟੀ ਵਲੋਂ ਕੀਤਾ ਗਿਆ। 24ਵਾਂ ਬਲਰਾਜ ਸਾਹਨੀ ਯਾਦਗਾਰੀ ਪੁਰਸਕਾਰ ਸ. ਬਲਕਾਰ ਸਿੱਧੂ (ਇਪਟਾ ਚੰਡੀਗੜ੍ਹ) ਤੇ ਉਸਤਾਦ ਸ਼ੌਕਤ ਢੰਡਵਾੜਵੀ ਪੁਰਸਕਾਰ ਸ੍ਰੀ ਸੁਰਜੀਤ ਗੱਗ ਜੀ ਨੂੰ ਦਿੱਤਾ ਗਿਆ। ਹਰ ਵਾਰ ਦੀ ਤਰ੍ਹਾਂ ਚਿੱਤਰ ਪ੍ਰਦਰਸ਼ਨੀ ਕੁਲਪ੍ਰੀਤ ਰਾਣਾ ਦੀ ਅਗਵਾਈ ਹੇਠ ਲਗਾਈ ਗਈ। ਜਿਸ ਦਾ ਉਦਘਾਟਨ ਪ੍ਰੋ. ਜਗਮੋਹਣ ਸਿੰਘ (ਭਾਣਜੇ ਸ਼ਹੀਦ ਭਗਤ ਸਿੰਘ) ਵਲੋਂ ਤੇ ਸ਼ਮ੍ਹਾਂ ਰੌਸ਼ਨ ਪ੍ਰੋ. ਸਰੋਜ ਕੁਮਾਰ ਸਰਕਾਰ ਵਲੋਂ ਕੀਤੀ ਗਈ। ਇਸ ਮੌਕੇ 'ਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਪੁਸ਼ਕਿਨ ਕੈਂਥ, ਸੁਨੀਤਾ ਕੁਮਾਰੀ, ਜਸਵੰਤ ਸੁਲਤਾਨਪੁਰੀ, ਅਨੂ, ਅਨਾਮਿਕਾ ਅਤੇ ਪ੍ਰੋਫੈਸਰ ਸਾਹਿਬਾਨ ਪ੍ਰਸਾਦ ਕੁਮਾਰ 'ਸਵੈਨ', ਅਨੂਜਾ ਧੀਮਾਨ ਆਦਿ ਨੇ ਸ਼ਿਰਕਤ ਕੀਤੀ।

ਕੋਰਿਓਗ੍ਰਾਫੀ 'ਤੇਰਾ ਦੇਸ਼ ਭਗਤ ਸਿੰਹਾਂ' ਪ੍ਰਗਤੀ ਕਲਾ ਕੇਂਦਰ ਇਕਾਈ ਜਲਾਲਾਵਾਦ, 'ਕੜਾਹ ਵੰਡੀ ਜਾਂਦੇ ਹੋ' ਪ੍ਰਗਤੀ ਕਲਾ ਕੇਂਦਰ ਇਕਾਈ ਤਾਜਪੁਰ ਅਤੇ ਨਾਟਕ 'ਸਮਝਦਾਰ ਲੋਕ' ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਪੇਸ਼ ਕੀਤਾ ਗਿਆ। ਕੋਰਿਓਗ੍ਰਾਫੀ ਬੇਟੀਆਂ ਨਾਲ ਸੰਬੰਧਤ 'ਰੁਪਈਆ' ਜੂਨੀਅਰ ਸਟੱਡੀ ਸਕੂਲ ਅੱਪਰਾ ਅਤੇ ਓਪੇਰਾ 'ਭੀਮ ਮਹਾਨ' ਪ੍ਰਗਤੀ ਕਲਾ ਕੇਂਦਰ ਲਾਂਦੜਾ ਵਲੋਂ ਪੇਸ਼ ਕੀਤਾ ਗਿਆ। ਗਾਇਕ ਬਲਵਿੰਦਰ ਬਿੱਟੂ, ਵਿੱਕੀ ਬਹਾਦੁਰਕੇ, ਰਾਜ ਦਦਰਾਲ, ਮੋਨਿਕਾ ਅੰਬੇਡਕਰੀ, ਧਰਮਿੰਦਰ ਮਸਾਣੀ, ਯੂਅਰਸ ਜਿਗਰ ਨੇ ਲੋਕਾਂ ਨੂੰ ਆਪਣੀ ਗਾਇਕੀ ਨਾਲ ਕੀਲਿਆ। ਮੱਖਣ ਕ੍ਰਾਂਤੀ ਜੀ ਦੀ ਜ਼ਿੰਦਗੀ ਨੂੰ ਬਿਆਨ ਕਰਦੀ ਹੋਈ ਕਿਤਾਬ 'ਮੇਰਾ ਹਮਸਫ਼ਰ ਮੱਖਣ ਕ੍ਰਾਂਤੀ' (ਜਿਸ ਦੇ ਲੇਖਕ ਸ੍ਰੀ ਰਾਣਾ ਜੀ ਹਨ) ਜੀ. ਸੀ. ਕੌਲ ਜੀ ਵਲੋਂ ਰਿਲੀਜ਼ ਕੀਤੀ ਗਈ। ਇਸ ਤੋਂ ਇਲਾਵਾ ਮੱਖਣ ਕ੍ਰਾਂਤੀ ਜੀ ਦੇ ਗ਼ਜ਼ਲਾਂ ਦੇ ਪੋਸਟਰ ਇੰਜ. ਜਸਵੰਤ ਰਾਏ, ਪ੍ਰੋਮਿਲਾ ਦੇਵੀ, ਕੁਲਵਿੰਦਰ ਕੌਰ ਜੀ ਵਲੋਂ ਰਿਲੀਜ਼ ਕੀਤੇ ਗਏ। ਮੇਲੇ ਵਿੱਚ ਪੰਜਾਬ ਭਰ ਦੀਆਂ ਉੱਘੀਆਂ ਸਖ਼ਸ਼ੀਅਤਾਂ ਮੋਹਣ ਲਾਲ ਫਿਲੌਰੀਆ, ਅਵਤਾਰ ਸਿੰਘ ਕਰੀਮਪੁਰੀ ਸਾਬਕਾ ਐਮ.ਪੀ., ਕਾ. ਲਹਿੰਬਰ ਸਿੰਘ ਤੱਗੜ, ਐਸ.ਐਲ. ਵਿਰਦੀ, ਰਬਿੰਦਰ ਰੱਬੀ, ਹਰਭਜਨ ਬਜਹੇੜੀ, ਕੈਪਟਨ ਆਰ. ਕੇ. ਹੀਰ, ਸਾਧੂ ਸਿੰਘ ਜੱਸਲ, ਮਾ. ਸੁਰਿੰਦਰ ਪੁਆਰੀ, ਮਾ. ਜੋਗ ਰਾਜ ਅੱਪਰਾ, ਸੰਤ ਆਤਮਾ ਦਾਸ, ਮਾ. ਬਲਵੰਤ ਸਿੰਘ ਜੀ, ਅੰਮ੍ਰਿਤਪਾਲ ਭੌਂਸਲੇ ਨੇ ਸ਼ਿਰਕਤ ਕੀਤੀ। ਵੱਖ-ਵੱਖ ਜਥੇਬੰਦੀਆਂ ਨੇ ਮੇਲੇ ਵਿੱਚ ਪੁੱਜ ਕੇ ਮੇਲੇ ਨੂੰ ਸਫ਼ਲ ਬਣਾਇਆ। ਇਸ ਮੌਕੇ 'ਤੇ ਪ੍ਰਬੁੱਧ ਭਾਰ ਫਾਊਂਡੇਸ਼ਨ ਤੇ ਸੰਤ ਦਿਆਲ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਬਿਨ੍ਹਾਂ ਦਹੇਜ ਤੋਂ ਵਿਆਹ ਕਰਵਾਉਣ ਵਾਲੇ ਜੋੜੇ ਪਰਦੀਪ ਕੁਮਾਰ-ਸਨਦੀਪ ਕੌਰ ਤੇ ਪਰਮਜੀਤ ਲਾਂਦੜਾ-ਜਸਦੀਪ ਕੌਰ ਦਾ ਵੀ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਕੁਲਪ੍ਰੀਤ ਰਾਣਾ (ਕਨੇਡਾ), ਬਲਵੀਰ ਮੰਡ (ਦੁਬੱਈ), ਸੰਤੋਖ ਨਗਰੀਆ (ਪਿੰਡ ਲਾਂਦੜਾ) ਅਤੇ ਕਿਰਨ ਰੁੜਕਾ ਵਲੋਂ ਬਹੁਤ ਸਾਰਾ ਆਰਥਿਕ ਸਹਿਯੋਗ ਦੇਣ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਕਲਾਕਾਰਾਂ ਅਤੇ ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਲਾਂਦੜਾ ਦੇ ਮੈਂਬਰਾਂ ਨੇ ਆਪਣੀ-ਆਪਣੀ ਬਣਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਸਟੇਜ ਸੰਭਾਲਣ ਦੀ ਜ਼ਿੰਮੇਵਾਰੀ ਮਾ. ਸੋਮ ਨਾਥ, ਮਾ. ਰਜਿੰਦਰ ਚੱਕ ਹਕੀਮ, ਅੰਮ੍ਰਿਤਾ ਰਾਣੀ ਅਤੇ ਸਿਮਰਨ ਕ੍ਰਾਂਤੀ ਨੇ ਵਧੀਆ ਤਰੀਕੇ ਨਾਲ ਨਿਭਾਈ।

## ਵਿਧਾਇਕ ਡਾਬਰ ਅਤੇ ਸਰਹਾਲੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਿੱਤੀਆਂ ਸਰਧਾਂਜਲੀਆਂ

**ਲੁਧਿਆਣਾ**- ਕਾਂਗਰਸ ਇੰਟਕ ਦੇ ਸੂਬਾ ਮੀਤ ਪ੍ਰਧਾਨ ਸਰਬਜੀਤ ਸਿੰਘ ਸਰਹਾਲੀ ਦੀ ਅਗਵਾਈ ਉਨ੍ਹਾਂ ਦੇ ਦਫਤਰ ਵਿਜੇ ਨਗਰ ਵਿਖੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਹਲਕੇ ਦੇ ਵਿਧਾਇਕ ਸ੍ਰੀ ਸੁਰਿੰਦਰ ਡਾਬਰ, ਕੌਂਸਲਰ ਗੁਰਦੀਪ ਸਿੰਘ ਨੀਟੂ ਅਤੇ ਰਾਜ ਘਈ ਵਿਸ਼ੇਸ ਤੌਰ ਤੇ ਪੰਹੁਚੇ। ਵਿਧਾਇਕ ਡਾਬਰ, ਸਰਹਾਲੀ ਅਤੇ ਹੋਰਨਾਂ ਆਗੂਆਂ ਨੇ ਦੇਸ਼ ਦੀ ਆਜਾਦੀ ਲਈ ਕੀਮਤੀ ਜਾਨਾਂ ਕੁਰਬਾਨ ਕਰਨ ਵਾਲੇ ਤਿੰਨਾਂ ਸ਼ਹੀਦਾਂ ਦੀ ਫੋਟੋ ਤੇ ਫੁੱਲ ਅਰਪਿਤ ਕਰਕੇ ਸਰਧਾਂਜਲੀ ਭੇਂਟ ਕੀਤੀ। ਇਸ ਮੌਕੇ ਵਿਧਾਇਕ ਡਾਬਰ ਨੇ ਕਿਹਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀ ਜਾ ਸਕਦਾ ਇਸ ਲਈ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਸਰਕਾਰਾਂ ਦੇ ਨਾਲ ਨਾਲ ਦੇਸ਼ ਦੇ ਲੋਕਾਂ ਨੂੰ ਵੀ ਕੰਮ ਕਰਨਾ ਚਾਹੀਦਾ ਹੈ।



ਇਸ ਮੌਕੇ ਉਨ੍ਹਾਂ ਨਾਲ ਗੁਰਵਿੰਦਰ ਸਿੰਘ ਬਾਜਵਾ ਤੇ ਹਰਜਿੰਦਰ ਸਿੰਘ ਵਾਟਰ ਸਪਲਾਈ, ਨਿਰਮਲ ਸਿੰਘ ਵਿਰਕ ਮੀਤ ਪ੍ਰਧਾਨ ਕਾਂਗਰਸ, ਪਿੰਕੀ ਧਵਨ, ਕੁਲਦੀਪ ਤੇਜਵਾਲ, ਐਸ ਕੇ ਤਿਵਾੜੀ, ਸਵਤੰਤਰਤਾ ਸੈਲਾਂਨੀ ਬਾਬੂ ਕਿਸ਼ੋਰੀ ਲਾਲ, ਉਪਦੇਸ਼ਪਾਲ ਸਿੰਘ ਹਿਊਮਨਟੀ ਪੰਜਾਬ, ਸੁਖਦੇਵ ਸਿੰਘ ਢਿੱਲੋਂ, ਨੀਲਾ, ਭੋਲਾ, ਵਿਰਕ, ਰਮਨਦੀਪ ਸਿੰਘ ਬਾਜਵਾ, ਵਿਜੇ ਕੁਮਾਰ, ਕਮਲਵੀਰ ਸਿੰਘ, ਰਾਮ ਅਵੱਧ, ਸਿੰਘ ਰਾਮ, ਅਜਮੇਰ ਸਿੰਘ ਮੰਗਲੀ ਅਤੇ ਰਾਕੇਸ਼ ਸੋਨੀ ਤੋਂ ਇਲਾਵਾ ਹੋਰ ਹਾਜਰ ਸਨ।

## ਅਮਰ ਸ਼ਹੀਦ ਸੁਖਦੇਵ ਦੀ ਜਨਮ ਸਥਲੀ ਤੇ ਸ਼ਰਧਾਂਜਲੀ ਸਮਾਗਮ ਆਯੋਜਿਤ

**ਲੁਧਿਆਣਾ**- ਦੇਸ਼ ਦੀ ਆਜ਼ਾਦੀ ਵਿੱਚ ਆਪਣੇ ਪ੍ਰਣਾ ਦੀ ਆਹੁਤੀ ਦੇਣ ਵਾਲੇ ਦੇਸ਼ ਦੇ ਮਹਾਨ ਅਮਰ ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੇ ਸਥਾਨਕ ਨੌਘਰਾ ਵਿੱਖੇ ਸ਼ਹੀਦ ਸੁਖਦੇਵ ਦੀ ਜਨਮ ਸਥਲੀ ਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਨੈ ਥਾਪਰ ਅਤੇ ਅਰੁਣ ਲਿਖੀ (ਕੱਕੀ) ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ ਇਸ ਸਮਾਗਮ ਵਿੱਚ



ਸ਼ਹੀਦ ਸੁਖਦੇਵ ਦੇ ਵੰਸ਼ਜ਼ ਭਾਰਤ ਭੂਸ਼ਨ ਥਾਪਰ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ। ਉਹਨਾਂ ਦੂਜੇ ਲੋਕਾਂ ਨੂੰ ਤਾੜਨਾ ਕਰਦਿਆਂ ਅਪੀਲ ਕੀਤੀ ਕਿ ਉਹ ਖੁਦ ਨੂੰ ਸ਼ਹੀਦ ਸੁਖਦੇਵ ਦਾ ਵੰਸ਼ਜ਼ ਦੱਸਕੇ ਕਥਿਤ ਤੌਰ ਤੇ ਠੱਗੀ-ਠੋਰੀ ਮਾਰਨਾ ਬੰਦ ਕਰ ਦੇਣ, ਇਹ ਹੀ ਉਹਨਾਂ ਨੂੰ ਸ਼ਹੀਦ ਦੇ ਪਰਿਵਾਰ ਵੱਲੋਂ ਬੇਨਤੀ ਹੈ। ਸ਼ਹੀਦ ਦੇਸ਼ ਦਾ ਸਰਮਾਏ ਹਨ ਤੇ ਉਹਨਾਂ ਨੂੰ ਆਪਣਾ ਦੱਸਣਾ ਜਾਂ ਉਹਨਾਂ ਦਾ ਜਨਮ ਦਿਹਾੜਾ ਤੇ ਸ਼ਰਧਾਂਜਲੀ ਸਮਾਗਮ ਮਨਾਉਣਾ ਸਾਰਿਆਂ ਦਾ ਅਧਿਕਾਰ ਹੈ ਪਰ ਖੁਦ ਨੂੰ ਸ਼ਹੀਦ ਪਰਿਵਾਰ ਦਾ ਵੰਸ਼ਜ ਦੱਸਕੇ ਲੋਕਾਂ ਨੂੰ ਕਥਿਤ ਤੌਰ ਤੇ ਠੱਗਣਾ ਠੀਕ ਨਹੀਂ। ਇਸ ਦੌਰਾਨ ਵਿਧਾਇਕ ਸੁਰਿੰਦਰ ਡਾਬਰ ਅਤੇ ਕਾਂਗਰਸ ਨੇਤਾ ਨਵਕਾਰ ਜੈਨ ਕਾਲਾ ਨੇ ਖਾਸ ਤੌਰ ਤੇ ਸ਼ਾਮਲ ਹੋ ਕੇ ਸ਼ਰਧਾ ਦੇ ਫੁਲ ਭੇਂਟ ਕੀਤੇ। ਸ਼ਰਧਾਂਜਲੀ ਸਮਾਗਮ ਦੇ ਆਯੋਜਕ ਸੁਨੀਲ ਤਾਂਗੜੀ,ਵਿਜੈ ਥਾਪਰ,ਰਮੇਸ਼ ਥਾਪਰ (ਮੇਸ਼ੀ),ਨਰੇਸ਼ ਥਾਪਰ (ਛੱਬੂ), ਨਵਨੀਤ ਥਾਪਰ (ਬਿੱਟੂ),ਸੰਨੀ ਥਾਪਰ, ਅਮਿਤ ਥਾਪਰ, ਅਰਪਿਤ ਥਾਪਰ, ਲੱਕੀ ਥਾਪਰ, ਵਿਜੈ ਥਾਪਰ, ਰਾਜੂ ਥਾਪਰ, ਹੈਪੀ ਥਾਪਰ,ਵਿਪਨ ਥਾਪਰ, ਮੰਗੂ ਥਾਪਰ, ਮੁਨੀਸ਼ ਥਾਪਰ, ਰੋਹਿਤ ਥਾਪਰ, ਕੇਵਿਨ ਥਾਪਰ, ਚੇਤਨ ਥਾਪਰ, ਮੋਹਿਤ ਥਾਪਰ, ਸੋਨਾ ਵਿਜ,ਜੈਯੰਤ ਪੁਰੀ, ਮੁਕੇਸ਼ ਸ਼ਰਮਾ, ਸੋਨੂੰ ਸ਼ਰਮਾ, ਸੰਜੀਵ ਸ਼ਰਮਾ, ਵਿਕਾਸ ਸ਼ਰਮਾ, ਮਨੋਜ ਸ਼ਰਮਾ, ਇੰਦਰ ਮਹਾਜਨ, ਵਿਜੈ ਮਿਸ਼ਰ, ਨਵਜੋਤ ਪੁਰੀ, ਬਲਦੇਵ ਠਾਕੁਰ, ਹੀਰਾ ਲਾਲ, ਦੀਪਕ ਬਾਂਸਲ,ਨਵੀਂਨ ਬਾਂਸਲ, ਵਿਸ਼ੇਸ਼ ਬਾਂਸਲ, ਸਾਹਿਲ ਟਕਿਆਰ ਆਦਿ ਨੇ ਸਭ ਤੋਂ ਪਹਿਲਾਂ ਸ਼ਹੀਦ ਦੇ ਬੁੱਤ ਨੂੰ ਪੰਜ ਅੰਮ੍ਰਿਤ ਨਾਲ ਇਸਨਾਨ ਕਰਵਾਇਆ ਜਿਸਦੇ ਉਪਰੰਤ ਸ਼ਹੀਦ ਸੁਖਦੇਵ ਥਾਪਰ ਦੇ ਵੰਸ਼ਜ਼ ਭਾਰਤ ਭੂਸ਼ਨ ਥਾਪਰ ਨੂੰ ਸਨਮਾਨਿਤ ਕੀਤਾ ਗਿਆ ਤੇ ਪ੍ਰੀਤੀ ਭੋਜ ਕਰਵਾਇਆ ਗਿਆ। ਇਸ ਮੌਕੇ ਸ਼ਹੀਦ ਦੇ ਬੁੱਤ ਤੇ ਕਈ ਉਘੇ ਨੇਤਾਵਾਂ ਨੇ ਸ਼ਰਧਾਂਜਲੀ ਭੇਂਟ ਕੀਤੀ।

## ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਲੋਕ ਮੋਰਚਾ ਪੰਜਾਬ ਵਲੋਂ ਕਾਨਫਰੰਸ ਅਤੇ ਪਲਸ ਮੰਚ ਵਲੋਂ ਨਾਟਕ ਖੇਡੇ ਗਏ

**ਖਟਕੜ ਕਲਾਂ, (ਰੇਸ਼ਮ ਕਰਨਾਣਵੀ)** ਸ਼ਹੀਦੀ ਯਾਦਗਾਰੀ ਕਮੇਟੀ, ਸਮੂਹ ਖਟਕੜ ਕਲਾਂ ਨਿਵਾਸੀਆਂ, ਲੋਕ ਮੋਰਚਾ ਪੰਜਾਬ ਵਲੋਂ ਹਰ ਸਾਲ ਦੀ ਤਰ੍ਹਾਂ ਬਹੁਤ ਹੀ ਪ੍ਰਭਾਵਸ਼ਾਲੀ ਕਾਨਫਰੰਸ 'ਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਦੇ ਸੁਪਨਿਆਂ ਦਾ ਲੁੱਟ ਅਤੇ ਜਬਰ ਤੋਂ ਰਹਿਤ, ਮਿਹਨਤਕਸ਼ ਲੋਕਾਂ ਦੇ ਮਾਣ ਸਨਮਾਨ ਦੀ ਜਾਮਨੀ ਵਾਲਾ ਸਮਾਜ ਸਿਰਜਣ ਦੇ ਅਹਿਦ ਲਿਆ ਗਿਆ। ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਲਾਗੇ ਹੋਏ ਇਸ ਸਮਾਗਮ ਵਿੱਚ ਇਨ੍ਹਾਂ ਕੌਮੀ ਸ਼ਹੀਦਾਂ ਤੋਂ ਇਲਾਵਾ ਲੋਕ ਮੁਕਤੀ ਲਈ ਜੂਝਣ ਵਾਲੇ ਜੈਮਲ ਸਿੰਘ ਪੱਡਾ, ਅਵਤਾਰ ਪਾਸ਼, ਗੁਰਸ਼ਰਨ ਸਿੰਘ, ਪ੍ਰੋ ਅਜਮੇਰ ਸਿੰਘ ਔਲਖ, ਮੋਹਣ ਸਿੰਘ ਮੰਗੂਵਾਲ, ਬਾਬਾ ਚੂਹੜ ਸਿੰਘ ਬੱਜੋਂ ਅਤੇ ਗੰਧਰਵਸੈਨ ਕੋਛੜ ਨੂੰ ਵੀ ਖੜ੍ਹੇ ਹੋ ਕੇ ਭਰੇ ਪੰਡਾਲ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਭਰੇ ਮਨ ਨਾ.ਲ ਲੋਕਾਂ ਨੇ ਇਰਾਕ ਵਿੱਚ ਮਾਰੇ ਗਏ ਭਾਰਤੀ ਕਾਮਿਆਂ ਦੇ ਪਰਿਵਾਰਾਂ ਨਾ.ਲ ਦੁੱਖ ਪ੍ਰਗਟ ਕਰਦਿਆਂ ਹਕੂਮਤ ਦੀ ਮੁਜ਼ਰਮਾਨਾ ਭੂਮਿਕਾ ਦੀ ਨਿੰਦਾ ਕੀਤੀ।

ਸਮਾਗਮ ਦੇ ਮੁੱਖ ਬੁਲਾਰੇ ਪੰਜਾਬ ਲੋਕ ਸੱਭਿਆਚਾਰ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖਟਕੜ ਕਲਾਂ ਦੀ ਇਤਿਹਾਸਿਕਤਾ, ਪ੍ਰੇਰਨਾ ਸਰੋਤ ਦੇ ਚਿਨ੍ਹਾਂ ਨੂੰ ਸੈਰ ਸਪਾਟੇ ਅਤੇ ਮਨਰੋਜਨ ਕੇਂਦਰ ਵਿੱਚ ਤਬਦੀਲ ਕਰਕੇ ਪ੍ਰਾਈਵੇਟ ਕੰਪਨੀਆਂ ਨੂੰ ਠੇਕੇ ਦੇਣ ਦੇ ਪ.ਲਦੇ ਗੁੱਝੇ ਮਨਸ਼ਿਆਂ ਤੋਂ ਇਤਹਾਸਕਾਰਾਂ, ਲੇਖਕਾਂ, ਇਨਕਲਾਬੀਆਂ, ਦੇਸ਼ ਭਗਤ ਸ਼ਕਤੀਆਂ ਅਤੇ ਪਿੰਡ ਵਾਸੀਆਂ ਨੂੰ ਚੁਕੰਨੇ ਰਹਿਣ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਰਥਿਕ, ਸਮਾਜਿਕ ਸੰਕਟਾਂ ਦੇ ਮੂਲ ਹੱਲ ਲਈ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਲੋਕ ਸੰਗਰਾਮ ਤੇ ਟੇਕ ਰੱਖਣ, ਫੇਰ ਹੀ ਲੱਚਰ ਸੱਭਿਆਚਾਰ, ਗੈਂਗਵਾਰ,ਨਸ਼ਿਆਂ ਦੇ ਪ੍ਰਕੋਪ ਅਤੇ ਪ੍ਰਦੇਸ਼ਾਂ ਦੇ ਦਰਦ ਤੋਂ ਮੁਕਤੀ ਹਾਸਲ ਹੋ ਸਕਦੀ ਹੈ।



ਮਾਨਵਤਾ ਕਲਾ ਮੰਚ ਨਗਰ ਪਲਸ ਮੰਚ ਵਲੋਂ ਕੁਲਵੰਤ ਕੌਰ ਨਗਰ ਦਾ ਲਿਖਿਆ ਅਤੇ ਜਸਵਿੰਦਰ ਪੱਪੀ ਵਲੋਂ ਨਿਰਦੇਸ਼ਤ ਕੀਤਾ ਨਾਟਕ ਜਾਗ ਪਏ ਲੋਕ'' ਪੇਸ਼ ਕੀਤਾ। ਟੀਮ ਵਲੋਂ ਕੋਰੀਓਗ੍ਰਾਫ਼ੀ ਮੈਂ ਭਾਰਤ ਹਾਂ'' (ਰਚਨਾ ਗੁਰਦਿਆਲ ਰੌਸ਼ਨ) ਤੇਰਾ ਦੇਸ਼ ਭਗਤ ਸਿੰਘਾਂ ਵੇ ਲੁੱਟ ਲਿਆ ਗੱਦਾਰਾਂ ਨੇ, ਚਿੱਟ ਮੱਛਰਾਂ ਨੇ ਖਾ ਲਏ ਸਾਡੇ ਨਰਮੇ ਪੇਸ਼ ਕੀਤੀਆਂ ਗਈਆਂ। ਗਰਚਾ ਮਿਊਜਿਕ ਅਕੈਡਮੀ ਬੰਗਾ, ਧਰਮਿੰਦਰ ਮਸਾਣੀ, ਵਰਿੰਦਰ ਪਾਲ ਕੋਟ ਗਰੇਵਾਲ, ਕੁਲਦੀਪ ਜਲੂਰ, ਨੇ ਤਾਲੀਆਂ ਦੀ ਗੂੰਜ ਵਿੱਚ ਦਿਲ ਟੁੰਬਵੇਂ ਗੀਤ ਪੇਸ਼ ਕੀਤੇ। ਸ਼ਾਲ ਕਲਾਮੰਚ ਰਸੂਲਪੁਰ ਨਿਰਦੇਸ਼ਕ ਕਮਲੇਸ਼ ਵਲੋਂ ਦੋ ਦੋ ਚਿਹਰੇ ਕੋਰੀਓਗਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਕੁਸ਼ਤੀ ਕੋਚ ਸੰਸਥਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਰਾਏਪੁਰ ਡੱਬਾ, ਨੰਦ ਲਾਲ, ਮਹਿੰਦਰ ਕੌਰ, ਦੇਵ ਰਾਜ, ਲਾਲ ਚੰਦ, ਗੁਰਮੁੱਖ ਸਿੰਘ, ਸੋਢੀ ਰਾਮ ਪਰਗਣ ਸਿੰਘ, ਰਣਜੀਤ ਸਿੰਘ ਰਾਣਾ, ਗੌਰਵ ਬੰਗਾ, ਰਾਮ ਲੁਭਾਇਆ, ਕਸ਼ਮੀਰ ਸਿੰਘ ਨਿਹੰਗ, ਸਾਬਕਾ ਸਰਪੰਚ ਕੇਵਲ ਸਿੰਘ ਖਟਕੜ ਕਲਾਂ, ਪੰਚ ਕਸ਼ਮੀਰ ਕੌਰ ਖਟਕੜ ਕਲਾਂ, ਸੋਮ ਨਾਥ ਬੱਧਰੀ ਪੰਚ ਖਟਕੜ ਕਲਾਂ ਨੇ ਸ਼ਹੀਦਾਂ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮੰਚ ਸੰਚਾਲਕ ਦੀ ਭੂਮਿਕਾ ਤੀਰਕ ਰਸੂਲਪੁਰੀ ਨੇ ਬਾਖ਼ੂਬੀ ਨਿਭਾਈ।

# ਮੁੱਖ ਮੰਤਰੀ ਵੱਲੋਂ ਹਜ਼ਾਰਾਂ ਪੰਜਾਬੀਆਂ ਸਮੇਤ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ

**ਖਟਕੜ ਕਲਾਂ (ਰੇਸ਼ਮ ਕਰਨਾਣਵੀ)–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਨੌਜਵਾਨਾਂ ਦੇ ਸਸ਼ਕਤੀਕਰਨ ਦਾ ਤਹੱਈਆ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬੁੱਤ 'ਤੇ ਫੁੱਲ ਮਾਲਾ ਭੇਟ ਕੀਤੀ ਅਤੇ ਮਹਾਨ ਸ਼ਹੀਦ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਦੀ ਯਾਦਗਾਰ 'ਤੇ ਸ਼ਰਧਾਂਜਲੀ ਦਿੱਤੀ। ਕੈਪਟਨ ਅਮਰਿੰਦਰ ਸਿੰਘ ਨੇ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਰਾਸ਼ਟਰ ਨੂੰ ਅਰਪਣ ਕੀਤਾ। ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਮੰਗ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਇਸ ਮਸਲੇ ਨੂੰ ਭਾਰਤ ਸਰਕਾਰ ਕੋਲ ਉਠਾ ਚੁੱਕੀ ਹੈ ਅਤੇ ਉਹ ਨਿੱਜੀ ਤੌਰ 'ਤੇ ਵੀ ਇਸ ਸਬੰਧੀ ਮਾਮਲਾ ਉਠਾਉਣਗੇ।



ਇਸ ਤੋਂ ਪਹਿਲਾਂ ਦੇਸ਼ ਦੇ ਇਨ੍ਹਾਂ ਮਹਾਨ ਸਪੂਤਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਨੌਜਵਾਨਾਂ ਨੂੰ ਇਨ੍ਹਾਂ ਦੀ ਲਾਸਾਨੀ ਕੁਰਬਾਨੀ ਤੋਂ ਪ੍ਰੇਰਣਾ ਲੈ ਕੇ ਆਪਣੇ ਹਿਰਦੇ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਉਚੇਰੀ ਸਿੱਖਿਆ ਦੇ ਹੋਰ ਸੰਸਥਾਨਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਦੇਸ਼ ਭਗਤੀ ਤੇ ਰਾਸ਼ਟਰਵਾਦ ਦੇ ਅਮੀਰ ਵਿਰਸੇ ਨਾਲ ਜੋੜਨ ਲਈ ਖਟਕੜ ਕਲਾਂ ਵਿੱਚ ਇਸ ਯਾਦਗਾਰ ਤੇ ਅਜਾਇਬ ਘਰ ਵਿਖੇ ਲਿਆਉਣਾ ਚਾਹੀਦਾ ਹੈ। ਸ੍ਰੀ ਸਿੱਧੂ ਨੇ ਮੁੱਖ ਮੰਤਰੀ ਨੂੰ ਨੌਜਵਾਨਾਂ, ਜੋ ਸੂਬੇ ਦੀ ਆਬਾਦੀ ਦਾ 56 ਫ਼ੀਸਦ ਹਨ, ਲਈ ਇਕ ਨੀਤੀ ਬਣਾਉਣ ਲਈ ਬੇਨਤੀ ਕੀਤੀ ਜਿਸ ਰਾਹੀਂ ਉਨ੍ਹਾਂ ਨੂੰ ਮਿਆਰੀ ਸਿੱਖਿਆ ਅਤੇ ਰੁਜ਼ਗਾਰ ਮਿਲੇ ਤਾਂ ਜੋ ਰੌਸ਼ਨ ਦਿਮਾਗਾਂ ਨੂੰ ਵਿਦੇਸ਼ਾਂ ਵੱਲ ਭੱਜਣ ਤੋਂ ਰੋਕਿਆ ਜਾ ਸਕੇ ਅਤੇ ਵਿਦੇਸ਼ੀ ਬੈਠੇ ਨੌਜਵਾਨਾਂ ਵਤਨ ਵੱਲ ਮੋੜਿਆ ਜਾ ਸਕੇ।

ਇਹ ਇਤਿਹਾਸਕ ਦਿਨ ਨੌਜਵਾਨਾਂ ਦੇ ਸਸ਼ਕਤੀਕਰਨ ਨੂੰ ਸਮਰਪਿਤ ਕਰਦਿਆਂ ਮੁੱਖ ਮੰਤਰੀ ਨੇ ਨਸ਼ਾ ਰੋਕੂ ਅਫਸਰ (ਡਰੱਗ ਐਬਿਊਜ਼ ਪ੍ਰੀਵੈਨਸ਼ਨ ਅਫਸਰ) ਨਾਮ ਹੇਠ ਨਿਵੇਕਲੇ ਉਪਰਾਲੇ ਦਾ ਆਗਾਜ਼ ਕੀਤਾ ਜਿਸ ਤਹਿਤ ਨਸ਼ਿਆਂ ਵਿਰੁੱਧ ਵਿੱਢੀ ਜੰਗ ਵਿੱਚ ਪੰਜਾਬ ਦੇ ਨਾਗਰਿਕਾਂ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਨਾਲ ਜੋੜਿਆ ਗਿਆ ਹੈ। ਮੁੱਖ ਮੰਤਰੀ ਨੇ ਨਸ਼ਿਆਂ ਦੀ ਸਮੱਸਿਆ ਦੇ ਮੁਕੰਮਲ ਖਾਤਮੇ ਲਈ ਉਨ੍ਹਾਂ ਦੀ ਸਰਕਾਰ ਦੇ ਯਤਨਾਂ ਦਾ ਸਾਥ ਦੇਣ ਲਈ ਵਾਲੰਟੀਅਰਾਂ ਦਾ ਧੰਨਵਾਦ ਵੀ ਕੀਤਾ। ਸੂਬੇ ਦੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਕੈਬਨਿਟ ਮੰਤਰੀਆਂ ਨੇ ਵੀ ਨਾਲੋ-ਨਾਲ ਵਾਲੰਟੀਅਰਾਂ ਨੂੰ ਨਸ਼ਾ ਰੋਕੂ ਅਫਸਰ ਦੀ ਸਹੁੰ ਚੁਕਵਾਈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ੁਰੂ ਹੋਈ ਇਸ ਵਿਲੱਖਣ ਮੁਹਿੰਮ ਦੀ ਅਗਵਾਈ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਸੂਬੇ ਦੇ ਪਹਿਲੇ ਨਸ਼ਾ ਰੋਕੂ ਵਾਲੰਟੀਅਰ ਬਣੇ ਅਤੇ ਐਸ.ਟੀ.ਐਫ. ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਨੂੰ ਡੈਪੋ ਦਾ ਸ਼ਨਾਖਤੀ ਕਾਰਡ ਸੌਂਪਿਆ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਦੋ ਹੋਰ ਨੌਜਵਾਨ ਵਾਲੰਟੀਅਰਾਂ ਨੂੰ ਇਹ ਸ਼ਨਾਖ਼ਤੀ ਕਾਰਡ ਸੌਂਪੇ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਮੁਹਿੰਮ ਦੌਰਾਨ ਡੈਪੋ ਦੀ ਵੈੱਬਸਾਈਟ 'ਤੇ ਹੁਣ ਤੱਕ 4.25 ਲੱਖ ਵਾਲੰਟੀਅਰ ਰਜਿਸਟਰ ਵੀ ਹੋ ਚੁੱਕੇ ਹਨ ਅਤੇ ਇਸ ਸਬੰਧੀ ਹੋਰ ਅਰਜ਼ੀਆਂ ਆਉਣ ਦੀ ਸੰਭਾਵਨਾ ਹੈ।

ਸਵਾਗਤੀ ਤਕਰੀਰ ਵਿੱਚ ਨਵਾਂ ਸ਼ਹਿਰ ਦੇ ਵਿਧਾਇਕ ਅੰਗਦ ਸਿੰਘ ਨੇ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਖਟਕੜ ਕਲਾਂ ਦੀ ਪਵਿੱਤਰ ਧਰਤੀ ਤੋਂ ਨਸ਼ਿਆਂ ਵਿਰੋਧੀ ਮੁਹਿੰਮ ਆਰੰਭਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਕਦਮ, ਜਿਸ ਦਾ ਉਦੇਸ਼ ਨੌਜਵਾਨਾਂ ਦਾ ਸਸ਼ਕਤੀਕਰਨ ਕਰਨਾ ਹੈ, ਸੂਬੇ ਦੀ ਪੁਰਾਣੀ ਸ਼ਾਨ ਬਹਾਲ ਕਰੇਗਾ।



ਇਸ ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨਾਂ 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰਕ ਮੈਂਬਰ ਅਭੈ ਸਿੰਘ ਸੰਧੂ, ਹਰਜੀਵਨਪਾਲ ਸਿੰਘ ਗਿੱਲ, ਜਗਜੀਵਨਪਾਲ ਸਿੰਘ ਗਿੱਲ, ਕਿਰਨਜੀਤ ਸੰਧੂ, ਮਨਜੀਤ ਕੌਰ, ਅਨੁਸ਼ਕਾ ਅਤੇ ਅਨੁਸ਼ਪ੍ਰਿਆ ਸ਼ਾਮਲ ਸਨ। ਸ਼ਹੀਦ ਸੁਖਦੇਵ ਦੇ ਪਰਿਵਾਰਕ ਮੈਂਬਰ ਅਸ਼ੋਕ ਥਾਪਰ, ਕਰਨ ਥਾਪਰ, ਸੰਦੀਪ ਥਾਪਰ, ਤ੍ਰਿਭੁਵਨ ਥਾਪਰ, ਸੁਭਾਸ਼ ਥਾਪਰ ਅਤੇ ਵਿਨੋਦ ਥਾਪਰ ਵੀ ਸ਼ਾਮਲ ਸਨ।

ਇਸ ਮੌਕੇ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਮਲਕੀਤ ਸਿੰਘ ਦਾਖਾ, ਸਾਬਕਾ ਵਿਧਾਇਕ ਗੁਰਇਕਬਾਲ ਕੌਰ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਲੀ, ਪ੍ਰਮੁੱਖ ਸਕੱਤਰ ਸੱਭਿਆਚਾਰਕ ਮਾਮਲੇ ਵਿਕਾਸ ਪ੍ਰਤਾਪ, ਸਕੱਤਰ ਗ੍ਰਹਿ ਤੇ ਨਿਆਂ ਰਾਹੁਲ ਤਿਵਾੜੀ ਅਤੇ ਸੈਰ-ਸਪਾਟਾ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ ਵੀ ਹਾਜ਼ਰ ਸਨ।

# ਐਸ.ਸੀ.ਐਸ.ਟੀ ਐਕਟ ਨੂੰ ਕਮਜੋਰ ਕਰਨ ਖਿਲਾਫ਼ ਦਲਿਤ ਸਮਾਜ ਉਤਰਿਆ ਸੜਕਾਂ ਉਤੇ, ਮੋਦੀ ਤੇ ਮੋਹਨ ਭਾਗਵਤ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

## ਐਸ.ਸੀ.ਐਕਟ ਨੂੰ ਕਮਜ਼ੋਰ ਕਰਕੇ ਮੋਦੀ ਸਰਕਾਰ ਨੇ ਅਜ਼ਾਦੀ ਤੋਂ ਬਾਅਦ ਦਲਿਤਾਂ ਦੇ ਹੱਕਾਂ ਦੇ ਸਭ ਤੋਂ ਵੱਡਾ ਡਾਕਾ ਮਾਰਿਆ: ਚੀਮਾ/ ਡੁਲਗਚ

**ਲੁਧਿਆਣਾ–** ਦਲਿਤ ਸਮਾਜ ਦੀਆਂ ਵੱਖ ਵੱਖ ਜਥੇਬੰਦੀਆਂ ਵਲੋਂ ਸੁਪਰੀਮ ਕੋਰਟ ਦੇ ਐਸ. ਸੀ. ਐਸ. ਟੀ. ਐਕਟ ਨੂੰ ਕਮਜ਼ੋਰ ਕਰਕੇ ਖ਼ਤਮ ਕਰਨ ਵਾਲੇ ਫ਼ੈਸਲੇ ਵਿਰੁੱਧ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਖਿਲਾਫ਼ ਸਥਾਨਕ ਸਰਕਟ ਹਾਊਸ ਚੌਂਕ ਤੋਂ ਆਰਤੀ ਚੌਕ ਤੱਕ ਰਾਹੁਲ ਡੁਲਗਚ , ਐਡਵੋਕੇਟ ਰਾਹੁਲ ਪੁਹਾਲ, ਵੀਰ ਸਿੰਘ ਲੋਹਟ ਅਤੇ ਮਿੰਕਲ ਬਿਰਲਾ ਦੀ ਅਗਵਾਈ ਵਿਚ ਰੋਸ ਮਾਰਚ ਕੱਢ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਕਾਂਗਰਸ ਪਾਰਟੀ ਦੇ ਇਕਨੋਮਿਕ ਐਂਡ ਪੋਲੀਟਿਕਲ ਪੈਲੈਨਿੰਗ ਸੈਲ ਦੇ ਚੇਅਰਮੈਨ ਈਸ਼ਵਰਜੋਤ ਸਿੰਘ ਚੀਮਾ, ਕੌਂਸਲਰ ਬੀਬੀ ਬਰਜਿੰਦਰ ਕੌਰ, ਕੌਂਸਲਰ ਪਰਵਿੰਦਰ ਸਿੰਘ ਲਾਪਰਾ, ਕੌਂਸਲਰ ਰੁਪਿੰਦਰ ਸਿੰਘ ਸ਼ੀਲਾ, ਕੌਂਸਲਰ ਨਿਰਮਲ ਕੈੜਾ, ਕੌਂਸਲਰ ਚਿਰਾਗ ਥਾਪਰ, ਕ੍ਰਿਸ਼ਨ ਮੋਹਨ ਸ਼ੁਕਲਾ, ਚਰਨਜੋਤ ਸਿੰਘ ਕਿੱਟੂ ਆਦਿ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ ਅਤੇ ਡੱਟ ਕੇ ਐਸ ਸੀ ਸਮਾਜ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

ਇਸ ਮੌਕੇ ਦਲਿਤ ਸਮਾਜ ਦੇ ਸਮੂਹ ਆਗੂਆਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੋਹਨ ਭਾਗਵਤ ਦਾ ਪੁਤਲਾ ਵੀ ਫੂਕਿਆ। ਇਸ ਮੌਕੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਈਸ਼ਵਰਜੋਤ ਸਿੰਘ ਚੀਮਾ ਅਤੇ ਰਾਹੁਲ ਡੁਲਗਚ ਨੇ ਕਿਹਾ ਕਿ ਮੋਦੀ ਸਰਕਾਰ ਵਲੋ ਆਰ ਐਸ ਐਸ ਦੇ ਇਸ਼ਾਰੇ ਤੇ ਐਸ ਸੀ ਐਸ ਟੀ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਅਟਾਰਨੀ




ਜਨਰਲ ਨੂੰ ਨਾ ਭੇਜ ਕੇ ਜਾਣ ਬੁੱਝ ਕੇ ਇਸ ਕਾਨੂੰਨ ਨੂੰ ਕਮਜੋ?ਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਇਸ ਕਾਨੂੰਨ ਬਾਰੇ ਆਪਣਾ ਪੱਖ ਸਪੱਸ਼ਟ ਤੌਰ ਤੇ ਨਾ ਰੱਖ ਸਕਣ ਕਾਰਨ ਸੁਪਰੀਮ ਕੋਰਟ ਵਲੋ ਸਬੰਧਤ ਤੱਥ ਨਾ ਹੋਣ ਕਾਰਨ ਇਹ ਦਲਿਤ ਵਿਰੋਧੀ ਫ਼ੈਸਲਾ ਦਿੱਤਾ ਗਿਆ ਹੈ ਜੋ ਕਿ ਦਲਿਤ ਸਮਾਜ ਨੂੰ ਬਿਲਕੁਲ ਵੀ ਸਵੀਕਾਰ ਨਹੀ ਤੇ ਸੁਪਰੀਮ ਕੋਰਟ ਨੂੰ ਆਪਣੇ ਇਸ ਫੈ?ਸਲੇ ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਐਸ ਸੀ ਐਕਟ ਤਹਿਤ ਜਿਥੇ ਪਹਿਲਾ ਦੋਸ਼ੀ ਵਿਅਕਤੀ ਦੀ ਸਿੱਧੀ ਗ੍ਰਿਫ਼ਤਾਰੀ ਹੋ ਜਾਂਦੀ ਸੀ ਪ੍ਰੰਤੂ ਹੁਣ ਇਸ ਐਕਟ ਤਹਿਤ ਅਜਿਹਾ ਨਹੀ ਹੋਵੇਗਾ ਅਤੇ ਦੋਸ਼ੀ ਵਿਅਕਤੀ ਨੂੰ ਛੇਤੀ ਹੀ ਜ਼ਮਾਨਤ ਮਿਲ ਜਾਵੇਗੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਇਸ ਦਲਿਤ ਵਿਰੋਧੀ ਫ਼ੈਸਲੇ ਦੀ ਸਜ਼ਾ ਸਮੁੱਚਾ ਦਲਿਤ ਸਮਾਜ ਮੋਦੀ ਸਰਕਾਰ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ ਦੇਵੇਗਾ। ਇਸ ਮੌਕੇ ਰਾਹੁਲ ਪੁਹਾਲ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਦਲਿਤਾਂ ਨੂੰ ਜਾਣ ਬੁੱਝ ਕੇ ਚਾਹੇ ਉਹ ਰਿਜਰਵੇਸ਼ਨ ਨੂੰ ਕਮਜ਼ੋਰ ਕਰਕੇ, ਚਾਹੇ ਦਲਿਤਾਂ ਤੇ ਅੱਤਿਆਚਾਰ ਕਰਕੇ , ਚਾਹੇ ਐਸ ਸੀ ਐਕਟ ਨੂੰ ਕਮਜੋਰ ਕਰਕੇ ਹਰੇਕ ਮੁੱਦੇ ਤੇ ਦਲਿਤ ਸਮਾਜ ਨਾਲ ਧੱਕਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦਲਿਤ ਸਮਾਜ ਇਸ ਫ਼ੇਸਲੇ ਵਿਰੁੱਧ ਚੁੱਪ ਨਹੀਂ ਬੈਠੇਗਾ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਵੱਡੇ ਪੱਧਰ ਤੇ ਸੰਘਰਸ਼ ਕਰੇਗਾ। ਇਸ ਮੌਕੇ ਗੋਤਮ ਸ਼ਰਮਾ, ਪ੍ਰਦੀਪ ਬੋਹਤ, ਰਾਕੇਸ਼ ਲੰਬੜਦਾਰ, ਮਨਦੀਪ ਹੰਬੜਾਂ, ਨੀਰਜ ਸਿਰਸਵਾਲ, ਸੁਨੀਲ ਲੰਬੜਦਾਰ, ਜਸਵਿੰਦਰ ਲੋਹਟ, ਸੰਜੇ ਬੋਹਤ, ਵਿੱਕੀ ਕੁਮਾਰ, ਵਿਨੋਦ ਗਹਿਲੋਤ, ਰਾਜ ਕੁਮਾਰ, ਸੋਮਪਾਲ ਚਾਵਰੀਆ, ਅਨਿਲ ਕੁਮਾਰ, ਆਦਿ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

# ਬਸਪਾ ਵਰਕਰਾਂ ਨੇ ਅੰਬੇਡਕਰ ਚੌਂਕ ਵਿੱਚ ਫੂਕਿਆ ਮੋਦੀ ਸਰਕਾਰ ਦਾ ਪੁਤਲਾ

## ਮੋਦੀ ਸਰਕਾਰ ਦੇ ਇਸਾਰੇ ਤੇ ਹੀ ਦਲਿਤਾਂ, ਪਿਛੜਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਰੁੱਧ ਲਏ ਜਾ ਰਹੇ ਹਨ ਫੈਸਲੇ : ਬਸਰਾ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਹੁਜਨ ਸਮਾਜ ਦੀ ਜਿਲ੍ਹਾ ਇਕਾਈ ਨੇ ਅੱਜ ਪ੍ਰਧਾਨ ਜੀਤ ਰਾਮ ਬਸਰਾ ਦੀ ਅਗਵਾਈ ਹੇਠ ਅੰਬੇਡਕਰ ਚੌਂਕ 'ਚ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਜੁੜੇ ਬਸਪਾ ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜੀ ਕਰਦਿਆਂ ਇਸਨੂੰ ਦਲਿਤਾਂ, ਪਿਛੜਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੀ ਵਿਰੋਧੀ ਦੱਸਿਆ। ਬਸਪਾ ਵਰਕਰਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗਾਂ ਦੇ ਬਾਰੇ 'ਚ ਲਏ ਗਏ ਫੈਸਲੇ ਕਾਰਨ ਕਾਫੀ ਗੁੱਸਾ ਦੇਖਿਆ ਜਾ ਰਿਹਾ ਸੀ ਅਤੇ ਉਹ ਇਸਦੇ ਲਈ ਕੇਂਦਰ ਦੀ ਮੋਦੀ ਸਰਕਾਰ ਨੂੰ ਦੋਸ਼ੀ ਆਖ ਰਹੇ ਸਨ। ਇਸ ਸਬੰਧੀ ਗੱਲ ਕਰਦਿਆਂ ਸ੍ਰੀ ਬਸਰਾ ਨੇ ਕਿਹਾ ਕਿ ਦੇਸ਼ ਭਰ ਵਿੱਚ ਦਲਿਤਾਂ ਨੂੰ ਜਾਤੀ ਸੂਚਕ ਸਬਦਾਂ ਦੀ ਵਰਤੋਂ ਕਰਕੇ ਮਾਰਿਆ ਕੁੱਟਿਆ ਜਾ ਰਿਹਾ ਹੈ ਇਸਦੇ ਬਾਵਜੂਦ ਉਨ੍ਹਾਂ ਦੀ ਕਿਤੇ ਸੁਣਵਾਈ ਨਹੀ ਹੋ ਰਹੀ।

ਉਨ੍ਹਾਂ ਨੂੰ ਆਪਣੇ ਨਾਲ ਹੋਈ ਅਣਮਨੁੱਖੀ ਵਤੀਰੇ ਦੀ ਪੁਲਿਸ ਸਿਕਾਇਤ ਦਰਜ ਕਰਵਾਉਣ ਲਈ ਹੀ ਥਾਣਿਆਂ ਵਿੱਚ ਚੱਕਰ ਲਗਾਉਣੇ ਪੈਂਦੇ ਹਨ। ਇਸ ਵਰਗ ਨੂੰ ਰਾਹਤ ਦੇ ਦੀ ਬਜਾਏ ਸੁਪਰੀਮ ਕੋਰਟ ਨੇ ਇਨ੍ਹਾਂ ਵਰਗਾਂ ਦੇ ਵਿਰੁੱਧ ਹੀ ਫੈਸਲਾ ਦੇ ਦਿੱਤਾ ਹੈ। ਅਸੀ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ ਪਰ ਇਸ ਫੈਸਲੇ ਨੂੰ ਮੋਦੀ ਸਰਕਾਰ ਦੇ ਇਸਾਰੇ ਤੇ ਦਿੱਤਾ ਗਿਆ




ਫੈਸਲਾ ਆਖ ਇਸਦੀ ਨਿੰਦਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਸ ਫੈਸਲੇ ਦੇ ਲਾਗੂ ਹੋਣ ਨਾਲ ਸਿਕਾਇਤ ਹੋਣ ਵਾਲੀ ਐਫ ਆਈ ਆਰ ਪੁਲਿਸ ਦੇ ਰਹਿਮੋ ਕਰਮ ਤੇ ਸੁੱਟ ਦਿੱਤੀ ਗਈ ਹੈ ਅਤੇ ਭੂਤਕਾਲ ਵਿੱਚ ਪੁਲਿਸ ਦੀ ਏਹ ਅਫਸਰਸ਼ਾਹੀ ਕਦੇ ਵੀ ਦਲਿਤਾਂ ਦੇ ਪੱਖ 'ਚ ਨਹੀ ਭੁਗਤੀ। ਇਸਤੋਂ ਇਲਾਵਾ ਉਨ੍ਹਾਂ ਇਰਾਕ 'ਚ ਕੀਤੇ ਕਤਲ 39 ਭਾਰਤੀਆਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਵਿਦੇਸ਼ ਮੰਤਰੀ ਵੱਲੋਂ ਚਾਰ ਸਾਲ ਤੱਕ ਸੱਚਾਈ ਨੂੰ ਛੁਪਾਉਣ ਦੀ ਨਿੰਦਾ ਕੀਤੀ ਅਤੇ ਪੀੜਤ ਪਰਿਵਾਰਾਂ ਲਈ ਆਰਥਿਕ ਸਹਾਇਤਾ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰ ਨੌਕਰੀ ਦੇਣ ਦੀ ਮੰਗ ਵੀ ਕੀਤੀ।

ਉਨ੍ਹਾਂ ਪੋਸਟ ਮੈਟਰਿਕ ਸਕਾਲਰਸਿਪ ਦੀ ਦੇਰੀ ਕਾਰਨ ਪੜਾਈ ਛੱਡਣ ਵਾਲੇ ਵਿਦਿਆਰਥੀਆਂ ਦੀ ਰੁਕੀ ਰਾਸ਼ੀ ਤੁਰੰਤ ਜਾਰੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਗਰੀਬਾਂ ਚੋਂ ਅਫਸਰ ਨਹੀ ਬਲਕਿ ਮਜਦੂਰ ਪੈਦਾ ਕਰਨਾ ਚਾਹੁੰਦੀ ਹੈ।

ਉਨ੍ਹਾਂ ਆਰਥਿਕ ਪੱਖੋਂ ਹੋਰ ਪਿਛੜ ਰਹੇ ਪਿਛੜੇ ਵਰਗਾਂ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਪ੍ਰਗਣ ਬਿਲਗਾ, ਵਿੱਕੀ ਕੁਮਾਰ, ਰਾਜਿੰਦਰ ਨਿੱਕਾ, ਡਾ: ਸੁਰਿੰਦਰ ਜੱਖੂ, ਪਵਨ ਕੁਮਾਰ, ਵਿੱਕੀ ਬਹਾਦਰਕੇ, ਰਵੀ ਕਾਂਤ ਜੱਖੂ, ਕਮਲ ਬੌਧ, ਕੇਤਨ ਕੁਮਾਰ, ਧਰਮਿੰਦਰ ਸਿੰਘ, ਹਰਮੇਸ਼ ਜਨਾਗਲ, ਸ਼ੰਕਰ ਦਾਸ ਲੋਈ, ਦਿਨੇਸ਼ ਬਸਰਾ, ਹੰਸਰਾਜ, ਰਾਜੂ ਬਾਂਗੜ, ਜਸਪਾਲ ਭੌਰਾ, ਨਰੇਸ਼ ਬਸਰਾ, ਮੀਤ ਬੈਂਸ, ਮਿੰਟੂ, ਖਵਾਜਾ ਪ੍ਰਸਾਦ, ਅਨੁਜ ਕੁਮਾਰ ਅਤੇ ਹੋਰ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸਾ ਪੰਥ ਦਾ ਜਨਮ ਉਤਸਵ ਮਨਾਇਆ

**ਯੂਬਾ ਸਿਟੀ**–ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ, ਬਾਸੀ ਪਰਿਵਾਰ, ਸਹੋਤਾ ਪਰਿਵਾਰ, ਕੰਦੋਲਾ ਪਰਿਵਾਰ, ਸੰਧੂ ਪਰਿਵਾਰ, ਨਾਗਰਾ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਅਤੇ ਵਿਸਾਖੀ (ਖਾਲਸਾ ਜੀ ਦਾ ਪ੍ਰਗਟ ਦਿਹਾੜਾ) ਧੰਨ ਧੰਨ ਸਗ੍ਰਿੂ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਿਤੀ 23, 24, 25 ਮਾਰਚ 2018 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ, ਜਿਸ ਵਿਚ 23ਮਾਰਚ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕੀਤੇ ਗਏ, ਜਿਹਨਾਂ ਦੇਭੋਗ 25 ਮਾਰਚ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏੈ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇਹਜ਼ੂਰੀ ਜਥੇ, ਬੀਬੀ ਲੋਚਨਾ ਰਾਏੈ ਜੀ, ਭਾਈ ਹੀਰਾ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਇਹਨਾਂ ਸਮਾਗਮਾਂ ਵਿਚ ਸਾਰੇ ਪਰਿਵਾਰਾਂ ਨੇ ਪੂਰੇ ਹਫਤੇ ਗੁਰੂ ਘਰ ਵਿਚ ਬੜੇ ਪਿਆਰ ਅਤੇ ਸਤਿਕਾਰ ਨਾਲ ਸੇਵਾ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਗੁਰਮੁਖ ਪਰਿਵਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਸ. ਗੁਰਪ੍ਰੀਤ ਸਿੰਘ ਜੀ, ਬੀਬੀ ਰਾਜਵਿੰਦਰ ਕੌਰ ਜੀ ਦੇ ਮਾਤਾ ਪਿਤਾ ਸ. ਗੁਰਪਾਲ ਸਿੰਘ ਜੀ, ਬੀਬ ਮਨਪ੍ਰੀਤ ਕੌਰ ਜੀ ਨੂੰ ਇੰਡੀਆ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।













ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Guru Piari Sadh Sangat Ji

**Devoted families are requesting entire Sangat to attend the April 2018 functions:**

**April 1, 2018**
Sukhmani Sahib Path and Langar Sewa by Bhai Jasbir Singh &Bibi Darshan Kaur
Sukhmani Sahib Path and Langar Sewa will be hosted by Bhai Jasvir Singh and Bibi Darshan Kaur for Sukh Shanti and Chardi Kala of their family.

**April 8, 2018**
Sukhmani Sahib Path and Langar Sewa from Gurughar

**April 15, 2018**
**Prakash Utsav of Shri Guru Arjun Dev Ji**
Gurughar will be celebrating Parkash Utsav of Shri Guru Arjun Dev Ji, the fifth of the ten Sikh Gurus, who compiled Sri Guru Granth Sahib. He was born in Goindval, in the Punjab. Shri Sukhmani Sahib Path and Langar Sewa will be hosted by Sangat.

Vaisakhi Celebration date has been postpone by family to next Sunday. The new program detail are:

**April 20-21-22,2018**
**Vaisakhi Festival 2018 by Bhai Kashmiri Bhatia and Bibi Kamaljit Bhatia**

Sri Ahkand Path Sahib and Langar Sewa will be hosted by Bhai Kashmiri Bhatia and Bibi Kamaljeet Bhatia. Vaisakhi is the harvest celebration in India and is an occasion of dancing, singing, music, wearing of festive garments and religious praise. Akhand Path will start on Friday April 20,2018 at 10:00 AM and will conclude with Bhog ceremony on Sunday April 22, 2018.

**April 29, 2018**
**127th Birth Anniversary of Dr. Bhimrao Ambedkar**
Sri Sukhmani Sahib Path and Langar Sewa will be hosted by Gurughar on the occasion of 127th Birth Anniversary of Dr. B R Ambedkar. Baba Saheb was a leader, politician and a scholar. As independent India's first law minister, he was the principal architect of the Constitution of India.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |



ਹਰਿ

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਅਤੇ ਸਮੂਹ ਸਾਧ ਸੰਗਤ



ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ ਚੱਲਣ ਵਾਲੇ ਧਾਰਮਿਕ ਸਮਾਗਮ ਦਰਮਿਆਨ ਪੰਥ ਪ੍ਰਸਿੱਧ ਰਾਗੀ/ਢਾਡੀ ਅਤੇ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਵਿਦਵਾਨ ਬੁਲਾਰੇ ਸ਼੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ।

**ਪ੍ਰੋਗਰਾਮ ਦਾ ਵੇਰਵਾ**
ਪ੍ਰੋਗਰਾਮ: 8 ਅਪ੍ਰੈਲ 2018 ਦਿਨ ਐਤਵਾਰ
ਸਵੇਰੇ: 10 ਵਜੇ ਤੋਂ ਦੁਪਹਿਰ 3 ਵਜੇ ਤੱਕ
**ਸਥਾਨ:**
**31252 Veasy street Union City**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:**
ਚੇਅਰਮੈਨ- ਵਿਨੋਦ ਕੁਮਾਰ ਚੁੰਬਰ
510-953-9800
ਜਨਰਲ ਸਕੱਤਰ- ਸ਼ਿਵ ਸਿੱਧੂ
510-386-2715
ਪ੍ਰਧਾਨ- ਕੇਵਲ ਸਿੰਘ
510-299-6418
ਖਜਾਨਚੀ- ਸੰਤੋਖ ਸਿੰਘ ਸਰੋਇਆ
408-509-9697

**ਸਮੂਹ ਮੈਂਬਰ ਅਤੇ ਅਹੁਦੇਦਾਰ- ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ)**

# ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਦਾ ਹਫਤਾਵਾਰੀ ਪ੍ਰੋਗਰਾਮ

## ਲੋੜ ਹੈ ਆਪਣੇ ਰਹਿਬਰਾਂ ਦੇ ਅਣਥੱਕ ਸੰਘਰਸ਼ ਦੀ ਲਾਟ ਨੂੰ ਜਗਦਾ ਰੱਖਣ ਦੀ- ਡਾ.ਗੁਰਜੀਤ ਸਿੰਘ ਟਰੇਸੀ









**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.(ਯੂਬਾਸਿਟੀ) ਕੈਲੇਫੋਰਨੀਆ ਵੱਲੋਂ ਪਿਛਲੇ ਐਤਵਾਰ ਹਫਤਾਵਾਰੀ ਪ੍ਰੋਗਰਾਮ ਦੌਰਾਨ ਸੰਗਤਾਂ ਨੇ ਜਿੱਥੇ ਭਰਵੀਂ ਹਾਜ਼ਰੀ ਲਗਵਾਈ, ਉਥੇ ਉਹਨਾਂ ਪ੍ਰਬੰਧਕ ਕਮੇਟੀ ਦੇ ਕੰਮਾਂ ਵਿਚ ਸਹਿਯੋਗ ਦੇਣ ਤੇ ਮਾਲੀ ਸਹਾਇਤਾ ਲਈ ਯਕੀਨ ਦਿਵਾਇਆ। ਸੰਗਤਾਂ ਦਾ ਮੰਨਣਾ ਸੀ ਕਿ ਭਗਵਾਨ ਵਾਲਮੀਕ ਮੰਦਰ ਸਾਰੀਆਂ ਸੰਗਤਾਂ ਲਈ ਪੂਜਨੀਕ ਅਸਥਾਨ ਹੈ ਤੇ ਸਾਡਾ ਸਭਨਾਂ ਦਾ ਇਖਲਾਕੀ ਫਰਜ਼ ਹੈ ਕਿ ਤਨੋਂ, ਮਨੋਂ, ਧਨੋਂ ਵੱਧ ਤੋਂ ਵੱਧ ਸਹਿਯੋਗ ਕਰੀਏ।

ਅੱਜ ਦੇ ਹਫਤਾਵਾਰੀ ਪ੍ਰੋਗਰਾਮ ਦੌਰਾਨ ਉਘੇ ਗਾਇਕ ਸ੍ਰੀ ਭੁਪਿੰਦਰ ਸਿੰਘ ਭਿੰਦਾ ਤੇ ਸ੍ਰੀ ਪਲਵਿੰਦਰ ਸਹੋਤਾ ਆਦਿ ਨੇ ਧਾਰਮਿਕ ਗੀਤਾਂ ਤੇ ਭਜਨ ਨਾਂਲ ਸੰਗਤਾਂ ਨੂੰ ਨਿਹਾਲ ਕੀਤਾ। ਅੱਜ ਦੀ ਵਿਸ਼ੇਸ਼ਤਾ ਸੀ ਕਿ ਇੰਗਲੈਂਡ ਤੋਂ ਆਏ ਸ੍ਰੀ ਨਿਰਮਲ ਸਿੰਘ ਸਹੋਤਾ ਜੀ ਨੂੰ ਡਾ. ਗੁਰਜੀਤ ਸਿੰਘ ਟਰੇਸੀ ਵਾਲੇ ਲੈ ਕੇ ਆਏ। ਸ੍ਰੀ ਨਿਰਮਲ ਸਿੰਘ ਇੰਗਲੈਂਡ ਦੇ ਆਉਣ ਉਪਰੰਤ ਪਹਿਲੀ ਵਾਰ ਭਗਵਾਨ ਵਾਲਮੀਕ ਮੰਦਰ ਵਿਖੇ ਨਤਮਸਤਕ ਹੋਏ ਤੇ ਦੋ ਸ਼ਬਦ ਬੋਲੇ ਬਿਨਾਂ ਨਹੀਂ ਰਹੇ। ਸ੍ਰੀ ਨਿਰਮਲ ਸਿੰਘ ਸਹੋਤਾ ਜੀ ਨੇ ਕਿਹਾ ਕਿ ਇੰਗਲੈਂਡ ਵਿਚ ਭਗਵਾਨ ਵਾਲਮੀਕ ਜੀ ਦੇ ਨਾਂ ਤੇ ਛੇ ਮੰਦਰ ਹਨ ਤੇ ਮੈਨੂੰ ਬੜੀ ਖੁਸ਼ੀ ਹੈ ਕਿ ਮੈਂ ਅੱਜ ਉਸ ਭਗਵਾਨ ਵਾਲਮੀਕ ਮੰਦਰ 'ਚ ਨਤਮਸਤਕ ਹੋਇਆ ਜੋ ਅਮਰੀਕਾ ਵਿਚ ਪਹਿਲਾ ਭਗਵਾਨ ਵਾਲਮੀਕ ਮੰਦਰ ਹੈ। ਮੈਂ ਇਸ ਦੇ ਫਾਊਂਡਰ ਮੈਂਬਰ, ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹਾਂ। ਇੱਥੋਂ ਜੋ ਪਿਆਰ/ਸਤਿਕਾਰ ਮਿਲਿਆ, ਉਹ ਮੇਰੀ ਜ਼ਿੰਦਗੀ ਦੀਆਂ ਅਭੁੱਲ ਯਾਦਾਂ ਵਜੋਂ ਮੇਰੇ ਜ਼ਿਹਨ ਵਿਚ ਹਮੇਸ਼ਾ ਰਹਿਣਗੀਆਂ। ਸ੍ਰੀ ਨਿਰਮਲ ਸਿੰਘ ਸਹੋਤਾ ਨੂੰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਬਾਕੀ ਮੈਂਬਰਾਂ ਸਾਹਿਬਾਨ ਨਾਲ ਪਹਿਲੀ ਵਾਰ ਮੰਦਰ ਆਉਣ 'ਤੇ ਸਿਰੋਪਾਓਨਾਂਲ ਸਨਮਾਨਿਤ ਕੀਤਾ।

ਇਸ ਮੌਕੇ ਸਟੇਜ ਦੀ ਸੇਵਾ ਨਿਭਾ ਰਹੇ ਸ੍ਰੀ ਵਿਨੋਦ ਗਿੱਲ ਜੀ ਨੇ ਜਿੱਥੇ ਆਪ ਦੋ ਸ਼ਬਦਾਂ ਨਾਲ ਸੰਗਤਾਂ ਨਾਲ ਸਾਂਝ ਪਾਈ, ਉਥੇ ਉਹਨਾਂ ਬੈਕ ਟੂ ਸੁਸਾਇਟੀ ਦੀ ਮਹੱਤਤਾ ਨੂੰ ਸਮਝਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਮਾਂ ਬੜਾ ਨਾਜ਼ੁਕ ਚੱਲ ਰਿਹਾ ਹੈ, ਲੋੜ ਹੈ ਮਗਰ ਭਾਰਤ ਰਹਿ ਰਹੇ ਪਰਿਵਾਰਾਂ, ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ, ਜੋ ਲੋੜਵੰਦ ਹਨ, ਪੜ੍ਹਾਈ ਲਈ ਉਥੇ ਬੱਚਿਆਂ ਨੂੰ ਮਦਦ ਕੀਤੀ ਜਾਵੇ।

ਇਸੇ ਤਰ੍ਹਾਂ ਡਾ. ਗੁਰਜੀਤ ਸਿੰਘ ਨੇ ਪੜ੍ਹਾਈ ਦੀ ਅਹਿਮੀਅਤ ਨੂੰ ਪ੍ਰਮੁੱਖਤਾ ਦਿੰਦਿਆਂ ਸਮਾਜਿਕ ਚੇਤਨਾ ਲਿਆਉਣ ਲਈ ਵਚਨਬੱਧਤਾ ਦੁਹਰਾਈ ਹੈ। ਉਹਨਾਂ ਕਿਹਾ ਕਿ ਕੁਝ ਅਸਾਨੀ ਨਾਲ ਨਹੀਂ ਪ੍ਰਾਪਤ ਹੋ ਜਾਂਦਾ, ਉਸ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ। ਅੱਜ ਸਾਡੇ ਹੱਕਾਂ ਲਈ, ਸਾਡੀ ਹਿਫਾਜ਼ਤ ਲਈ ਬਣੇ ਕਾਨੂੰਨਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਸਾਡੇ ਰਹਿਬਰਾਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ, ਪੰਜਾਬ ਵਿਚ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸ੍ਰੀ ਚੁੰਨੀ ਲਾਲ ਥਾਪਰ ਆਦਿ ਆਗੂਆਂ ਨੇ ਆਪਣੇ ਸਮਾਜ ਨੂੰ ਉਪਰ ਚੁੱਕਣ ਲਈ ਅਣਥੱਕ ਸੰਘਰਸ਼ ਕੀਤਾ। ਲੋੜ ਹੈ ਉਹਨਾਂ ਦੁਆਰਾ ਕੀਤੇ ਸੰਘਰਸ਼ ਦੀ ਲਾਟ ਨੂੰ ਜਗਦਾ ਰੱਖਣ ਦੀ। ਜੇਕਰ ਅਜਿਹਾ ਨਾ ਹੋਇਆ ਤਾਂ ਅੱਜ ਦੇਂ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਨੇ ਐਸ. ਸੀ./ਐਸ. ਟੀ. ਐਕਟ ਨੂੰ ਕਮਜ਼ੋਰ ਬਣਾਇਆ ਉਸ ਦਾ ਮਤਲਬ ਸਾਡੇ ਲਈ ਇਕ ਕਾਨੂੰਨ ਜੋ ਸਾਡੀ ਹਿਫਾਜ਼ਤ ਕਰਦਾ ਸੀ, ਅੱਜ ਉਸ ਦੀ ਹਾਲਤ ਅਜਿਹੀ ਕਰ ਦਿੱਤੀ ਕਿ ਅਸੀਂ ਹੁਣ ਹੋਰ ਕਮਜ਼ੋਰ ਹੋ ਜਾਵਾਂਗੇ। ਲੋੜ ਹੈ ਇਸ ਨੂੰ ਮੁੜ ਬਹਾਲ ਕਰਨ ਦੀ, ਉਸ ਦਾ ਇਕੋ-ਇਕ ਹੱਲ ਆਪਣੇ-ਆਪਣੇ ਹਲਕਿਆਂ ਦੇ ਐਮ. ਐਲ. ਏ., ਐਮ. ਪੀ. ਸਾਹਿਬਾਨ ਨੂੰ ਸੰਪਰਕ ਕਰਕੇ ਬੁਲੰਦ ਆਵਾਜ਼ ਦਿਖਾਓ ਅਤੇ ਕੇਂਦਰ ਸਰਕਾਰ, ਸੁਪਰੀਮ ਕੋਰਟ ਨੂੰ ਮੁੜ ਵਿਚਾਰ ਕਰਨ ਲਈ ਕਹੋ ਜਾਂ ਫਿਰ ਲੋਕ ਸਭਾ 'ਚ ਮੁੜ ਵਿਚਾਰਿਆ ਜਾਵੇ। ਅਖੀਰ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ ਅਤੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਹਨਾਂ ਡਾ. ਗੁਰਜੀਤ ਸਿੰਘ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਜੋ ਸ੍ਰੀ ਨਿਰਮਲ ਸਿੰਘ ਸਹੋਤਾ ਜੀ ਨੂੰ ਪਹਿਲੀ ਵਾਰ ਭਗਵਾਨ ਵਾਲਮੀਕ ਮੰਦਰ ਲੈ ਕੇ ਆਏ।

# ਡਾ. ਪਰਮਜੀਤ ਸਿੰਘ ਸਰੋਆ ਲਿਖਤ ਸੰਖੇਪ ਜੀਵਨੀ ਸੰਗਤ ਅਰਪਣ

**ਸ੍ਰੀ ਅਨੰਦਪੁਰ ਸਾਹਿਬ–** ਪੰਥਕ ਜਜ਼ਬੇ ਨਾਲ ਭਰਪੂਰ ਸ਼ਖਸੀਅਤਾਂ ਦਾ ਜੀਵਨ ਸਾਡੇ ਲਈ ਪ੍ਰੇਰਨਾ ਸਰੋਤ ਹੈ। ਨੌਜਵਾਨੀ ਨੂੰ ਅਜਿਹਾ ਪੰਥਕ ਜਜ਼ਬਾ ਪੈਦਾ ਕਰਨ ਦੀ ਲੋੜ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਡਾ. ਪਰਮਜੀਤ ਸਿੰਘ ਸਰੋਆ ਵੱਲੋਂ ਲਿਖਤ ਪੰਥਕ ਸ਼ਖਸੀਅਤ ਅਤੇ ਸੁਤੰਤਰਤਾ ਸੰਗਰਾਨੀ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ ਦੀ ਸੰਖੇਪ ਜੀਵਨੀ ਸੰਗਤ ਅਰਪਣ ਕਰਨ ਮੌਕੇ ਕੀਤਾ। ਉਹਨਾਂ ਕਿਹਾ ਕਿ ਗਿਆਨੀ ਗੁਰਦਿੱਤ



ਸਿੰਘ ਦਾ ਜੀਵਨ ਪੰਥਕ ਅਤੇ ਸੰਘਰਸ਼ਮਈ ਰਿਹਾ ਹੈ। ਉਹਨਾਂ ਹਰ ਪੰਥਕਮੋਰਚੇ ਵਿਚ ਮੋਹਰੀ ਕਤਾਰ ਵਿਚ ਹੋ ਕੇ ਹਿੱਸਾ ਲਿਆ। ਉਹ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਵਜੋਂ ਵੀ ਸੇਵਾ ਕਰਦੇ ਰਹੇ ਹਨ। ਇਸ ਮੌਕੇ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਅੱਜ ਦੀ ਨੌਜਵਾਨੀ ਨੂੰ ਪੰਥਕ ਜਜ਼ਬੇ ਨਾਲ ਭਰਪੂਰ ਸ਼ਖਸੀਅਤਾਂ ਦੇ ਜੀਵਨ ਨੂੰ ਰੋਲ ਮਾਡਲ ਬਣਾਉਣਾ ਚਾਹੀਦਾ ਹੈ।

# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# The Antioch Homeownership Program (AHOP)

**Great news for the people who live and/or work in the city of Antioch. The City of Antioch in conjunction with the Bay Area Affordable Homeownership Alliance (BAAHA) launched the new expansive Antioch Homeownership Program (AHOP) on March 24th, 2018. This event was attended by large number of first time home buyers.**

AHOP

The Antioch Homeownership Program (AHOP) is a collaboration of resources and services focused on:

* Expanding homeownership
* Expanding financial literacy, homebuyer education, and homebuyer counseling.

AHOP is preparing buyers on financial literacy and mortgage approval so when their offers are presented, the listing agent knows they are part of a team making sure the transaction closes well.

*AHOP will achieve its objectives by providing:*

A multitude of first time homebuyer down payment assistance subsidies. Subsidies may be as high as $45,000. Many of the subsidies will be delivered as grants or forgivable loans.

A coordinated AHOP intake system and screening process which will direct first time homebuyers to valuable resources and services.

Access to expansive financial and homebuyer education and counseling offered through a HUD certified 501c3 organization.







**For more information go to their website: www.myhomegateway.org/AHOP**

**Majestic Homes**
2006 A Street, Suite 219, Antioch, CA 94509
Office Phone: (925)779-1234, Direct Phone: (925)366-3618, Fax: (925)219-3918
Email: Ramesh@RameshSuman.com



**Ramesh Suman**
Broker/Realtor, BRE - 00871752
Director - Delta Association of Realtors
CDPE, GRI, RCS-D
Certified HAFA Specialist,

# ਵੈਸਾਖੀ - ਖਾਲਸੇ ਦੀ ਸਿਰਜਨਾ ਤੇ ਅਬੂ ਉਲਾ ਤਰਾਨੀ ਦੀ ਰਿਪੋਰਟ

ਉਂਝ ਵੈਸਾਖੀ ਦੇ ਦਿਨ ਦਾ ਵੱਖ ਵੱਖ ਤਰ੍ਹਾਂ ਨਾਲ ਬੜਾ ਮਹੱਤਵ ਹੈ। ਇਸੇ ਮਹੱਤਵ ਸਦਕਾ ਹੀ ਇਹ ਇੱਕ ਤਿਉਹਾਰ ਦਾ ਰੂਪ ਧਾਰਨ ਕਰ ਗਿਆ ਹੈ। ਇਹ ਤਿਉਹਾਰ ਰਾਸ਼ਟਰੀ ਅਤੇ ਅੰਤ੍ਰਰਾਸ਼ਟਰੀ ਪੱਧਰ ਉਤੇ ਮਨਾਇਆ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਵੱਖ ਵੱਖ ਦੇਸਾਂ/ਫਿਰਕਿਆਂ ਵੱਲੋਂ ਇਸਨੂੰ ਵੱਖ ਵੱਖ ਮਾਨਤਾਵਾਂ ਅਤੇ ਨਾਵਾਂ ਹੇਠ ਮਨਾਇਆ ਜਾਂਦਾ ਹੈ। ਉਤਰਾਖੰਡ ਦੇ ਕੁਮਾਉਂ ਖਿੱਤੇ ਵਿੱਚ ਇਹ ਤਿਉਹਾਰ ਬਿਖੂ ਜਾਂ ਬਿਖਾਉਲੀ ਦੇ ਨਾਂ ਨਾਲ, ਆਸਾਮ ਵਿੱਚ ਰੋਂਗਲੀ ਬੀਹੂ, ਉੜੀਸਾ ਵਿੱਚ ਮਹਾ ਵਿਸ਼ਨੂੰ ਸਕ੍ਰਾਂਤੀ, ਬਿਹਾਰ ਅਤੇ ਨੇਪਾਲ ਦੀ ਸਰਹੱਦ ਨਾਲ ਦੇ ਖੇਤਰ ਵਿੱਚ ਜੁਰਸ਼ੀਤਲ, ਪੱਛਮੀ ਬੰਗਾਲ, ਤ੍ਰੀਪੁਰਾ, ਨੇਪਾਲ ਅਤੇ ਬੰਗਲਾ ਦੇਸ਼ ਵਿੱਚ ਨਬ ਬਰਸ਼, ਆਂਧਰ ਪ੍ਰਦੇਸ਼, ਕਰਨਾਟਕ ਅਤੇ ਤੇਲੰਗਾਨਾ ਵਿੱਚ ਯੁਗੰਡੀ ਅਤੇ ਤਾਮਿਲਨਾਡੂ ਵਿੱਚ ਪੁਥਾਂਡੂ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਮਹਾਤਮਾ ਬੁੱਧ ਨੂੰ ਵੈਸਾਖੀ ਵਾਲੇ ਦਿਨ ਹੀ ਗਿਆਨ ਹਾਸਿਲ ਹੋਇਆ ਸੀ ਅਤੇ ਫਿਰ ਮੋਕਸ਼ ਦੀ ਪ੍ਰਾਪਤੀ ਵੀ ਮਹਾਤਮਾ ਬੁੱਧ ਨੂੰ ਵੈਸਾਖੀ ਵਾਲੇ ਦਿਨ ਹੀ ਹੋਈ ਸੀ। ਇਸ ਲਈ ਜਿੱਥੇ ਜਿੱਥੇ ਬੁੱਧ ਮੱਤ ਦਾ ਪ੍ਰਸਾਰ ਹੈ ਉਥੇ ਇਸ ਦਿਨ ਦੀ ਮਾਨਤਾ ਇਸ ਤਰ੍ਹਾਂ ਹੈ:

ਨੇਪਾਲ –ਬਿਕ੍ਰਮੀ ਸੰਮਤ/ਵੈਸਾਕ ਏਕ; ਸ਼੍ਰੀ ਲੰਕਾ –ਅਲੂਥ ਅਵਰੁਥੂ; ਥਾਈਲੈਂਡ –ਸਾਂਗ੍ਰਕਨ; ਕੰਬੋਡੀਆ – ਚੋਲ ਚਮਨ ਥਮੇ; ਲਾਉਸ-ਪੀ ਮਾਈ ਲਾਉ ਅਤੇ ਮਿਆਂਮਾਰ – ਥਿੰਗਿਆਨ।

ਸਿੱਖ ਧਰਮ ਦਾ ਵੈਸਾਖੀ ਦੇ ਤਿਉਹਾਰ ਨਾਲ ਬੜਾ ਗੂੜ੍ਹਾ ਅਤੇ ਨਿਵੇਕਲਾ ਸੰਬੰਧ ਹੈ। ਇਸ ਦਿਨ ਨੂੰ ਖਾਲਸੇ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਵੱਖਰਾ ਹੀ ਕੌਤਕ ਰਚ ਕੇ ਸਿੱਖ ਧਰਮ ਦੀ ਇੱਕ ਨਿਵੇਕਲੀ ਕੌਮ ਖਾਲਸਾ ਪੰਥ ਦੀ ਸਿਰਜਨਾ ਕੀਤੀ। ਇਸ ਕਰਕੇ ਇਸ ਦਿਨ ਨੂੰ ਖਾਲਸੇ ਦਾ ਜਨਮ ਦਿਨ ਵੀ ਆਖਿਆ ਜਾਂਦਾ ਹੈ। ਸਿੱਖਾਂ ਜਾਂ ਖਾਲਸੇ ਵੱਲੋਂ ਇਸ ਦਿਨ ਨੂੰ ਬੜ੍ਹੇ ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਗੁਰੂ ਘਰਾਂ ਵਿੱਚ ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਲੋਕ ਹੁੰਮ ਹੁਮਾ ਕੇ ਸ਼ਰਧਾ ਨਾਲ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਜਾਂਦੇ ਹਨ। ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਕਰਦੇ ਹਨ। ਨਗਰ ਕੀਰਤਨ ਸਜਾਏ ਜਾਂਦੇ ਹਨ। ਰਾਗੀ ਜਥੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ ਅਤੇ ਢਾਡੀ ਜਥੇ ਵਾਰਾਂ ਗਾ ਕੇ ਸੰਗਤਾਂ ਨੂੰ ਉਨ੍ਹਾਂ ਦੇ ਇਤਿਹਾਸਕ ਵਿਰਸੇ ਤੋਂ ਜਾਣੂੰ ਕਰਾਉਂਦੇ ਹਨ। ਗਤਕਾ ਪਾਰਟੀਆਂ ਗਤਕੇ ਦੇ ਜੌਹਰ ਵਿਖਾ ਕੇ ਅਤੇ ਭੰਗੜਾ ਪਾਰਟੀਆਂ ਪੰਜਾਬੀ ਸੱਭਿਆਚਾਰ ਦੀ ਜ਼ਿੰਦ-ਜਾਨ ਭੰਗੜਾ ਨਾਚ ਨਾਲ ਲੋਕਾਂ ਦਾ ਮਨੋਰੰਜਨ ਕਰਦੀਆਂ ਹਨ। ਲੋਕ ਇੱਕ-ਦੂਜੇ ਨੂੰ ਇਸ ਦਿਨ ਦੀ ਵਧਾਈ ਦਿੰਦੇ ਹਨ, ਮਠਿਆਈ ਵੰਡਦੇ ਹਨ, ਘਰਾਂ ਉਤੇ ਦੀਪਮਾਲਾ ਜਾਂ ਬਿਜਲੀ ਦੀਆਂ ਲੜੀਆਂ ਜਗਾ ਕੇ ਰੌਸ਼ਨੀ ਕਰਦੇ ਹਨ ਅਤੇ ਆਤਸ਼ਬਾਜ਼ੀ ਚਲਾਉਂਦੇ ਹਨ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਬੜੀ ਸੁੰਦਰ ਰੌਸ਼ਨੀ ਕੀਤੀ ਜਾਂਦੀ ਹੈ। ਰਾਤ ਨੂੰ ਦਰਸ਼ਨੀ ਡਿਉੜੀ ਦੀ ਛੱਤ ਉਤੇ ਜੋ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ ਉਹ ਲਾਮਿਸਾਲ ਹੁੰਦੀ ਹੈ।

ਸ੍ਰੀ ਆਨੰਦਪੁਰ ਸਾਹਿਬ ਵਿਖੇ ਵੈਸਾਖੀ ਦਾ ਤਿਉਹਾਰ ਬੜੇ ਹਰਸ਼-ਉਲਾਸ ਅਤੇ ਜ਼ੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਕਿਉਂਕਿ ਸ੍ਰੀ ਆਨੰਦਪੁਰ ਸਾਹਿਬ ਖਾਲਸੇ ਦਾ ਜਨਮ ਅਸਥਾਨ ਵੀ ਹੈ, ਇਸ ਲਈ ਇੱਥੇ ਇਸ ਤਿਉਹਾਰ ਦੀ ਮਹਾਨਤਾ ਹੋਰ ਵੀ ਵਧ ਜਾਂਦੀ ਹੈ। ਇੱਥੇ ਇਸ ਗੱਲ ਦਾ ਵਰਣਨ ਕਰਨਾ ਜ਼ਰੂਰੀ ਹੋਵੇਗਾ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕਰਨ ਲਈ ਪੰਜ ਪਿਆਰਿਆਂ ਦੀ ਜਿਸ ਤਰ੍ਹਾਂ ਚੋਣ ਕੀਤੀ ਉਸਦਾ ਵਰਣਨ ਕਰਦਿਆਂ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਜੀ ਇੱਕ-ਇੱਕ ਕਰਕੇ ਪੰਜ ਸਿੰਘਾਂ ਨੂੰ ਪੰਡਾਲ ਦੇ ਨਾਲ ਲਗਦੇ ਤੰਬੂ ਵਿੱਚ ਲੈ ਜਾਂਦੇ ਰਹੇ ਅਤੇ ਉਥੇ ਬੱਕਰਾ ਝਟਕਾ ਕੇ, ਉਸਦੇ ਖ਼ੂਨ ਨਾਲ ਲਿਬੜੀ ਤਲਵਾਰ ਲੈ ਕੇ ਫਿਰ ਸਟੇਜ ਉਤੇ ਆ ਜਾਂਦੇ ਸਨ। ਇਸ ਗੱਲ ਦਾ ਪ੍ਰਚਾਰ ਵੀ ਇਸ ਢੰਗ ਨਾਲ ਕੀਤਾ ਗਿਆ ਕਿ ਇਸਨੂੰ ਸੌ ਫੀਸਦੀ ਸੱਚ ਬਣਾ ਕੇ ਖੜਾ ਕਰ ਦਿੱਤਾ। ਅਸੀਂ ਸਕੂਲਾਂ ਵਿੱਚ ਇਤਿਹਾਸ ਦੀਆਂ ਪੁਸਤਕਾਂ ਵਿੱਚ ਇਹੀ ਕੁਝ ਪੜ੍ਹਦੇ ਆਏ ਹਾਂ ਅਤੇ ਪੜ੍ਹਦੇ ਆ ਰਹੇ ਹਾਂ। ਇਹ ਇਤਿਹਾਸਕਾਰ ਇਸਤੋਂ ਅੱਗੇ ਨਹੀਂ ਵਧਦੇ। ਇਹ ਨਹੀਂ ਦੱਸਦੇ ਕਿ ਉਹ ਝਟਕਾਇਆ ਗਿਆ ਬੱਕਰਾ ਜਾਂ ਬੱਕਰੇ ਫਿਰ ਕਿੱਥੇ ਗਏ? ਕੀ ਹਜ਼ਾਰਾਂ ਦੀ ਗਿਣਤੀ ਵਿੱਚ ਉਥੇ ਜੁੜੇ ਸਿੱਖਾਂ ਨੇ ਉਹ ਬੱਕਰੇ ਨਹੀਂ ਵੇਖੇ? ਜ਼ਾਹਰ ਹੈ ਕਿ ਲਿਖਤ ਵਿੱਚ ਤੱਥਾਂ ਨਾਲ ਛੇੜ-ਛਾੜ ਹੋਈ ਹੈ। ਉਸ ਵੇਲੇ ਦਾ ਵੱਡਾ ਦੁਖਾਂਤ ਇਹ ਸੀ ਕਿ ਘਟਨਾਵਾਂ ਨੂੰ ਅੱਖੀਂ ਵੇਖਣ ਵਾਲੇ ਸਿੱਖ ਇੰਨੇ ਪੜ੍ਹੇ ਲਿਖੇ ਨਹੀਂ ਸਨ ਕਿ ਆਪਣੇ ਇਤਿਹਾਸ ਨੂੰ ਹੂ-ਬਹੂ ਲਿਖ ਸਕਦੇ। ਇਤਿਹਾਸ ਲਿਖਣ ਵਾਲਾ ਪੜ੍ਹਿਆ-ਲਿਖਿਆ ਵਰਗ ਕੋਈ ਹੋਰ ਹੀ ਸੀ ਜਿਸਨੇ ਤੱਥਾਂ ਨੂੰ ਆਪਣੀ ਸੋਚ ਅਨੁਸਾਰ ਤੋੜ ਮਰੋੜ ਕੇ ਪੇਸ਼ ਕੀਤਾ। ਅੱਜ ਵੀ ਕਈ ਵਿਦਵਾਨ, ਜਿਨ੍ਹਾਂ ਵਿੱਚ ਸਿੱਖ ਵਿਦਵਾਨ ਵੀ ਸ਼ਾਮਿਲ ਹਨ, ਸਿੱਖ ਇਤਿਹਾਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਲਈ ਪਿੱਛੇ ਜਿਹੇ ਇੱਕ ਸਿੱਖ ਵਿਦਵਾਨ ਨੂੰ ਸਿੱਖ ਪੰਥ ਵਿੱਚੋਂ ਛੇਕਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਹੈ।

ਅੱਜਕਲ ਸ਼ੋਸ਼ਲ ਮੀਡੀਆ ਉਤੇ ਇੱਕ ਮੁਸਲਮਾਨ



ਇਤਿਹਾਸਕਾਰ ਅੱਬੂ ਉਲਾ ਤਰਾਨੀ ਦੀ ਪੁਸਤਕ ਦੇ ਹਵਾਲੇ ਨਾਲ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਸਜਾਉਣ ਦੀ ਕ੍ਰਿਆ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। Eye Fitness Accuont oz VAisAkhi 1699 - abu Tarani ਦੇ ਸਿਰਲੇਖ ਹੇਠ ਇਹ ਲੇਖ 10 ਅਪ੍ਰੈਲ 2011 ਨੂੰ 'Gursikhi Jivan' ਨਾਂ ਦੀ ਸੰਸਥਾ ਵੱਲੋਂ ਸ਼ੋਸ਼ਲ ਮੀਡੀਆ ਉਤੇ ਪਾਇਆ ਹੋਇਆ ਹੈ। ਇਤਿਹਾਸਕਾਰ ਅੱਬੂ ਉਲਾ ਤਰਾਨੀ ਮੁਗ਼ਲ ਸਮਰਾਟ ਔਰੰਗਜ਼ੇਬ ਦਾ ਨੌਕਰ ਸੀ। ਜਨਮ ਤੋਂ ਉਹ ਬ੍ਰਾਹਮਣ ਸੀ ਪਰ ਬਾਅਦ ਵਿੱਚ ਉਹ ਮੁਸਲਿਮ ਧਰਮ ਅਪਨਾ ਕੇ ਮੁਸਲਮਾਨ ਬਣ ਗਿਆ ਸੀ ਅਤੇ ਫਿਰ ਉਸਨੇ ਆਪਣਾ ਨਾਂ ਬਦਲ ਕੇ ਅੱਬੂ ਉਲਾ ਤਰਾਨੀ ਰੱਖ ਲਿਆ ਸੀ। ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਦੀਆਂ ਸਰਗਰਮੀਆਂ ਦੀ ਜਸੂਸੀ ਕਰਨ ਦੇ ਮਨੋਰਥ ਨਾਲ ਤਰਾਨੀ ਨੂੰ ਸੂਹੀਆ ਬਣਾ ਕੇ ਗੁਰੂ ਜੀ ਦੇ ਦਰਬਾਰ ਵਿੱਚ ਭੇਜਿਆ ਸੀ। ਤਰਾਨੀ ਇੱਕ ਬ੍ਰਾਹਮਣ ਦਾ ਭੇਸ ਬਣਾ ਕੇ, ਮੱਥੇ ਉਤੇ ਲਲਾਟ ਲਗਾ ਕੇ, ਸਫੈਦ ਧੋਤੀ ਪਹਿਨ ਕੇ ਅਤੇ ਪਵਿੱਤਰ ਜਨੇਊ ਪਹਿਨ ਕੇ ਗੁਰੂ ਜੀ ਦੇ ਦਰਬਾਰ ਵਿੱਚ ਸ੍ਰੀ ਆਨੰਦਪੁਰ ਸਾਹਿਬ ਪੁੱਜ ਗਿਆ। ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਆਪਣੀ ਦਿੱਬ ਦ੍ਰਿਸ਼ਟੀ ਨਾਲ ਉਸਦੇ ਉਥੇ ਆਉਣ ਦੇ ਮਨੋਰਥ ਨੂੰ ਜਾਣ ਗਏ, ਪਰ ਕੁਝ ਨਾ ਕਿਹਾ ਅਤੇ ਉਸਨੂੰ ਆਪਣੇ ਗੁਲਾਬ ਨਾਂ ਦੇ ਮਾਲੀ ਦੇ ਨਾਲ ਠਹਿਰਾ ਦਿੱਤਾ। ਤਰਾਨੀ ਲਗਭਗ ਦੋ ਸਾਲ ਗੁਰੂ ਜੀ ਦੀਆਂ ਸਰਗਰਮੀਆਂ ਦੀ ਸਾਰੀ ਸੂਹ ਔਰੰਗਜ਼ੇਬ ਨੂੰ ਭੇਜਦਾ ਰਿਹਾ।

ਸੰਨ 1699 ਵਿੱਚ ਵੈਸਾਖੀ ਦੇ ਮੌਕੇ ਉਤੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਸਿੱਖਾਂ ਦਾ ਭਾਰੀ ਇਕੱਠ ਹੋਇਆ ਸੀ। ਦੂਰ ਦੂਰ ਤੋਂ ਸਿੱਖ ਸੰਗਤ ਆਪਣੇ ਗੁਰੂ ਦੀ ਝਲਕ ਵੇਖਣ ਅਤੇ ਵਿਚਾਰ ਸੁਣਨ ਲਈ ਪਹੁੰਚੀ ਹੋਈ ਸੀ। ਗੁਰੂ ਜੀ ਨੇ ਇਸ ਮੌਕੇ ਪੰਜ ਸਿੱਖਾਂ ਦੀ ਚੋਣ ਕਰਕੇ, ਉਨ੍ਹਾਂ ਨੂੰ ਖਾਲਸੇ ਸਜਾ ਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਸੀ। ਜ਼ਾਹਰ ਹੈ ਕਿ ਤਰਾਨੀ ਲਈ ਇਹ ਮੌਕਾ ਬੜਾ ਕੀਮਤੀ ਹੋਵੇਗਾ। ਜਿਸ ਤਰ੍ਹਾਂ ਗੁਰੂ ਜੀ ਨੇ ਉਸਨੂੰ ਆਪਣੇ ਦਰਬਾਰ ਵਿੱਚ ਆਦਰ ਦਿੱਤਾ ਹੈ, ਸਪਸ਼ਟ ਹੈ ਕਿ ਉਹ ਹੁਣ ਗੁਰੂ ਜੀ ਦੇ ਨੇੜਲੇ ਵਿਅਕਤੀਆਂ ਵਿੱਚ ਗਿਣਿਆ ਜਾਂਦਾ ਹੋਵੇਗਾ ਅਤੇ ਸਟੇਜ ਦੇ ਨੇੜੇ ਬੈਠ ਕੇ ਪਲ ਪਲ ਦੀ ਰਿਪੋਰਟ ਲਿਖ ਰਿਹਾ ਹੋਵੇਗਾ। ਗੁਰੂ ਜੀ ਦੇ ਖਾਲਸਾ ਪੰਥ ਦੀ ਸਿਰਜਨਾ ਦੀ ਕ੍ਰਿਆ ਦਾ ਅੱਜਕਲ ਸ਼ੋਸ਼ਲ ਮੀਡੀਆ ਵਿੱਚ ਤਰਾਨੀ ਦੀ ਪੁਸਤਕ ਦੇ ਹਵਾਲੇ ਨਾਲ ਕੁਝ ਇਸ ਤਰ੍ਹਾਂ ਪ੍ਰਚਾਰ ਕੀਤਾ ਜਾ ਰਿਹਾ ਹੈ:

"ਦੀਵਾਨ ਸੱਜ ਗਿਆ ਅਤੇ ਸਾਰੀ ਸੰਗਤ ਵੀ ਪੰਡਾਲ ਵਿੱਚ ਥਾਉਂ ਥਾਈਂ ਸੱਜ ਗਈ। ਸਿੱਖਾਂ ਦੇ ਇਸ ਇਕੱਠ ਦੀ ਗਿਣਤੀ 35 ਤੋਂ 40 ਹਜ਼ਾਰ ਦੇ ਕਰੀਬ ਹੈ। ਗੁਰੂ ਨੇ ਅੱਜ ਬੜੀ ਸੁੰਦਰ ਅਤੇ ਚਮਚਮਾਉਂਦੀ ਪੁਸ਼ਾਕ ਪਹਿਨੀ ਹੋਈ ਹੈ। ਉਹ ਮਿਆਨ ਵਿੱਚੋਂ ਬਾਹਰ ਕੱਢੀ ਆਪਣੀ ਤਲਵਾਰ ਲੈ ਕੇ ਸਟੇਜ ਉਤੇ ਆਇਆ ਹੈ ਅਤੇ ਗਰਜ ਕੇ ਆਖਦਾ ਹੈ 'ਮੈਨੂੰ ਇੱਕ ਸਿਰ ਚਾਹੀਦਾ ਹੈ'। ਸੰਗਤ ਦੇ ਇਕੱਠ ਵਿੱਚੋਂ ਬਿਨਾ ਕਿਸੇ ਹਿਚਕਚਾਹਟ ਦੇ ਇੱਕ ਸਿੱਖ ਦਯਾ ਰਾਮ ਉਠ ਕੇ ਗੁਰੂ ਦੇ ਸਨਮੁਖ ਸਿਰ ਨਿਵਾ ਕੇ ਖੜਾ ਹੋ ਜਾਂਦਾ ਹੈ। ਗੁਰੂ ਸਾਰੀ ਭੀੜ ਦੇ ਸਾਹਮਣੇ ਦਯਾ ਰਾਮ ਦੀ ਗਰਦਨ ਉਤੇ ਆਪਣੀ ਤਲਵਾਰ ਦਾ ਵਾਰ ਕਰਦਾ ਹੈ ਅਤੇ ਦਯਾ ਰਾਮ ਦਾ ਸੀਸ ਧੜ ਨਾਲੋਂ ਵੱਖ ਹੋ ਜਾਂਦਾ ਹੈ। ਇਹ ਵੇਖ ਕੇ ਉਥੇ ਮੌਜੂਦ ਸਾਰੀ ਸੰਗਤ ਦੰਗ ਰਹਿ ਜਾਂਦੀ ਹੈ ਅਤੇ ਸਹਿਮ ਨਾਲ ਕਿਸੇ ਦੀ ਕੋਈ ਆਵਾਜ਼ ਨਹੀਂ ਨਿਕਲਦੀ। ਗੁਰੂ ਫਿਰ ਦੁਬਾਰਾ ਉਸੇ ਤਰ੍ਹਾਂ ਗਰਜ ਕੇ ਇੱਕ ਹੋਰ ਸੀਸ ਦੀ ਮੰਗ ਕਰਦਾ ਹੈ। ਫਿਰ ਧਰਮ ਚੰਦ ਨਾਂ ਦਾ ਇੱਕ ਸਿੱਖ ਸੰਗਤ ਵਿੱਚੋਂ ਉਠ ਕੇ ਗੁਰੂ ਦੇ ਸਨਮੁਖ ਸਿਰ ਨਿਵਾ ਕੇ ਖੜਾ ਹੋ ਜਾਂਦਾ ਹੈ। ਗੁਰੂ ਉਸਦੀ ਗਰਦਨ ਉਤੇ ਵੀ ਆਪਣੀ ਤਲਵਾਰ ਦਾ ਵਾਰ ਕਰਕੇ ਉਸਦਾ ਸੀਸ ਧੜ ਨਾਲੋਂ ਵੱਖ ਕਰ ਦਿੰਦਾ ਹੈ। ਗੁਰੂ ਨੇ ਇਸੇ ਤਰ੍ਹਾਂ ਤਿੰਨ ਹੋਰ ਸਿਰਾਂ ਦੀ ਮੰਗ ਕੀਤੀ ਅਤੇ ਤਿੰਨ ਸਿੱਖ ਹਿੰਮਤ ਰਾਇ, ਮੋਹਕਮ ਚੰਦ ਅਤੇ ਸਾਹਿਬ ਚੰਦ ਵਾਰੀ ਵਾਰੀ ਆਉਂਦੇ ਹਨ ਅਤੇ ਗੁਰੂ ਉਨ੍ਹਾਂ ਦੇ ਵੀ ਸਿਰ ਧੜ ਨਾਲੋਂ ਵੱਖ ਕਰ ਦਿੰਦਾ ਹੈ। ਬਹੁਤ ਸਾਰੇ ਸਿੱਖ ਮਾਤਾ ਗੁਜ਼ਰੀ ਕੋਲ ਜਾ ਕੇ ਗੁਰੂ ਦੀ ਸ਼ਿਕਾਇਤ ਕਰਦੇ ਹਨ।"

ਅੱਬੂ ਤਰਾਨੀ ਅੱਗੇ ਲਿਖਦਾ ਹੈ, ਉਪੰਜ ਸਿੱਖਾਂ ਦੇ ਸੀਸ ਇਸ ਤਰ੍ਹਾਂ ਧੜਾਂ ਨਾਲੋਂ ਵੱਖ ਕਰਨ ਉਪਰੰਤ ਗੁਰੂ ਨੇ ਉਨ੍ਹਾਂ ਸਿਰਾਂ, ਧੜਾਂ ਅਤੇ ਧਰਤੀ ਤੋਂ ਖੁਦ ਖ਼ੂਨ ਸਾਫ ਕੀਤਾ। ਸਿਰਾਂ ਨੂੰ ਧੜਾਂ ਨਾਲ ਜੋੜ ਕੇ ਉਪਰ ਸਫੈਦ ਕੱਪੜਾ ਪਾ ਕੇ ਢੱਕ ਦਿੱਤਾ। ਗੁਰੂ ਨੇ ਫਿਰ ਕੁਝ ਪੱਥਰ ਮੰਗਵਾਏ। ਪੱਥਰਾਂ ਉਤੇ ਇੱਕ ਲੋਹੇ ਦਾ ਬਾਟਾ ਧਰਿਆ। ਬਾਟੇ ਵਿੱਚ ਪਾਣੀ ਪਾਇਆ। ਪਾਣੀ ਨੂੰ ਖੰਡੇ ਨਾਲ ਹਿਲਾਉਣਾ ਸ਼ੁਰੂ ਕੀਤਾ ਅਤੇ ਨਾਲ ਨਾਲ ਪਵੱਤਰ ਬਾਣੀ ਦਾ ਉਚਾਰਣ ਕੀਤਾ। ਇਹ ਕ੍ਰਿਆ ਕੋਈ ਅੱਧਾ ਕੁ ਘੰਟਾ ਚੱਲੀ। ਫਿਰ ਇੱਕ ਔਰਤ ਆਈ, ਸ਼ਾਇਦ ਗੁਰੂ ਦੀ ਕੋਈ ਰਿਸ਼ਤੇਦਾਰ ਸੀ। ਉਸਨੇ ਉਸ ਬਾਟੇ ਵਿੱਚ ਕੁਝ ਪਾਇਆ। ਇੰਝ ਬਾਟੇ ਵਿੱਚ ਇਹ ਆਬ-ਇ-ਹਯਾਤ (ਅੰਮ੍ਰਿਤ) ਤਿਆਰ ਹੋ ਗਿਆ। ਫਿਰ ਗੁਰੂ ਉਨ੍ਹਾਂ ਪੰਜਾਂ ਲਾਸ਼ਾਂ ਦੇ ਸਿਰ ਵੱਲ ਬੈਠ ਗਏ। ਪਹਿਲਾਂ ਦਯਾ ਰਾਮ ਦੇ ਮੁੱਖ ਤੋਂ ਕੱਪੜਾ ਉਤਾਰਿਆ। ਬਾਟੇ ਵਿਚਲੇ ਆਬ-ਇ-ਹਯਾਤ ਵਿੱਚੋਂ ਥੋੜ੍ਹਾ ਉਸਦੇ ਮੂੰਹ ਵਿੱਚ ਪਾਇਆ, ਥੋੜ੍ਹਾ ਉਸਦੇ ਮੁੱਖ ਉਤੇ ਛਿੜਕਿਆ ਅਤੇ ਫਿਰ ਉਸਦੇ ਸਾਰੇ ਸਰੀਰ ਉਤੇ ਛਿੱਟੇ ਮਾਰੇ। ਫਿਰ ਆਖਿਆ, "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਇਸਤੋਂ ਤੁਰੰਤ ਬਾਅਦ ਦਯਾ ਰਾਮ ਉਠ ਕੇ ਖੜਾ ਹੋ ਗਿਆ। ਉਹ ਮੁੜ ਜ਼ਿੰਦਾ ਹੋ ਗਿਆ। ਗੁਰੂ ਨੇ ਇਹੀ ਕ੍ਰਿਆ ਬਾਕੀ ਚਾਰ ਪਈਆਂ ਸਿੱਖਾਂ ਦੀਆਂ ਲਾਸ਼ਾਂ ਉਤੇ ਵਾਰੀ ਵਾਰੀ ਦੁਹਰਾਈ। ਉਹ ਵੀ ਸਾਰੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੋਲਦੇ ਹੋਏ ਉਠ ਖੜੇ ਹੁੰਦੇ ਗਏ ਅਤੇ ਮੁੜ ਜ਼ਿੰਦਾ ਹੋ ਗਏ। ਫਿਰ ਗੁਰੂ ਉਨ੍ਹਾਂ ਪੰਜਾਂ ਨੂੰ ਪੰਡਾਲ ਦੇ ਨਾਲ ਲਗਦੇ ਤੰਬੂ ਵਿੱਚ ਲੈ ਗਏ। ਥੋੜ੍ਹੀ ਦੇਰ ਬਾਅਦ ਗੁਰੂ ਉਨ੍ਹਾਂ ਨੂੰ ਬਾਹਰ ਸਟੇਜ ਉਤੇ ਲੈ ਕੇ ਆਏ। ਉਨ੍ਹਾਂ ਸਾਰਿਆਂ ਨੇ ਹੁਣ ਨਵੀਆਂ ਸੁੰਦਰ ਪੁਸ਼ਾਕਾਂ ਪਾਈਆਂ ਹੋਈਆਂ ਸਨ। ਫਿਰ ਗੁਰੂ ਨੇ ਉਨ੍ਹਾਂ ਪੰਜਾਂ ਦੇ ਸਨਮੁਖ ਝੁਕ ਕੇ ਬੇਨਤੀ ਕੀਤੀ, ਉਇਹ ਆਬ-ਇ-ਹਯਾਤ ਮੈਨੂੰ ਵੀ ਬਖ਼ਸ਼ਿਸ਼ ਕਰੋ।ਉ ਉਨ੍ਹਾਂ ਪੰਜਾਂ ਨੇ ਗੁਰੂ ਨੂੰ ਅਖਿਆ, "ਇਸ ਆਬ-ਇ-ਹਯਾਤ ਦੇ ਬਦਲੇ ਤੁਸੀਂ ਕੀ ਕੁਰਬਾਨੀ ਦਿਉਗੇ?" ਗੁਰੂ ਨੇ ਵਚਨ ਦਿੱਤਾ, "ਮੈਂ ਮੇਰੇ ਦੇਸ਼ ਅਤੇ ਮੇਰੀ ਜਨਤਾ ਦੀ ਖੁਸ਼ਹਾਲੀ ਲਈ ਆਪਣੇ ਮਾਤਾ-ਪਿਤਾ, ਆਪਣੇ ਬੱਚਿਆਂ ਅਤੇ ਆਪਣੀ ਸਾਰੀ ਜਾਇਦਾਦ ਦੀ ਕੁਰਬਾਨੀ ਦੇਵਾਂਗਾ।ਉ ਫਿਰ ਉਨ੍ਹਾਂ ਪੰਜਾਂ ਨੇ ਗੁਰੂ ਨੂੰ ਉਹ ਆਬ-ਇ-ਹਯਾਤ ਪੇਸ਼ ਕੀਤਾ। ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣ ਗਿਆ। ਉਨ੍ਹਾਂ ਪੰਜ ਸਿੱਖਾਂ ਦੇ ਨਾਂ ਵੀ ਬਦਲ ਕੇ ਦਯਾ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ- ਹੋ ਗਏ। ਉਨ੍ਹਾਂ ਨੂੰ ਹੁਣ ਪੰਜ ਪਿਆਰੇ ਆਖਿਆ ਜਾਣ ਲੱਗਾ।"



ਸੰਤੋਖ ਸਿੰਘ ਸੰਧੂ
(+64) 022 071 0935

"ਉਥੇ ਵਾਪਰੇ ਇਨ੍ਹਾਂ ਕੌਤਕਾਂ ਨੂੰ ਵੇਖਕੇ ਮੈਂ ਰੋਇਆ ਅਤੇ ਕੁਰਲਾਇਆ। ਗੁਰੂ ਨਾਲ ਕੀਤੇ ਧੋਖੇ ਲਈ ਮੈਂ ਆਪਣੇ ਆਪ ਨੂੰ ਕੋਸਿਆ। ਮੈਂ ਵੇਖਿਆ ਕਿ ਉਥੇ ਹੁਣ ਹਜ਼ਾਰਾਂ ਸਿੱਖ ਗੁਰੂ ਕੋਲੋਂ ਉਹ ਆਬ-ਇ-ਹਯਾਤ ਲੈਣ ਲਈ ਬੇਨਤੀ ਕਰ ਰਹੇ ਹਨ। ਮੈਂ ਖ਼ੁਦ ਵੀ ਹੁਣ ਆਪਣੇ ਆਪ ਨੂੰ ਕਾਬੂ ਵਿੱਚ ਨਾ ਰੱਖ ਸਕਿਆ ਅਤੇ ਚੁੰਬਕੀ ਸ਼ਕਤੀ ਵਾਂਗ ਗੁਰੂ ਜੀ ਵੱਲ ਖਿੱਚਿਆ ਗਿਆ। ਮੈਂ ਵੀ ਗੁਰੂ ਜੀ ਕੋਲੋਂ ਉਹ ਆਬ-ਇ-ਹਯਾਤ ਲੈਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਮੇਰੀ ਪਿੱਠ ਉਤੇ ਥਾਪੜਾ ਦਿੱਤਾ, ਮੈਨੂੰ ਉਹ ਅੰਮ੍ਰਿਤ ਪਿਲਾਇਆ, ਮੇਰੇ ਸਰੀਰ ਉਤੇ ਵੀ ਛਿੜਕਿਆ ਅਤੇ ਮੇਰਾ ਨਾਂ ਬਦਲ ਕੇ ਅਜਮੇਰ ਸਿੰਘ ਰੱਖ ਦਿੱਤਾ। ਮੇਰੇ ਸਾਰੇ ਪਾਪ ਧੁਲ ਗਏ।"

ਉਸ ਦਿਨ ਅਬੂ ਉਲਾ ਤਰਾਨੀ (ਅਜਮੇਰ ਸਿੰਘ) ਨੇ ਔਰੰਗਜ਼ੇਬ ਨੂੰ ਆਪਣੀ ਆਖਰੀ ਰਿਪੋਰਟ ਭੇਜਦਿਆਂ ਚਿਤਾਵਨੀ ਦਿੰਦੇ ਹੋਏ ਲਿਖਿਆ, ਉਰਾਜਾ ਗੁਰੂ ਨਾਲ ਲੜਨਾ ਬੰਦ ਕਰ ਦੇ। ਇਹ ਕੋਈ ਸਾਧਾਰਨ ਮਨੁੱਖ ਜਾਂ ਨਿਰਾ ਗੁਰੂ ਨਹੀਂ। ਇਹ ਤਾਂ ਸਾਖਸ਼ਾਤ ਅੱਲਾ ਦਾ ਰੂਪ ਹੈ। ਜੇ ਤੂੰ ਮੇਰੀ ਇਹ ਸਲਾਹ ਨਹੀਂ ਮੰਨੇਗਾ ਤਾਂ ਤੇਰੀ ਸਾਰੀ ਬਾਦਸ਼ਾਹਤ ਤਹਿਸ-ਨਹਿਸ ਹੋ ਜਾਵੇਗੀ ਅਤੇ ਤੇਰਾ ਨਾਂ ਇਤਿਹਾਸ ਦੇ ਪੰਨਿਆਂ ਤੋਂ ਅਲੋਪ ਹੋ ਜਾਵੇਗਾ।"

ਇਸਤੋਂ ਉਪ੍ਰੰਤ ਅਬੂ ਉਲਾ ਤਰਾਨੀ, ਅਜਮੇਰ ਸਿੰਘ ਦੇ ਨਾਂ ਹੇਠ ਗੁਰੂ ਜੀ ਦੀ ਫੌਜ ਵਿੱਚ ਸ਼ਾਮਿਲ ਹੋ ਗਿਆ। ਉਸਨੇ ਜ਼ੁਲਮ ਵਿਰੁੱਧ ਅਨੇਕਾਂ ਜੰਗਾਂ ਲੜੀਆਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਸਗੋਂ ਸਾਰੇ ਸਿੱਖ ਗੁਰੂ ਸਾਹਿਬਾਨ ਅਤੇ ਗੁਰਬਾਣੀ ਵੀ ਕਰਾਮਾਤਾਂ ਵਿਖਾਉਣ ਦੀ ਹਾਮੀ ਨਹੀਂ ਭਰਦੀ ਸਗੋਂ ਇਸ ਨੂੰ ਮਨਮੱਤ ਕਿਹਾ ਗਿਆ ਹੈ। ਫਿਰ ਗੁਰੂ ਜੀ ਨੇ ਕੀ ਅਜਿਹੀ ਕਰਾਮਾਤ ਕੀਤੀ? ਪੁਸਤਕ ਦੀ ਅਸਲੀਅਤ ਬਾਰੇ ਸ਼ੱਕ ਪੈਦਾ ਹੁੰਦਾ ਹੈ। ਕਿਸੇ ਵਿਦਵਾਨ ਜਾਂ ਇਤਿਹਾਸਕਾਰ ਨੇ ਵੀ ਹਾਲੇ ਤੱਕ ਅਜਿਹੀ ਪੁਸਤਕ ਦੀ ਹੋਂਦ ਜਾਂ ਤੱਥਾਂ ਦੀ ਹੋਂਦ ਬਾਰੇ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ। ਇਸ ਉਰਦੂ ਭਾਸ਼ਾ ਦੀ ਪੁਸਤਕ ਦੇ ਅਨੁਵਾਦਕ ਨੇ ਆਪਣਾ ਨਾਂ ਲੇਖ ਵਿੱਚ ਨਹੀਂ ਦਿੱਤਾ ਹੈ। ਜਿਹੜੀ ਪੁਸਤਕ ਉਸਨੂੰ ਮਿਲੀ ਹੈ ਉਸ ਬਾਰੇ ਉਹ ਲਿਖਦਾ ਹੈ ਕਿ ਇਸਦਾ ਪਹਿਲਾ ਅਤੇ ਆਖਿਰੀ ਤਿੰਨ ਪੰਨੇ ਫਟੇ ਹੋਏ ਹਨ। ਇਹ ਪੁਸਤਕ ਉਸਨੂੰ ਜਿਹੜੇ 70 ਸਾਲਾ ਲੇਖਕ ਦੀ ਲਾਇਬ੍ਰੇਰੀ ਵਿੱਚੋਂ ਮਿਲੀ ਹੈ, ਉਸਦਾ ਵੀ ਨਾਂ ਦਰਜ ਨਹੀਂ ਹੈ। ਉਸਨੇ ਗਿਆਨੀ ਦਲੀਪ ਸਿੰਘ ਕੋਮਲ, ਧਨੌਲਾ ਵਾਲੇ ਦੇ ਹਵਾਲੇ ਨਾਲ ਕਿਹਾ ਹੈ ਕਿ ਅੱਬੂ ਤਰਾਨੀ ਦੀ ਉਕਤ ਪੁਸਤਕ ਦੀ ਇੱਕ ਨਕਲ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ। ਇਹ ਯੂਨੀਵਰਸਿਟੀ ਕੋਈ ਬਹੁਤੀ ਦੂਰ ਨਹੀਂ ਹੈ। ਗੱਲ 1699 ਦੀ ਵੈਸਾਖੀ ਦੀ ਹੈ ਅਤੇ ਹੁਣ 2018 ਚੱਲ ਰਿਹਾ ਹੈ। ਕੀ ਇੰਨੇ ਲੰਬੇ ਸਮੇ ਵਿੱਚ ਕੋਈ ਵਿਦਵਾਨ, ਇਤਿਹਾਸਕਾਰ ਜਾਂ ਖੋਜਕਾਰ ਤਰਾਨੀ ਦੀਆਂ ਇਨ੍ਹਾਂ ਲਿਖਤਾਂ ਦਾ ਅਧਿਐਨ ਕਰਨ ਵਾਲਾ ਪੈਦਾ ਨਹੀਂ ਹੋਇਆ?

ਸਾਰੇ ਸਿੱਖ ਵਿਦਵਾਨਾਂ/ਲੇਖਕਾਂ ਨੂੰ ਬੇਨਤੀ ਹੈ ਕਿ ਇਸ ਪੁਸਤਕ ਦੀ ਹੋਂਦ ਦਾ ਪਤਾ ਕਰਕੇ ਸਿੱਖ ਪੰਥ ਨੂੰ ਅਸਲੀਅਤ ਤੋਂ ਜਾਣੂੰ ਕੀਤਾ ਜਾਵੇ।

# ਮਿਲਾਪੜੇ ਸੁਭਾਅ ਦੇ ਸਾਹਿਤ ਨਾਲ ਜੁੜੇ ਗਗਨਦੀਪ ਸਿੰਘ ਡੀ.ਪੀ.ਈ.



ਮੇਜਰ ਸਿੰਘ ਨਾਭਾ
91-94635-53962

ਮਨੁੱਖੀ ਸੁਭਾਅ ਉਸ ਦੀ ਸਖਸ਼ੀਅਤ ਨੂੰ ਨਿਖਾਰਨ ਲਈ ਅਹਿਮ ਹੁੰਦਾ ਹੈ। ਨਰਮ ਅਤੇ ਮਿਲਾਪੜੇ ਸੁਭਾਅ ਦਾ ਹੋਣਾ ਜਦੋਂ ਕਿਸੇ ਅੰਦਰ ਗੁਣ ਬਣ ਜਾਵੇ ਤਾਂ ਇਹ ਉਸ ਦੀ ਜਿੰਦਗੀ 'ਚ ਹਮੇਸ਼ਾਂ ਨਵੇਂ ਰਿਸ਼ਤੇ ਜੋੜਣ ਲਈ ਕੰਮ ਕਰਦਾ ਹੈ।ਇਸੇ ਤਰ੍ਹਾਂ ਦੇ ਸਖਸ਼ ਹਨ ਭਵਾਨੀਗੜ੍ਹ (ਸੰਗਰੂਰ) ਦੇ ਗਗਨਦੀਪ ਸਿੰਘ ਜਿਨ੍ਹਾਂ ਨੂੰ ਪਿਤਾ ਸ:ਮਹਿੰਦਰ ਸਿੰਘ ਰਿਟਾਇਰ ਪਟਵਾਰੀ ਅਤੇ ਮਾਤਾ ਸਵ: ਜਸਪਾਲ ਕੌਰ ਵਲੋਂ ਚੰਗੇ ਸੰਸਕਾਰਾਂ ਦੀ ਗੁੜ੍ਹਤੀ ਦੇਣ ਦੇ ਨਾਲ ਨਾਲ ਚੰਗੀ ਪੜ੍ਹਾਈ ਕਰਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ।ਦਸਵੀਂ ਤੱਕ ਦੀ ਪੜ੍ਹਾਈ ਸ.ਸ.ਸ. ਸਕੂਲ ਭਵਾਨੀਗੜ ਤੋਂ ਪ੍ਰਾਪਤ ਕੀਤੀ ਅਤੇ 10+2 ਗੁਰ ਤੇਗ ਬਹਾਦਰ ਕਾਲਜ ਭਵਾਨੀਗੜ ਤੋਂ ਕਰਨ ਉਪਰੰਤ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਡੀ.ਪੀ.ਐਡ. ਨਾਗਪੁਰ ਯੁਨੀਵਰਸਟੀ ਤੋਂ ਕਰ ਲਈ।ਜਨਮ ਭਵਾਨੀਗੜ ਆਪ ਦਾ ਵਿਆਹ 14 ਅਪ੍ਰੈਲ 2005 ਨੂੰ ਬੀਬਾ ਨਵਦੀਪ ਕੌਰ ਜਵੰਧਾ ਵਾਸੀ ਭਸੌੜ (ਸੰਗਰੂਰੂ) ਨਾਲ ਹੋਇਆ ਜੋ ਕਿ ਅੱਜਕਲ੍ਹ ਬਤੌਰ ਈ.ਟੀ.ਟੀ ਅਧਿਆਪਕਾ ਸ.ਪ੍ਰ.ਸ ਕਾਕੜਾ(ਸੰਗਰੂਰ) ਵਿਖੇ ਆਪਣੀ ਸੇਵਾ ਈਮਾਨਦਾਰੀ ਅਤੇ ਤਨਦੇਹੀ ਨਾਲ ਨਿਭਾ ਰਹੇ ਹਨ। ਗਗਨਦੀਪ ਸਿੰਘ ਨੇ ਬਿਨ੍ਹਾਂ ਕਿਸੇ ਲਾਲਚ ਬਹੁਤ ਹੀ ਥੋੜੀ ਤਨਖਾਹ ਤੇ ਸ.ਸ.ਸ.ਸਕੂਲ ਮਾਝੀ ਵਿਖੇ 5 ਅਗਸਤ 2005 ਤੋ 20 ਮਈ 2017 ਤੱਕ ਆਰਜ਼ੀ ਤੌਰ ਤੇ ਡੀ.ਪੀ.ਈ .ਦੀ ਸੇਵਾ ਨਿਭਾਈ। ਆਪ ਨੂੰ ਅਧਿਆਪਨ ਤੋਂ ਇਲਾਵਾ ਜੋ ਵੀ ਕੰਮ ਦਿੱਤਾ ਉਸ ਨੂੰ ਕਰਨ ਤੋਂ ਵੀ ਕਦੇ ਨਹੀਂ ਝਿਜਕੇ, ਸਗੋਂ ਤਨਦੇਹੀ ਨਾਲ ਕੰਮ ਕੀਤਾ।ਸਕੂਲ ਦੀ ਦਿੱਖ ਨੂੰ ਨਿਖਾਰਨ ਲਈ ਹਮੇਸ਼ਾ ਆਪਣਾ ਯੋਗਦਾਨ ਪਾਉਂਦੇ ਰਹੇ। ਬਲਾਕ ਅਤੇ ਜਿਲ੍ਹਾ ਪੱਧਰ ਦੀਆਂ ਖੇਡਾਂ ਤੇ ਬੱਚਿਆਂ ਨੂੰ ਤਿਆਰੀ ਕਰਵਾਕੇ ਸਮੂਲੀਅਤ ਕਰਵਾਉਂਦੇ ਰਹੇ ਹਨ।ਆਪ ਅੰਦਰ ਸਾਹਿਤਕ ਰੁਚੀਆਂ ਦਾ ਪ੍ਰਗਟਾਵਾ ਉਦੋਂ ਸਾਹਮਣੇ ਆਇਆ ਜਦੋਂ ਸਕੂਲ ਵਲੋਂ 'ਮਹਿਕ' ਨਾਂ ਦਾ ਪਲੇਠਾ ਮੈਗਜ਼ੀਨ ਮੇਜਰ ਸਿੰਘ ਸ.ਸ. ਮਾਸਟਰ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਕੀਤਾ ਗਿਆ ਜਿਸ ਲਈ ਆਪ ਨੇ ਸਰੀਰਕ ਸਿੱਖਿਆ ਨਾਲ ਸਬੰਧਤ ਰਚਨਾਵਾਂ ਤਿਆਰ ਕਰਕੇ ਦਿੱਤੀਆਂ।ਮੈਗਜ਼ੀਨ ਦੇ ਇਸ ਕਾਰਜ ਨੂੰ ਨੇਪਰੇ ਚਾੜਣ ਲਈ ਆਪ ਨੇ ਪਿੰਡ ਦੇ ਦਾਨੀ ਸੱਜਣਾਂ ਨਾਲ ਰਾਬਤਾ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਜਿਸ ਸਦਕਾ ਮੈਗਜ਼ੀਨ ਦੇ ਖਰਚੇ ਤੋਂ ਵੀ ਵੱਧ ਪੈਸੇ ਇਕੱਠੇ ਹੋ ਗਏ ਸੀ। ਸਾਹਿਤ ਨਾਲ ਆਪ ਦੇ ਸਹੁਰਾ ਸਾਹਿਬ ਸ੍ਰ:ਕਿਰਪਾਲ ਸਿੰਘ ਜਵੰਧਾ ਦੇ ਜੁੜੇ ਹੋਏ ਕਾਰਣ ਆਪ ਨੂੰ ਵੀ ਸਾਹਿਤ ਨਾਲ ਹੋਰ ਜਿਆਦਾ ਲਗਨ ਹੋ ਗਈ।ਆਪ ਦੀ ਪਹਿਲੀ ਕਵਿਤਾ ਉਕੀ ਉਦੋਂ ਫੇਰਾ ਪਾਉਣਾ ਵੇ" ਅਖਬਾਰ 'ਪੰਜਾਬ ਟਾਈਮਜ' ਵਿੱਚ ਛੱਪੀ। ਹੋਰ ਕਵਿਤਾਵਾਂ 'ਬੀਤਿਆ ਸਮਾਂ', 'ਘੁਪ ਹਨੇਰਾ', 'ਸਵੇਰ ਮੇਰੇ ਪਿੰਡ ਦੀ', 'ਕੈਸਾ ਇਹ ਕਾਨੂੰਨ ਹੋ ਗਿਆ' ਦੇਸ਼ੀ ਅਤੇ ਵਿਦੇਸ਼ੀ ਅਖਬਾਰਾਂ ਵਿੱਚ ਛਪੀਆਂ ਅਤੇ ਛਪਦੀਆਂ ਰਹਿੰਦੀਆਂ ਹਨ। ਖੇਡਾਂ ਪ੍ਰਤੀ ਸਾਰਥਕ ਸੋਚ ਨੂੰ ਲੈਕੇ ਖੇਡਾਂ ਦੀ ਮਹੱਤਤਾ ਨੂੰ ਲੈ ਕੇ ਰਚਨਾ ਲਿਖੀ ਜਿਸ ਦਾ ਸਿਰਲੇਖ 'ਪ੍ਰਾਇਮਰੀ ਪੱਧਰ ਤੇ ਲਾਗੂ ਕੀਤਾ ਜਾਵੇ ਸਰੀਰਕ ਸਿਖਿਆ ਵਿਸ਼ਾ' ਰੱਖਿਆ ਜੋ ਕਿ ਅਜੀਤ ਅਖਬਾਰ ਵਿੱਚ ਛਪਿਆ।ਆਪਦੀ ਸੁਪਤਨੀ ਨਵਦੀਪ ਕੌਰ ਜਵੰਦਾ ਨੂੰ ਵੀ ਆਪਣੇ ਪਿਤਾ ਦੀ ਸਾਹਿਤਕ ਲਗਨ ਸਦਕਾ ਕਵਿਤਾਵਾਂ ਲਿਖਣ ਦਾ ਸ਼ੋਕ ਹੈ ਉਨ੍ਹਾਂ ਦੀਆ ਕਵਿਤਾਵਾਂ ਵੀ ਅਖਬਾਰਾਂ 'ਚ ਛਪਦੀਆਂ ਰਹਿੰਦੀਆਂ ਹਨ। ਪਿਛਲੇ ਸਾਲ ਗਗਨਦੀਪ ਸਿੰਘ ਅਤੇ ਨਵਦੀਪ ਕੌਰ ਜਵੰਦਾ ਕੇਨੈਡਾ ਦੀ ਯਾਤਰਾ ਕਰ ਚੁੱਕੇ ਹਨ।ਆਪਦੇ ਦੋ ਬੱਚੇ ਬੇਟਾ ਯੁਵਰਾਜਵੀਰ ਸਿੰਘ ਅਤੇ ਬੇਟੀ ਜਸਨਜੋਤ ਕੌਰ ਆਪਣੀ



ਸਕੂਲੀ ਵਿਦਿਆ ਨਾਮਵਰ ਸਕੂਲ ਜਨਰਲ ਗੁਰਨਾਮ ਸਿੰਘ ਪਬਲਿਕ ਸਕੂਲ ਸੰਗਰੂਰ ਤੋਂ ਪ੍ਰਾਪਤ ਕਰ ਰਹੇ ਹਨ।ਆਪ ਦਾ ਹੋਣਹਾਰ ਬੇਟਾ ਯੁਵਰਾਜਵੀਰ ਸਿੰਘ ਕਰਾਟੇ ਮੁਕਾਬਲਿਆਂ ਵਿੱਚੋਂ ਕਈ ਵਾਰ ਪਹਿਲਾ ਸਥਾਨ ਪ੍ਰਪਤ ਕਰ ਚੁੱਕਾ ਹੈ ਆਸ ਹੈ ਉਹ ਆਪਣੇ ਮਾਪਿਆਂ ਦਾ ਨਾਂ ਜਰੂਰ ਉੱਚਾਂ ਕਰੇਗਾ।ਗਗਨਦੀਪ ਸਿੰਘ ਸਮੇਂ ਸਮੇਂ ਮਾਝੀ ਸਕੂਲ ਵਿੱਚ ਗਰੀਬ ਅਤੇ ਲੋੜਵੰਦ ਬੱਚਿਆਂ ਦੀ ਮਦਦ ਦਾਨੀ ਸੱਜਣਾਂ ਦਾ ਸਹਿਯੋਗ ਲੈ ਕੇ ਕਰਵਾਉਂਦੇ ਰਹੇ ਹਨ।ਇਸ ਸਾਲ ਆਪ ਨੇ ਮਾਝੀ ਸਕੂਲ ਦੇ ਲੋੜਵੰਦ ਬੱਚਿਆਂ ਨੂੰ ਠੰਡ ਤੋਂ ਬਚਣ ਲਈ ਬੂਟ ਦਾਨ ਕੀਤੇ।ਇਸ ਉਪਰਾਲੇ ਦੀ ਪ੍ਰਿੰਸੀਪਲ ਮੈਡਮ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਨੇ ਸਰਾਹਨਾ ਕੀਤੀ।ਆਪ ਦੀਆਂ ਵਧੀਆ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪ੍ਰਾਇਮਰੀ ਸਕੁਲ ਮਾਝੀ ਵਿੱਚ ਕਰਵਾਏ ਸਨਮਾਨ ਸਮਾਰੋਹ ਵਿਖੇ ਭਵਾਨੀਗੜ੍ਹ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਇੰਸਪੈਕਟਰ ਪੁਲਿਸ ਵਲੋਂ ਸਨਮਾਨਿਤ ਕੀਤਾ ਗਿਆ ਹੈ।ਪ੍ਰਮਾਤਮਾ ਕਰੇ ਉਹ ਇਸ ਸੋਚ ਨੂੰ ਬਰਕਰਾਰ ਰੱਖਣ ਅਤੇ ਇਸੇ ਤਰ੍ਹਾਂ ਹੀ ਲੋੜਵੰਦਾਂ ਦੀ ਮਦਦ ਕਰਦੇ ਰਹਿਣ।

### ਸੁਪਰੀਮ ਕੋਰਟ ਦੀ ਨਵੀਂ ਵਿਵਸਥਾ ਤੋਂ ਬਾਅਦ ਇਸਦਾ ਮਹੱਤਵ ਲੱਗਭੱਗ ਖਤਮ ਹੋ ਗਿਆ ਹੈ

# ਨਵੇਂ ਸਿਰੇ ਤੋਂ ਪਾਸ ਹੋਵੇ ਐਸ. ਸੀ./ਐਸ. ਟੀ. ਐਕਟ

ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਅਨੁਸੂਚਿਤ ਜਾਤੀ/ਜਨਜਾਤੀ ਅੱਤਿਆਚਾਰ ਨਿਵਾਰਣ ਐਕਟ 1989 (ਐਸ. ਸੀ./ਐਸ. ਟੀ. ਐਕਟ) ਦੇ ਤਹਿਤ ਹੁਣ ਸਿੱਧੀ ਐਫ. ਆਈ. ਆਰ. ਦਰਜ ਨਹੀਂ ਕੀਤੀ ਜਾ ਸਕਦੀ, ਨਾ ਹੀ ਗ੍ਰਿਫਤਾਰੀ ਹੋ ਸਕਦੀ ਹੈ। ਜੇਕਰ ਇਸਦੇ ਤਹਿਤ ਕਿਸੇ ਸਰਕ-ਾਰੀ ਕਰਮਚਾਰੀ ਦੇ ਖਿਲਾਫ ਸ਼ਿਕਾਇਤ ਆਉਂਦੀ ਹੈ ਤਾਂ ਉਸ ਕਰਮਚਾਰੀ ਦੇ ਖਿਲਾਫ ਸ਼ਿਕਾਇਤ ਆਉਂਦੀ ਹੈ ਤਾਂ ਉਸ ਕਰਮਚਾਰੀ ਨੂੰ ਨਿਯੁਕਤ ਕਰਨ ਵਾਲੀ ਅਥਾਰਟੀ ਤੋਂ ਮਨਜ਼ੂਰੀ ਲੈ ਕੇ ਹੀ ਉਸਦੀ ਗ੍ਰਿਫਤਾਰੀ ਕੀਤੀ ਜਾਵੇਗੀ। ਜੇਕਰ ਕਿਸੇ ਆਮ ਆਦਮੀ ਦੇ ਖਿਲਾਫ ਸ਼ਿਕਾਇਤ ਹੁੰਦੀ ਹੈ ਤਾਂ ਐਸ. ਐਸ. ਪੀ. ਤੋਂ ਮਨਜ਼ੂਰੀ ਲੈਣੀ ਪਵੇਗੀ। ਗ੍ਰਿਫਤਾਰੀ ਦੇ ਲਈ ਲਿਖਤੀ ਆਦੇਸ਼ ਹੋਵੇ ਅਤੇ ਕਾਰਨ ਵੀ ਦੱਸੇ ਜਾਣ। ਮੈਜਿਸਟ੍ਰੇਟ ਤਾਂ ਹੀ ਦੋਸ਼ੀ ਦੀ ਹਿਰਾਸਤ ਵਧਾਵੇਗਾ, ਜਦੋਂ ਲਿਖਤੀ ਵਜ੍ਹਾ ਹੋਵੇ ਅਤੇ ਹੁਣ ਇਸ ਵਿਚ ਅਗਾਊ ਜਮਾਨਤ ਵੀ ਦਿੱਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਬੰਬ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਡਾ. ਸੁਭਾਸ਼ ਕਾਸ਼ੀਨਾਥ ਮਹਾਜਨ ਦੀ ਅਪੀਲ 'ਤੇ ਇਹ ਫੈਸਲਾ ਦਿੱਤਾ। ਰਿੱਟ ਵਿਚ ਸਵਾਲ ਉਠਾਇਆ ਗਿਆ ਸੀ ਕਿ ਜੇਕਰ ਐਸ. ਸੀ.-ਐਸ. ਟੀ. ਦੇ ਤਹਿਤ ਕਿਸੇ ਅਧਿਕਾਰੀ 'ਤੇ ਝੂਠਾ ਦੋਸ਼ ਲਗਾਇਆ ਜਾਂਦਾ ਹੈ ਤਾਂ ਉਸਨੂੰ ਕੀ ਸੁਰੱਖਿਆ ਹਾਸਲ ਹੈ?

**ਦੁਰਵਰਤੋਂ ਦਾ ਡਰ**

ਸੰਸਦ ਨੇ ਐਸ. ਸੀ./ਐਸ. ਟੀ. ਐਕਟ ਨੂੰ ਵਿਸ਼ੇਸ਼ ਦਰਜਾ ਦਿੱਤਾ ਹੈ ਪਰ ਹੁਣ ਇਸਨੂੰ ਉਸ ਸ਼੍ਰੇਣੀ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਕੋਰਟ ਦਾ ਇਹ ਨਿਰਣਾ ਬਦਕਿਸਮਤੀ ਵਾਲਾ ਹੈ। ਕਿਸੇ ਵੀ ਕਾਨੂੰਨ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ ਪਰ ਅਜਿਹੀ ਸਥਿਤੀ ਵੀ ਨਾ ਪੈਦਾ ਹੋਵੇ ਕਿ ਉਸਦੀ ਵਰਤੋਂ ਹੀ ਨਾ ਹੋ ਸਕੇ। ਪ੍ਰਮੁੱਖ ਅਧਿਕਾਰੀ ਸ਼ਾਇਦ ਹੀ ਕਦੀ ਲਿਖ ਕੇ ਦੇਣ ਕਿ ਉਹਨਾਂ ਦੇ ਜੂਨੀਅਰ ਨੂੰ ਗ੍ਰਿਫਤਾਰ ਕੀਤਾ ਜਾਵੇ। ਉਹ ਜਾਤੀ ਭਰਮ ਦਾ ਸ਼ਿਕਾਰ ਹੋਵੇ, ਦੋਸ਼ੀ ਨਾਲ ਉਸਦੇ ਚੰਗੇ ਸਬੰਧ ਹੋਣ ਤਾਂ ਉਹ ਇਸਦੀ ਇਜਾਜ਼ਤ ਕਿਉਂ ਦੇਵੇਗਾ? ਕਰਮਚਾਰੀ ਰਿਸ਼ਵਤ ਦੇ ਕੇ ਵੀ ਆਗਿਆ ਟਲਵਾ ਸਕਦਾ ਹੈ। ਸ਼ੋਸ਼ਣ ਜੇਕਰ ਜਨਤਾ ਦੇ ਪੱਧਰ ਦਾ ਹੋਵੇ ਅਤੇ ਐਸ. ਐਸ. ਪੀ. ਵੀ ਉਸਦੀ ਜਾਤੀ ਦਾ ਨਿਕਲ ਆਵੇ ਤਾਂ ਉਹ ਆਗਿਆ ਦੇਣ ਤੋਂ ਸਾਫ ਇਨਕਾਰ ਕਰ ਸਕਦਾ ਹੈ। ਰਾਜਨੀਤਿਕ ਦਬਾਅ ਪੈਣ 'ਤੇ ਵੀ ਉਹ ਆਗਿਆ ਟਾਲ ਸਕਦਾ ਹੈ। ਅਦਾਲਤ ਦੀ ਵਿਆਖਿਆ ਤੋਂ ਬਾਅਦ ਇਹ ਕਾਨੂੰਨ ਇੰਨਾ ਕਮਜ਼ੋਰ ਹੋ ਗਿਆ ਹੈ ਕਿ ਡੀ. ਐਸ. ਪੀ. ਦੇ ਪੱਧਰ 'ਤੇ ਸ਼ੁਰੂਆਤੀ ਜਾਂਚ ਹੋਣ 'ਤੇ ਹੀ ਐਫ. ਆਈ. ਆਰ. ਦਰਜ ਕੀਤੀ ਜਾ ਸਕਦੀ ਹੈ।

ਸਧਾਰਨ ਤੋਂ ਸਧਾਰਨ ਮਾਮਲਿਆਂ ਵਿਚ ਤਾਂ ਸਿੱਧੀ ਐਫ. ਆਈ. ਆਰ. ਦਰਜ ਹੋ ਜਾਂਦੀ ਹੈ ਪਰ ਦਲਿਤ ਐਕਟ ਨੂੰ ਉਨਾ ਵੀ ਮਹੱਤਵ ਨਹੀਂ ਦਿੱਤਾ ਗਿਆ। ਦੁਰਵਰਤੋਂ ਕੀ ਕੇਵਲ ਐਸ. ਸੀ./ਐਸ. ਟੀ. ਐਕਟ ਦਾ ਹੀ ਹੁੰਦਾ ਹੈ? ਹੋਰ ਕਾਨੂੰਨਾਂ, ਜਿਵੇਂ ਆਈ. ਪੀ. ਸੀ. ਦੀ ਧਾਰਾ 376 ਦੀ ਦੁਰਵਰਤੋਂ ਕਾਫੀ ਜ਼ਿਆਦਾ ਹੁੰਦੀ ਹੈ। ਦਹੇਜ ਕਾਨੂੰਨ ਦਾ ਤਾਂ ਇੰਨਾ ਗਲਤ ਇਸਤੇਮਾਲ ਹੋਇਆ ਕਿ ਇਕ ਅੰਕੜੇ ਦੇ ਮੁਤਾਬਕ ਲੱਗਭੱਗ 64 ਹਜ਼ਾਰ ਪੁਰਸ਼ ਇਸ ਕਾਰਨ ਆਤਮ ਹੱਤਿਆ ਕਰ ਚੁੱਕੇ ਹਨ। ਮਤਭੇਦ ਜਾਂ ਝਗੜਾ ਹੋਰ ਕਾਰਨਾਂ ਨਾਲ ਵੀ ਕਿਉਂ ਨਾ ਹੋਇਆ ਹੋਵੇ, ਦਹੇਜ ਵਿਰੋਧੀ ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਵਿਚ ਮਾਮਲੇ ਹਨ ਕਿ ਪਰਿਵਾਰ ਦੇ ਲੋਕ ਕਦੀ ਮਿਲੇ ਹੀ ਨਾ ਹੋਣ ਜਾਂ ਵਿਦੇਸ਼ ਵਿਚ ਹੋਣ, ਤਾਂ ਵੀ ਉਹਨਾਂ ਦੇ ਖਿਲਾਫ ਮੁਕੱਦਮੇ ਦਾਇਰ ਹੋ ਗਏ। ਸ਼੍ਰੀਮਤੀ ਮੇਨਕਾ ਗਾਂਧੀ ਮੁਤਾਬਕ ਦਹੇਜ ਦੇ 361 ਮਾਮਿਆਂ ਵਿਚ 293 ਗਲਤ ਪਾਏ ਗਏ। ਜਦੋਂ ਤੋਂ ਬਲਾਤਕਾਰ ਅਤੇ ਔਰਤ ਸ਼ੋਸ਼ਣ ਦੇ ਸਖਤ ਕਾਨੂੰਨ ਬਣ ਹਨ, ਲੋਕ ਇੰਨਾ ਡਰ ਗਏ ਹਨ ਕਿ ਇਕੱਲਿਆਂ ਔਰਤਾਂ ਨੂੰ ਮਿਲਦੇ ਤੱਕ ਨਹੀਂ। ਇਕ ਸਾਬਕਾ ਮੰਤਰੀ ਨੇ ਸਾਫ ਕਿਹਾ ਕਿ ਕਿਸੇ ਔਰਤ ਨਾਲ ਇਕੱਲਿਆਂ ਮਿਲਣ ਤੋਂ ਡਰ ਲੱਗਦਾ ਹੈ।

ਬਿਨਾਂ ਸ਼ੱਕ ਔਰਤਾਂ ਦਾ ਸ਼ੋਸ਼ਣ ਹੁੰਦਾ ਹ ਅਤੇ ਇਸ ਮਾਮਲੇ ਵਿਚ ਜੋ ਵੀ ਦੋਸ਼ੀ ਪਾਇਆ ਜਾਵੇ, ਉਸਨੂੰ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਬਲਾਤਕਾਰ ਅਤੇ ਔਰਤ ਸ਼ੋਸ਼ਣ ਕਾਨੂੰਨ ਦੀ ਦੁਰਵਰਤੋਂ ਕਾਰਨ ਵਿਅਕਤੀ ਨੂੰ ਨਾ ਕੇਵਲ ਕਾਨੂੰਨੀ ਸਜ਼ਾ ਮਿਲਦੀ ਹੈ ਬਲਕਿ ਸਮਾਜਿਕ ਵੀ। ਇਕ ਵਾਰ ਕੋਈ ਇਸ ਮਾਮਲੇ ਵਿਚ ਫਸ ਜਾਵੇ ਤਾਂ ਕੁਝ ਘੰਟੇ ਅਤੇ ਦਿਨ ਵਿਚ ਸਮਾਜ ਅਤੇ ਮੀਡੀਆ ਉਸਨੂੰ ਦੋਸ਼ੀ ਸਾਬਤ ਕਰ ਦਿੰਦਾ ਹੈ, ਬੇਸ਼ੱਕ ਹੀ ਬਾਅਦ ਵਿਚ ਉਹ ਅਦਾਲਤ ਤੋਂ ਬਰੀ ਹੋ ਜਾਣ। ਜਦੋਂ ਤੋਂ ਇਹ ਸਖਤ ਕਾਨੂੰਨ ਆਏ ਹਨ, ਨਿੱਜੀ ਖੇਤਰ ਵਿਚ ਔਰਤਾਂ ਨੂੰ ਰੁਜ਼ਗਾਰ ਮਿਲਣਾ ਘੱਟ ਹੋ ਗਿਆ ਹੈ। ਜੇਕਰ ਕਾਨੂੰਨ ਦਾ ਸਹੀ ਮੁਲਾਂਕਣ ਕੀਤਾ ਜਾਵੇ ਤਾਂ ਇਸ ਕਾਰਨ ਜਿੰਨੀ ਇਹਨਾਂ ਦੀ ਰੱਖਿਆ ਨਹੀਂ ਹੋਈ, ਉਸ ਤੋਂ ਕਿਤੇ ਜ਼ਿਆਦਾ ਉਹਨਾਂ ਦਾ ਆਰਥਿਕ ਨੁਕਸਾਨ ਹੋਇਆ ਹੈ ਕਿਉਂਕਿ ਲੋਕ ਉਹਨਾਂ ਨੂੰ ਰੁਜ਼ਗਾਰ ਦਣ ਅਤ ਉਹਨਾਂ ਨਾਲ ਕਾਰੋਬਾਰੀ ਲੈਣ-ਦੇਣ ਕਰਨ ਤੋਂ ਕਤਰਾਉਣ ਲੱਗੇ ਅਤੇ ਇਸ ਤਰ੍ਹਾਂ ਉਹਨਾਂ ਦੀ ਆਰਥਿਕ ਨਿਰਭਰਤਾ ਵੱਧ ਗਈ। ਸਾਡੇ ਇੱਥੇ ਸਿੱਖਿਆ ਮੂਲ ਤੌਰ ਤੇ ਚੰਗਾ ਰੁਜ਼ਗਾਰ ਪ੍ਰਾਪਤ ਕਰਨ ਦੇ ਲਈ ਦਿੱਤੀ ਜਾਂਦੀ ਹੈ। ਸਰਕਾਰ ਵੀ ਚਾਹੁੰਦੀ ਹੈ ਕਿ ਬੇਟੀਆਂ ਪੜ੍ਹਨ। ਪਰ ਜਦੋਂ ਰੁਜ਼ਗਾਰ ਹੀ ਨਹੀਂ ਮਿਲੇਗਾ ਤਾਂ ਸਿੱਖਿਆ ਗ੍ਰਹਿਣ ਕਰਨ ਦਾ ਮੁਕਾਬਲਾ ਨਹੀਂ ਰਹਿ ਜਾਵੇਗਾ।

ਰਿਜ਼ਰਵੇਸ਼ਨ ਦੇ ਜ਼ਰੀਏ ਨੌਕਰੀ ਦੇ ਲਈ ਉਤਸ਼ਾਹ ਮਿਲਣ ਦੇ ਕਾਰਨ ਹੀ ਦਲਿਤ-ਆਦਿਵਾਸੀ ਸਿੱਖਿਆ ਹਾਸਲ ਕਰਨ ਲਈ ਪ੍ਰੇਰਿਤ ਹੋਏ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਪਿਛਲੇ ਇਕ ਦਹਾਕੇ ਵਿਚ ਦਲਿਤ ਸ਼ੋਸ਼ਣ ਵਿਚ 66 ਫੀਸਦੀ ਦਾ ਵਾਧਾ ਹੋਇਆ ਹੈ। ਇਸ ਦੌਰਾਨ ਰੁਜ਼ਾਨਾ 6 ਦਲਿਤ ਔਰਤਾਂ ਨਾਲ ਬਲਾਤਕਾਰ ਅਤੇ ਹਰ 15 ਮਿੰਟ 'ਤੇ ਉਹਨਾਂ ਵਿਰੁੱਧ ਅਪਰਾਧਿਕ ਘਟਨਾਵਾਂ ਹੋਈਆਂ। ਜਿੱਥੋਂ ਤੱਕ ਐਸ. ਸੀ./ਐਸ. ਟੀ. ਐਕਟ ਵਿਚ ਸਜ਼ਾ ਹੋਣ ਦੀ ਗੱਲ ਹੈ ਤਾਂ 2 ਤੋਂ ਲੈ ਕੇ 6 ਪ੍ਰਤੀਸ਼ਤ ਮਾਮਲਿਆਂ ਵਿਚ ਹੀ ਸਫਲਤਾ ਮਿਲੀ। ਐਫ. ਆਈ. ਆਰ. ਦਰਜ ਹੋਣ ਤੋਂ ਲੈ ਕੇ ਮੁਕੱਦਮੇ ਦੀ ਬਹਿਸ ਤੱਕ ਸਮਝੌਤੇ ਹੀ ਹੁੰਦੇ ਰਹਿੰਦੇ ਹਨ, ਇਸ ਕਰਕੇ ਘੱਟ ਹੀ ਮਾਮਲਿਆਂ ਵਿਚ ਸਜ਼ਾ ਮਿਲ ਪਾਉਂਦੀ ਹੈ। ਜੇਕਰ ਕਥਿਤ ਦੁਰਵਰਤੋਂ ਦੀ ਸਥਿਤੀ ਵਿਚ ਇਹ ਹਾਲ ਹੈ ਫਿਰ ਤਾਂ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਤੋਂ ਬਾਅਦ ਇਸ ਕਾਨੂੰਨ ਦਾ ਮਹੱਤਵ ਲੱਗਭੱਗ ਖਤਮ ਹੀ ਹੋ ਜਾਵੇਗਾ।



ਉਦਿਤ ਰਾਜ
ਸੰਸਦ ਮੈਂਬਰ

**ਕੌਣ ਕਰੇ ਤਬਦੀਲੀ**

ਸੰਵਿਧਾਨ ਦੇ ਮੁਤਾਬਕ ਕਾਨੂੰਨ ਬਣਾਉਣ ਦਾ ਅਧਿਕਾਰ ਸੰਸਦ ਨੂੰ ਹੈ ਜਦਕਿ ਅਦਾਲਤ ਦੇ ਕੋਲ ਉਸਦੀ ਵਿਆਖਿਆ ਦਾ ਅਧਿਕਾਰ ਹੈ। ਪਰ ਹੁਣ ਤਾਂ ਨਿਆਂਪਾਲਿਕਾ ਸੰਸਦ ਤੋਂ ਕਿਤੇ ਜ਼ਿਆਦਾ ਕਾਨੂੰਨ ਬਣਾਉਣ ਲੱਗੀ ਹੈ। ਇਸ ਫੈਸਲੇ ਵਿਚ ਦਲੀਲ ਦਿੰਤੀ ਗਈ ਕਿ ਅਜਿਹੇ ਮਾਮਲਿਆਂ ਵਿਚ ਸਜ਼ਾ ਘੱਟ ਹੋਈ ਹੈ। ਇਸ ਕਰਕੇ ਅਦਾਲਤ ਇਯ ਫੈਸਲੇ 'ਤੇ ਪਹੁੰਚੀ ਕਿ ਇਸਦੀ ਦੁਰਵਰਤੋਂ ਹੋ ਰਹੀ ਹੈ। ਉਸਦਾ ਦੂਜਾ ਫੈਸਲਾ ਇਹ ਵੀ ਹੋ ਸਕਦਾ ਸੀ ਕਿ ਇਯ ਕਾਨੂੰਨ ਦੀ ਵਰਤੋਂ ਵਿਵਸਥਾ ਦੀਆ ਕਮੀਆਂ ਦੇ ਕਾਰਨ ਨਹੀਂ ਹੋ ਪਾ ਰਿਹਾ ਹੈ। ਖੈਰ ਦੇਖਣ ਦਾ ਆਪਣਾ ਆਪਣਾ ਨਜ਼ਰੀਆ ਹੈ। ਕੇਂਦਰ ਸਰਕਾਰ ਨੂੰ ਤੁਰੰਤ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ ਅਤੇ ਕੋਰਟ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਦੀ ਬੇਨਤੀ ਕਰਨੀ ਚਾਹੀਦੀ ਹੈ। ਇਹ ਕਾਨੂੰਨ ਸੰਸਦ ਨੇ ਬਣਾਇਆ ਹੈ, ਇਸ ਵਿਚ ਬਦਲਾਅ ਉਸਨੂੰ ਹੀ ਕਰਨਾ ਚਾਹੀਦਾ ਹੈ। ਚੰਗਾ ਹੋਵੇਗਾ ਕਿ ਸੰਸਦ ਇਸ ਕਾਨੂੰਨ ਨੂੰ ਨਵੇਂ ਸਿਰੇ ਤੋਂ ਪਾਸ ਕਰੇ।

(ਲੇਖਕ ਭਾਜਪਾ ਦੇ ਸਾਂਸਦ ਹਨ)



ਚੰਦਰ ਭਾਨ ਪ੍ਰਸਾਦ

# ਦੁਰਪ੍ਰਯੋਗ ਦੀ ਗੱਲ ਠੀਕ ਨਹੀਂ

ਭਾਰਤ ਅਤੇ ਇਸਦਾ ਸਮਾਜ ਬਦਲ ਰਿਹਾ ਹੈ। ਕਦੀ ਅੱਖਰ ਅਤੇ ਸਕੂਲ ਤੋਂ ਵਾਂਝੇ ਦਲਿਤ ਸਮਾਜ ਤੋਂ ਵੀ ਹੁਣ ਟੌਪਰ ਪੈਦਾ ਹੋ ਰਹੇ ਹਨ। ਉਹ ਚਾਹੇ ਪ੍ਰਤਾਪਗੜ੍ਹ ਦੇ ਬ੍ਰਜੇਸ਼ ਅਤੇ ਰਾਜੂ ਹੋਣ ਜਾਂ ਦਲਿਤ ਕੰਨਿਆ ਟੀਨਾ ਡਾਬੀ। ਸਮਾਜ ਦੀਆਂ ਉਚ ਜਾਤੀਆਂ ਦੀ ਪਹੁੰਚ ਵਾਲੇ ਅਹੁਦੇ 'ਤੇ ਕਾਬਜ ਹੋ ਕੇ ਅਜਿਹੇ ਅਨੇਕ ਹੋਣਹਾਰ ਦਲਿਤ ਨੌਜਵਾਨਾਂ ਨੇ ਦੱਸ ਦਿੱਤਾ ਕਿ ਭਾਰਤ ਬਦਲ ਰਿਹਾ ਹੈ। ਜੇਕਰ ਕੁਝ ਨਹੀਂ ਬਦਲ ਰਿਹਾ ਤਾਂ ਇਹਨਾਂ ਨੌਜਵਾਨਾਂ ਦੇ ਪ੍ਰਤੀ ਸਮਾਜ ਦੀ ਸੋਚ ਅਤੇ ਸਮਝ। ਇਹਨਾਂ ਲੋਕਾਂ ਦੀ ਇਸ ਉਪਲਬਧੀ ਤੋਂ ਬਾਅਦ ਵੀ ਸਮਾਜ ਦਾ ਸ਼ੋਸ਼ਣ ਉਹਨਾਂ ਨੂੰ ਮਿਲਿਆ ਤਾਂ ਬਹੁਤ ਦੁਖਦਾਈ ਹੈ। ਦਲਿਤਾਂ ਦੇ ਨਾਲ ਬਦਲਦੇ ਭਾਰਤ ਵਿਚ ਅਜਿਹੇ ਬਹੁਤ ਸਾਰੇ ਅੱਤਿਆਚਾਰ ਇਕ ਵੰਨਗੀ ਮਾਤਰ ਹਨ। ਹੁਣ ਇਹ ਨਾ ਪੁੱਛੋ ਕਿ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੀ ਲੋੜ ਕਿਉਂ ਪਈ। ਦਲਿਤ ਅਫਸਰਾਂ ਦੀ ਗੁਪਤ ਰਿਪੋਰਟ ਜਾਣ-ਬੁੱਝ ਕੇ ਖਰਾਬ ਕੀਤੀ ਜਾਂਦੀ ਹੈ, ਜਿਸ ਕਾਰਨ ਉਹਨਾਂ ਨੂੰ ਪ੍ਰਮੋਸ਼ਨ ਨਹੀਂ ਮਿਲਦੀ। ਦਲਿਤ ਐਕਟ ਅਤੇ ਇਸ ਨਾਲ ਪੈਦਾ ਹੋ ਰਹੀਆਂ ਪ੍ਰੇਸ਼ਾਨੀਆਂ ਨੂੰ ਸਮਝਣ ਦੇ ਲਈ ਉਪਰਕਤ ਭੂਮਿਕਾ ਜ਼ਰੂਰੀ ਹੈ। ਇਹ ਐਕਟ 1989 ਵਿਚ ਆਇਆ। ਸਵਾਲ ਇਹ ਹੈ ਕਿ ਇਸ ਕਿਸਮ ਦੇ ਕਾਨੂੰਨਾਂ ਦੀ ਲੋੜ ਸੰਵਿਧਾਨ ਬਣਾਉਂਦੇ ਵਕਤ ਕਿਉਂ ਨਹੀਂ ਹੋਈ?

ਦਰਅਸਲ 1950 ਦਾ ਸਮਾਜ ਬਹੁਤ ਪੱਛੜਿਆ ਸੀ। ਦਲਿਤ ਕਿਰਪਾ ਦੇ ਪਾਤਰ ਸਨ। ਇਕ ਛੜੀ ਨਾਲ ਪੂਰੀ ਦਲਿਤ ਬਸਤੀ ਤੇ ਸ਼ਾਸਨ ਕੀਤਾ ਜਾ ਸਕਦਾ ਸੀ। ਸੰਵਿਧਾਨ, ਲੋਕਤੰਤਰ, ਉਦਯੋਗੀਕਰਨ ਅਤੇ ਸ਼ਹਿਰੀਕਰਨ ਨੇ ਭਾਰਤ ਵਿਚ ਵੱਡੀ ਤਬਦੀਲੀ ਲਿਆ ਦਿੱਤੀ। 1989 ਦੇ ਸਮਾਜ ਵਿਚ ਦਲਿਤ ਸਿਰ ਚੁੱਕ ਕੇ ਚੱਲਣਾ ਆਰੰਭ ਕਰ ਗਏ, ਜਾਤੀ ਸਮਾਜ ਨਾ ਅੱਖ ਨਾਲ ਅੱਖ ਮਿਲਾ ਕੇ ਗੱਲ ਕਰਨੀ ਆਰੰਭ ਕਰ ਦਿੱਤੀ। ਨਤੀਜੇ ਵਜੋਂ ਉਹਨਾਂ ਤੇ ਹਮਲੇ ਵੀ ਆਰੰਭ ਹੋ ਗਏ। ਪਿਛਲੀ ਸਦੀ ਦੇ ਸੱਤਵੇਂ ਦਹਾਕੇ ਤੱਕ ਦਲਿਤ ਅਫਸਰਾਂ ਦੀ ਇਕ ਖੇਪ ਖੜ੍ਹੀ ਹੋ ਚੁੱਕੀ ਸੀ। ਦਲਿਤ ਅਫਸਰ ਵੀ ਹੁਣ ਉਚ ਅਹੁਦਿਆਂ 'ਤੇ ਪਹੁੰਚਣ ਲੱਗੇ। ਨਤੀਜੇ ਵਜੋਂ ਇਕ ਯੋਜਨਾਬੱਧ ਮੁਹਿੰਮ ਵਾਂਗ ਦਲਿਤ ਅਫਸਰਾਂ ਦੀ ਗੁਪਤ ਰਿਪੋਰਟ 'ਤੇ ਹਮਲੇ ਆਰੰਭ ਹੋ ਗਏ। ਇਹਨਾਂ ਨਵੀਆਂ ਪ੍ਰਸਥਿਤੀਆਂ ਦੇ ਕਾਰਨ ਦਲਿਤ ਐਕਟ ਦੀ ਲੋੜ ਪਈ ਤਾਂ ਜੋ ਉਭਰਦੇ ਸਮਾਜ ਦੀ ਰੱਖਿਆ ਕੀਤੀ ਜਾ ਸਕੇ।

ਬਦਲਾਅ ਦੇ ਦੌਰ ਤੋਂ ਲੰਘ ਰਹੇ ਭਾਰਤ ਦੇ ਦਲਿਤ ਸਮਾਜ ਦੇ ਅੰਦਰ ਵੀ ਇਕ ਮੱਧ ਵਰਗ ਪੈਦਾ ਹੋ ਰਿਹਾ ਹੈ। ਭਾਰਤ ਦੇ ਬਹੁਗਿਣਤੀ ਜਾਤੀ ਸਮਾਜ ਨੇ ਨਵੀਆਂ ਪ੍ਰਸਥਿਤੀਆਂ ਨਾਲ ਸਮਝੌਤਾ ਕਰ ਲਿਆ ਹੈ ਪਰ ਉਸੇ ਸਮਾਜ ਵਿਚੋਂ ਕੁਝ ਲੋਕ ਅਜਿਹੇ ਵੀ ਹਨ, ਜਿਹਨਾਂ ਨੂੰ ਕਾਸਟ ਕ੍ਰਿਮੀਨਲ ਕਹਿਣਾ ਸਹੀ ਹੋਵੇਗਾ। ਅਜਿਹੇ ਲੋਕ ਨਵੇਂ ਉਪਜੇ ਹਾਲਾਤ ਅਤੇ ਪ੍ਰਸਥਿਤੀਆਂ ਤੋਂ ਪ੍ਰੇਸ਼ਾਨ ਹਨ। ਉਹਨਾਂ ਨੂੰ ਦਲਿਤ ਕਰਮਚਾਰੀ ਤਾਂ ਮਨਜ਼ੂਰ ਹਨ ਪਰ ਦਲਿਤ ਬੌਸ ਮਨਜ਼ੂਰ ਨਹੀਂ। ਉਹਨਾਂ ਨੂੰ ਥਰਡ ਕਲਾਸ ਵਿਚ ਪਾਸ ਹੋਣ ਵਾਲਾ ਦਲਿਤ ਠੀਕ ਹੈ ਪਰ ਟੌਪ ਕਰਨ ਵਾਲਾ ਦਲਿਤ ਇਕ ਸਮੱਸਿਆ ਹੈ। ਉਹਨਾਂ ਨੂੰ ਸਾਈਕਲ ਤੇ ਸਵਾਲ ਦਲਿਤ ਮਨਜ਼ੂਰ ਹੈ ਪਰ ਬੁਲਿਟ ਤੇ ਸਵਾਰ ਦਲਿਤ ਇਕ ਸਮੱਸਿਆ ਹੈ। ਦਲਿਤ ਐਕਟ ਅਜਿਹੇ ਹੀ ਤੱਤਾਂ ਨਾਲ ਬਣਿਆ ਹੈ, ਜੋ ਉਭਰ ਰਹੇ ਦਲਿਤਾਂ 'ਤੇ ਹਮਲੇ ਕਰਦੇ ਹਨ, ਉਹਨਾਂ ਨੂੰ ਅਪਮਾਨਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਐਕਟ ਦੀ ਦੁਰਵਰਤੋਂ ਦੀ ਗੱਲ ਗਲਤ ਹੈ। ਦਲਿਤ ਅੱਤਿਆਚਾਰ ਨਹੀਂ ਕਰਦੇ ਹਨ, ਬਿਨਾਂ ਵਜ੍ਹਾ ਦਲਿਤ ਕਿਸੇ ਦੇ ਵਿਰੁੱਧ ਮੁਕੱਦਮਾ ਨਹੀਂ ਕਰਦੇ। ਅੱਜ ਜ਼ਰੂਰਤ ਹੈ ਬਦਲਦੇ ਭਾਰਤ ਨੂੰ ਨਮਸਕਾਰ ਕਰਨ ਦੀ। ਦਲਿਤ ਐਕਟ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਆਜ਼ਾਦ ਦਲਿਤ ਇਕ ਮਹਾਨ ਭਾਰਤ ਦੇ ਲਈ ਜ਼ਰੂਰੀ ਹੈ।

### ਟੈਂਡਰ ਪਾਲਸੀ ਦੀ ਸਖ਼ਤੀ ਦੇ ਕਾਰਨ ਸਰਕਾਰੀ ਆਰਡਰ ਨਹੀਂ ਲੈ ਸਕਦੇ

# ਦਲਿਤ ਪੂੰਜੀਪਤੀਆਂ ਦੇ ਲਈ ਆਸਾਨ ਨਹੀਂ ਬਿਜ਼ਨਸ

**ਚੰਦਰ ਭਾਨ ਪ੍ਰਸਾਦ**

ਦਲਿਤ ਕੈਪੀਟੀਲਿਜ਼ਮ 'ਤੇ ਬਹਿਸ ਜ਼ਰੂਰ ਹੁੰਦੀ ਹੈ ਪਰ ਇਸ 'ਤੇ ਹੁਣ ਕੋਈ ਵਿਵਾਦ ਨਹੀਂ ਹੈ। ਕੈਪੀਟੀਲਿਜ਼ਮ ਪੈਸਾ ਇਕੱਠਾ ਕਰਨ ਦੀ ਵਿਵਸਥਾ ਹੈ ਅਤੇ ਦਲਿਤ ਪੂੰਜੀਪਤੀ ਵੀ ਪੈਸਾ ਇਕੱਠਾ ਕਰਦੇ ਹਨ। ਅਜਿਹਾ ਕਰਕੇ ਉਹ ਇਕ ਸਮਾਜਿਕ ਕ੍ਰਾਂਤੀ ਲਿਆ ਰਹੇ ਹਨ ਕਿਉਂਕਿ ਮਨੂੰ ਸਿਮ੍ਰਤੀ ਵਿਚ ਦਲਿਤਾਂ 'ਤੇ ਧੰਨ ਇਕੱਠਾ ਕਰਨ ਦੀ ਪਾਬੰਦੀ ਹੈ। ਮਤਲਬ ਇਹ ਕਿ ਦਲਿਤ ਪੂੰਜੀਪਤੀ ਅਤੇ ਮਨੂੰਵਾਦੀ ਧਰਮ ਵਿਚ ਸਿੱਧਾ ਟਕਰਾਅ ਹੈ। ਵਰਣਵਾਦੀ ਵਿਵਸਥਾ ਦੇ ਨਿਯਮਾਂ ਵਿਚ ਦਲਿਤਾਂ ਦੇ ਨਵੇਂ ਕੱਪੜੇ ਪਾਉਣ 'ਤੇ ਵੀ ਪਾਬੰਦੀ ਹੈ। ਦਲਿਤ ਔਰਤਾਂ ਸੋਨਾ-ਚਾਂਦੀ ਦੇ ਗਹਿਣੇ ਨਹੀਂ ਪਾ ਸਕਦੀਆਂ। ਹਾਲਾਂਕਿ ਸਥਿਤੀਆਂ ਵਿਚ ਬੜੀ ਤੇਜ਼ੀ ਨਾਲ ਬਦਲਾਅ ਹੋ ਰਿਹਾ ਹੈ। ਹੁਣ ਕਿਉਂਕਿ ਜਾਤੀ-ਵਿਵਸਥਾ ਦੀ ਜਕੜਨ ਢਿੱਲੀ ਪੈ ਰਹੀ ਹੈ, ਇਸ ਕਰਕੇ ਦਲਿਤ ਬਿਜ਼ਨਸ ਦੇ ਖੇਤਰ ਵਿਚ ਵੀ ਆ ਰਹੇ ਹਨ।

ਭਾਰਤ ਵਿਚ ਦਲਿਤ ਕੈਪੀਟੀਲਿਜ਼ਮ ਪੈਦਾ ਹੋ ਰਿਹਾ ਹੈ, ਪਰ ਇਸ ਵਿਚ ਦਲਿਤ ਅਰਬਪਤੀ ਨਹੀਂ ਬਣ ਪਾ ਅਰਹੇ। ਦਲਿਤ ਕੈਪੀਟੀਲਿਜ਼ਮ ਇੰਨੇ ਵੱਡੇ ਨਹੀਂ ਬਣ ਪਾ ਰਹੇ ਹਨ ਕਿ ਉਹ ਪ੍ਰਾਈਵੇਟ ਜਹਾਜ਼ ਜਾਂ ਹੈਲੀਕਾਪਟਰ ਖਰੀਦ ਸਕਣ। ਧਿਆਨ ਰਹੇ, ਜਦੋਂ ਇਕ ਦਲਿਤ ਹੈਲੀਕਾਪਟਰ ਦੀ ਸਵਾਰੀ ਕਰਦਾ ਹੈ ਤਾਂ ਸਭ ਤੋਂ ਜ਼ਿਆਦਾ ਕਸ਼ਟ ਮਨੂੰਵਾਦ ਨੂੰ ਹੁੰਦਾ ਹੈ। ਹੈਲੀਕਾਪਟਰ ਦੀ ਗੜਗੜਾਹਟ ਨਾਲ ਜੋਤੀ ਵਿਵਸਥਾ ਕੰਬ ਜਾਂਦੀ ਹੈ।

ਸਵਾਲ ਇਹੀ ਹੈ ਕਿ ਜੇਕਰ ਦਲਿਤ ਕੈਪੀਟਲਿਜ਼ਮ ਪੰਜਾਹ ਕਰੋੜ ਰੁਪਏ ਦਾ ਬਿਜ਼ਨਸ ਕਰ ਰਿਹਾ ਹੈ ਤਾਂ ਉਹ ਇਕ ਸੌ ਕਰੋੜ ਜਾਂ ਹਜ਼ਾਰ ਕਰੋੜ ਤੱਕ ਕਿਉਂ ਨਹੀਂ ਪਹੁੰਚ ਪਾ ਰਹੇ? ਕੁਝ ਦਲਿਤ ਜ਼ਰੂਰ ਸੌ ਕਰੋੜ, ਕੁਝ ਹਜ਼ਾਰ ਕਰੋੜ ਦੀ ਸੀਮਾ ਪਾਰ ਕਰ ਸਕੇ ਹਨ ਪਰ ਹਜ਼ਾਰਾਂ ਦਲਿਤ ਕੈਪੀਟਲਿਜ਼ਮ ਇਕ ਕਰੋੜ ਤੋਂ ਵੀਹ ਕਰੋੜ ਵਿਚਕਾਰ ਹੀ ਫਸੇ ਹਨ। ਇਹ ਸਮੀਖਿਅਕ ਪਿਛਲੇ 8 ਸਾਲਾਂ ਤੋਂ ਦਲਿਤ ਕੈਪੀਟਲਿਜ਼ਮ 'ਤੇ ਰਿਸਰਚ ਕਰ ਰਿਹਾ ਹੈ। ਹੁਣ ਜਾ ਕੇ ਕੁਝ ਗੱਲਾਂ ਸਾਫ ਹੋਈਆਂ ਹਨ। ਪਹਿਲੀ ਤਾਂ ਇਹ ਕਿ ਭਾਰਤ ਦੀਆਂ ਜ਼ਿਆਦਾਤਰ ਕੰਪਨੀਆਂ ਨੇ ਸਰਕਾਰਾਂ ਨੂੰ ਆਪਣੇ ਪ੍ਰਾਡਕਟ ਵੇਚ ਕੇ ਅਰਬ-ਖਰਬ ਦਾ ਅੰਕੜਾ ਪਾਰ ਕੀਤਾ ਹੈ। ਅੱਜ ਵੀ ਕੇਂਦਰ ਅਤੇ ਰਾਜ ਸਰਕਾਰਾਂ ਅਰਬਾਂ ਰੁਪਏ ਦਾ ਸਮਾਨ ਅਤੇ ਸੇਵਾਵਾਂ ਨਿੱਜੀ ਖੇਤਰ ਦੀਆਂ ਕੰਪਨੀਆਂ ਤੋਂ ਖਰੀਦਦੀਆਂ ਹਨ। ਅਰਬਾਂ, ਖਰਬਾਂ ਰੁਪਏ ਦੀ ਟਰਨ ਓਵਰ ਵਾਲੀਆਂ ਕੰਪਨੀਆਂ ਨੇ ਸਰਕਾਰੀ ਖਰੀਦ ਦੇ ਨਿਯਮਾਂ ਨੂੰ ਇੰਨਾ ਸਖ਼ਤ ਬਣਵਾ ਦਿੱਤਾ ਹੈ ਕਿ ਨਵੀਆਂ ਅਤੇ ਛੋਟੀਆਂ ਕੰਪਨੀਆਂ ਸਰਕਾਰੀ ਬਾਜ਼ਾਰ ਵਿਚ ਪ੍ਰਵੇਸ਼ ਨਹੀਂ ਕਰ ਪਾਉਂਦੀਆਂ ਹਨ।

ਤਿੰਨ ਉਦਾਹਰਣਾਂ ਦੇਖੋ: 1. ਕੇਂਦਰ ਸਰਕਾਰ ਦਾ ਇਕ ਵਿਭਾਗ ਚਾਰ ਲੱਖ ਸੀਲਿੰਗ ਫੈਨ ਖਰੀਦਣਾ ਚਾਹੁੰਦਾ ਹੈ। ਟੈਂਡਰ ਪ੍ਰਕਿਰਿਆ ਵਿਚ ਭਾਗ ਲੈਣ ਵਾਲੀਆਂ ਕੰਪਨੀਆਂ ਘੱਟੋ ਘੱਟ ਇਕ ਲੱਖ ਪੱਖੇ ਸਪਲਾਈ ਕਰਨ ਦਾ ਦਾਅਵਾ ਕਰਨ, ਕੰਪਨੀਆਂ ਦਾ ਟਰਨ ਓਵਰ ਘੱਟੋ ਘੱਟ 21 ਕਰੋੜ ਦਾ ਹੋਣਾ ਚਾਹੀਦਾ ਹੈ ਅਤੇ ਬੀਤੇ ਤਿੰਨ ਸਾਲਾਂ ਵਿਚ ਘੱਟੋ ਘੱਟ 75 ਹਜ਼ਾਰ ਪੱਖੇ ਬਣਾਉਣ ਦਾ ਤਜਰਬਾ ਹੋਣਾ ਚਾਹੀਦਾ ਹੈ। 2. ਇਕ ਰਾਜ ਸਰਕਾਰ ਇਕ ਲੱਖ ਇਲੈਕਟ੍ਰਾਨਿਕ ਮੀਟਰ ਖਰੀਦਣਾ ਚਾਹੁੰਦੀ ਹੈ। ਇਸ ਦੇ ਲਈ ਟੈਂਡਰ ਵਿਚ ਭਾਗ ਲੈਣ ਵਾਲੀ ਕੰਪਨੀ ਦਾ ਟਰਨ ਓਵਰ ਘੱਟੋ ਘੱਟ ਇਕ ਸੌ ਕਰੋੜ ਹੋਣਾ ਚਾਹੀਦਾ ਹੈ। 3. ਕੇਂਦਰ ਸਰਕਾਰ ਦਾ ਇਕ ਹੋਰ ਵਿਭਾਗ ਤਿੰਨ ਕ੍ਰੇਨਾਂ ਖਰੀਦਣਾ ਚਾਹੁੰਦਾ ਹੈ। ਟੈਂਡਰ ਵਿਚ ਭਾਗ ਲੈਣ ਵਾਲੀ ਕੰਪਨੀ ਦੇ ਕੋਲ ਘੱਟੋ ਘੱਟ 40 ਕ੍ਰੇਨਾਂ ਵੇਚਣ ਦਾ ਬੂਤ ਹੋਣਾ ਚਾਹੀਦਾ ਹੈ ਅਤੇ ਕ੍ਰੇਨ ਬਣਾਉਣ ਦਾ ਘੱਟੋ ਘੱਟ 5 ਸਾਲ ਦਾ ਤਜਰਬਾ। ਨਵੇਂ ਜਾਂ ਛੋਟੇ ਉੱਦਮੀ ਟੈਂਡਰ ਦੀ ਪ੍ਰਕਿਰਿਆ ਵਿਚ ਪ੍ਰਵੇਸ਼ ਹੀ ਨਹੀਂ ਕਰ ਪਾਉਂਦੇ, ਫਿਰ ਉਹਨਾਂ ਦੇ ਵੱਡੇ ਉੱਦਮੀ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਿਉਂਕਿ ਜ਼ਿਆਦਾਤਰ ਦਲਿਤ ਕੈਪੀਟਲਿਸਟ ਨਵੇਂ ਹਨ ਅਤੇ ਇਕ ਕਰੋੜ ਤੋਂ ਵੀਹ ਕਰੋੜ ਟਰਨ ਓਵਰ ਤੱਕ ਸੀਮਤ ਹਨ, ਇਸ ਕਰਕੇ ਇਹ ਸਰਕਾਰੀ ਸਪਲਾਈ ਤੋਂ ਬਾਹਰ ਹੋ ਜਾਂਦੇ ਹਨ ਅਤੇ ਅਰਬਪਤੀ ਬਣਨ ਦਾ ਉਹਨਾਂ ਦਾ ਸੁਪਨਾ ਟੁੱਟ ਜਾਂਦਾ ਹੈ।

ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਪੂੰਜੀਪਤੀ ਦੇਸ਼ ਹੈ। ਉਸਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਸਾਲ 1963 ਵਿਚ ਬਲੈਕ ਕੈਪੀਟਲਿਜ਼ਮ ਦਾ ਨਾਅਰਾ ਦਿੱਤਾ। ਅੱਜ ਉਥੇ ਬਲੈਕ ਕੈਪੀਟਲਿਜ਼ਮ ਇਕ ਸਚਾਈ ਹੈ। ਬਲੈਕ ਅਰਬਪਤੀ ਵੀ ਬਣ ਰਹੇ ਹਨ। ਇਹ ਸਭ ਸਪਲਾਇਰ ਡਾਇਵਰਸਿਟੀ ਨਾਲ ਸੰਭਵ ਹੋਇਆ ਹੈ, ਜਿਸ ਦੇ ਤਹਿਤ ਅਮਰੀਕਾ ਸਰਕਾਰ ਅਤੇ ਅਮਰੀਕੀ ਪ੍ਰਾਈਵੇਟ ਦੋਵੇਂ ਬਲੈਕ ਉੱਦਮੀਆਂ ਤੋਂ ਵਸਤਾਂ ਅਤੇ ਸਰਵਿਸ ਖਰੀਦਦੇ ਹਨ। ਭਾਰਤ ਵਿਚ ਵੀ ਇਹ ਸੰਭਵ ਹੈ। ਜਨਵਰੀ 2002 ਵਿਚ ਮੱਧ ਪ੍ਰਦੇਸ਼ ਦੇ ਉਸ ਵਕਤ ਦੇ ਮੁੱਖ ਮੰਤਰੀ ਦਿਗਵਿਜੈ ਸਿੰਘ ਨੇ ਦਲਿਤ ਕਰੋੜਪਤੀ ਦਾ ਨਾਅਰਾ ਦਿੱਤਾ ਅਤੇ ਕੁੱਲ ਸਰਕਾਰੀ ਖਰੀਦ ਦਾ 30 ਫੀਸਦੀ ਦਲਿਤ ਅਤੇ ਆਦਿਵਾਸੀ ਉੱਦਮੀਆਂ ਦੇ ਲਈ ਸੁਰੱਖਿਅਤ ਕਰ ਦਿੱਤਾ। ਕੇਵਲ ਇਕ ਸਾਲ ਵਿਚ ਮੱਧ ਪ੍ਰਦੇਸ਼ ਨੇ ਕਰੋੜਾਂ ਦਾ ਬਿਜ਼ਨਸ ਦਲਿਤ ਅਤੇ ਆਦਿਵਾਸੀ ਉੱਦਮੀਆਂ ਨੂੰ ਦਿੱਤਾ। ਦਿਗਵਿਜੈ ਸਿੰਘ ਦੇ ਇਕ ਆਦੇਸ਼ ਨਾਲ ਦਲਿਤ ਆਦਿਵਾਸੀਆਂ ਦੇ ਲਈ ਟੈਂਡਰ ਦੀਆਂ ਸਾਰੀਆਂ ਸ਼ਰਤਾਂ ਖਤਮ ਕਰ ਦਿੱਤੀਆਂ। ਬੱਸ ਦੋ ਸ਼ਰਤਾਂ ਨੂੰ ਛੱਡ ਕੇ, ਕੀਮਤ ਅਤੇ ਕੁਆਲਟੀ। ਬਦਕਿਸਮਤੀ ਨਾਲ 2004 ਵਿਚ ਦਿਗਵਿਜੈ ਸਿੰਘ ਦੀ ਸਰਕਾਰ ਚਲੀ ਗਈ ਅਤੇ ਕਾਂਗਰਸ ਪਾਰਟੀ ਨੇ 'ਡੀ ਮਾਡਲ' ਯਾਨਿ ਦਿਗਵਿਜੈ ਸਿੰਘ ਮਾਡਲ ਨੂੰ ਸਵੀਕਾਰ ਨਹੀਂ ਕੀਤਾ।

ਡੀ ਮਾਡਲ ਜ਼ਰੂਰੀ ਜੇਕਰ ਸਪਲਾਇਰ ਡਾਇਵਰਸਿਟੀ ਅਮਰੀਕਾ ਵਿਚ ਬਲੈਕ ਕੈਪੀਟਲਿਜ਼ਮ ਦੇ ਵਾਧੇ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕੀ, ਜੇਕਰ ਇਹੀ ਸਿਧਾਂਤ ਮੱਧ ਪ੍ਰਦੇਸ਼ ਵਿਚ ਸਫਲ ਹੋ ਸਕਿਆ ਤਾਂ ਇਹ ਪੂਰੇ ਭਾਰਤ ਵਿਚ ਕਿਉਂ ਨਹੀਂ ਸਫਲ ਹੋ ਸਕਦਾ? ਜੇਕਰ ਅਮਰੀਕਾ ਵਿਚ ਬਲੈਕਸ ਦੇ ਲਈ ਅਤੇ ਐਮ. ਪੀ. ਵਿਚ ਦਲਿਤਾਂ-ਆਦਿਵਾਸੀਆਂ ਦੇ ਲਈ ਟੈਂਡਰ ਦੀਆਂ ਸ਼ਰਤਾਂ ਢਿੱਲੀਆਂ ਹੋ ਸਕਦੀਆਂ ਹਨ ਤਾਂ ਪੂਰੇ ਦੇਸ਼ ਵਿਚ ਕਿਉਂ ਨਹੀਂ? ਧਿਆਨ ਰਹੇ ਅਸੀਂ ਕੀਮਤ ਅਤੇ ਕੁਆਲਟੀ ਵਿਚ ਕੋਈ ਛੋਟ ਨਹੀਂ ਮੰਗ ਰਹੇ। ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਘੱਟੋ ਘੱਟ ਕੀਮਤ ਦੇ ਨਾਂ 'ਤੇ ਸਰਕਾਰ ਕਿਸਾਨਾਂ ਨੂੰ ਅਨਾਜ ਬਜ਼ਾਰ ਕੀਮਤ ਤੋਂ ਜ਼ਿਆਦਾ ਖਰੀਦ ਸਕਦੀ ਹੈ ਪਰ ਦਲਿਤਾਂ ਦੁਆਰਾ ਬਣਾਈਆਂ ਗਈਆਂ ਵਸਤਾਂ ਅਤੇ ਸੇਵਾਵਾਂ ਨੂੰ ਬਜ਼ਾਰ ਕੀਮਤ ਤੇ ਖਰੀਦਣ ਲਈ ਤਿਆਰ ਨਹੀਂ। ਦਲਿਤ ਵੱਡੇ ਜ਼ਿਮੀਂਦਾਰ ਨਹੀਂ ਹੁੰਦੇ, ਇਸ ਕਰਕੇ ਘੱਟੋ ਘੱਟ ਸਪੋਰਟ ਕੀਮਤ ਦੇ ਨਾਂ ਤੇ ਕਿਸਾਨਾਂ ਨੂੰ ਮਿਲਣ ਵਾਲੇ ਅਰਬਾਂ ਰੁਪਏ ਦਾ ਲਾਭ ਉਹਨਾਂ ਨੂੰ ਨਹੀਂ ਮਿਲਦਾ।

ਇਹ ਗੱਲ ਵੀ ਦਿਲਚਸਪ ਹੈ ਕਿ ਫਸਲ ਲੋਨ ਤੇ ਸਰਕਾਰ ਕੇਵਲ 04-50 ਪ੍ਰਤੀਸ਼ਤ ਵਿਆਜ ਲੈਂਦੀ ਹੈ ਜੋ ਕਦੀ-ਕਦੀ ਮੁਆਫ਼ ਵੀ ਹੋ ਜਾਂਦਾ ਹੈ ਪਰ ਦਲਿਤ ਉੱਦਮੀਆਂ ਨੂੰ 8 ਪ੍ਰਤੀਸ਼ਤ ਵਿਆਜ ਤੇ ਲੋਨ ਮਿਲਦਾ ਹੈ, ਜੋ ਕਦੀ ਮੁਆਫ਼ ਨਹੀਂ ਹੁੰਦਾ। ਸਿਆਸੀ ਪਾਰਟੀਆਂ ਦਲਿਤ ਰਾਸ਼ਟਰਪਤੀ ਬਣਾਉਣ ਦੇ ਲਈ ਤਾਂ ਤਿਆਰ ਹੋ ਜਾਂਦੀਆਂ ਹਨ ਪਰ ਦਲਿਤ ਅਰਬਪਤੀ ਬਣਾਉਣ ਵਿਚ ਸੰਕੋਚ ਕਰਦੀਆਂ ਹਨ। 'ਡੀ ਮਾਡਲ' ਲਾਗੂ ਕਰਕੇ ਦਲਿਤ ਕੈਪੀਟਲਿਜ਼ਮ ਦੇ ਰਸਤੇ ਵਿਚ ਅੜਿੱਕਾ ਹਟਾਏ ਜਾਣ।

# ਸਰੀਰਕ ਅਸਮਰਥਾ ਅਤੇ ਵਿਗਿਆਨਕ ਸਮਰੱਥਾ ਦਾ ਨਿਰਾਲਾ ਜੋੜ ਸਟੀਫਨ ਹਾਕਿੰਗ

**ਰਾਜਪਾਲ ਸਿੰਘ**

ਬੀਤੇ ਦਿਨੀਂ ਬੁੱਧਵਾਰ 14 ਮਾਰਚ ਦੀ ਸਵੇਰ ਨੂੰ ਮੌਜੂਦਾ ਸਮਿਆਂ ਦੇ ਬਹੁਤ ਮਹਾਨ ਅਤੇ ਚਰਚਿਤ ਵਿਗਿਆਨੀ ਸਟੀਫਨ ਹਾਕਿੰਗ ਦਾ ਦੇਹਾਂਤ ਹੋ ਗਿਆ। ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਅਪਾਹਜ ਪਰ ਸਿਧਾਂਤਕ ਭੌਤਿਕ ਵਿਗਿਆਨ ` ਖੇਤਰ ਦੀ ਸਭ ਤੋਂ ਮੰਨੀ-ਪ੍ਰਮੰਨੀ ਇਹ ਹਸਤੀ ਆਪਣੇ ਜਿਉਂਦੇ ਜੀਅ ਹੀ ਇਕ ਦੰਤ ਕਥਾ ਬਣ ਚੁੱਕੀ ਸੀ। ਸ਼ਾਇਦ ਉਹ ਸਾਡੇ ਸਮਿਆਂ ਦਾ ਸਭ ਤੋਂ ਵੱਧ ਜਾਣਿਆ ਜਾਂਦਾ ਵਿਗਿਆਨੀ ਸੀ। ਪਹੀਆਂ ਵਾਲੀ ਕੁਰਸੀ ਦੇ ਉਪਰ ਇਕ ਪਾਸੇ ਨੂੰ ਟੇਢੀ ਹੋ ਕੇ ਡਿੱਗੇ ਪਏ ਸਿਰ ਦੇ ਅੰਦਰ ਉਹ ਵਿਸ਼ੇਸ਼ ਸਮਰੱਥਾ ਵਾਲਾ ਦਿਮਾਗ ਸੀ, ਜੋ ਇਸ ਵਿਸ਼ਾਲ ਬ੍ਰਹਿਮੰਡ ਦੇ ਭੇਦਾਂ ਨੂੰ ਖੋਲ੍ਹਣ ਲਈ ਸਦਾ ਕਾਰਜਸ਼ੀਲ ਰਹਿੰਦਾ ਸੀ।

ਸਟੀਫਨ ਹਾਕਿੰਗ ਦੇ ਕੰਮ ਦਾ ਮੁੱਖ ਖੇਤਰ ਬ੍ਰਹਿਮੰਡ ਦੀ ਉਤਪਤੀ, ਇਸ ਦੇ ਵਿਕਾਸ ਅਤੇ ਇਸ ਦੇ ਭਵਿੱਖ ਨਾਲ ਸਬੰਧਤ ਵਿਰਾਟ ਸਵਾਲਾਂ ਨਾਲ ਸਬੰਧਤ ਰਿਹਾ। ਇਹਨਾਂ ਵਿਸ਼ਿਆਂ ਬਾਰੇ ਉਸ ਦੇ ਸਿਧਾਂਤਕ ਕੰਮ ਨੇ ਵਿਗਿਆਨ ਨੂੰ ਬਹੁਤ ਕੁਝ ਨਵਾਂ ਦਿੱਤਾ ਹੈ। ਉਦਾਹਰਣ ਵਜੋਂ ਬਲੈਕ ਹੋਲਜ਼ ਬਾਰੇ ਇਹ ਮੰਨਿਆ ਜਾਂਦਾ ਸੀ ਕਿ ਇਹਨਾਂ ਦੀ ਗੁਰੂਤਾ ਖਿੱਚ ਐਨੀ ਜ਼ਿਆਦਾ ਹੁੰਦੀ ਹੈ, ਇਹਨਾਂ ਵਿਚੋਂ ਕਿਸੇ ਵੀ ਕਿਸਮ ਦੀਆਂ ਕਿਰਨਾਂ ਜਾਂ ਪਦਾਰਥ ਦਾ ਕੋਈ ਰੂਪ ਬਾਹਰ ਨਹੀਂ ਨਿਕਲ ਸਕਦਾ, ਪਰ ਹਾਕਿੰਗ ਨੇ ਇਸ ਬਾਰੇ ਬਿਲਕੁਲ ਨਵੀਂ ਖੋਜ ਪੇਸ਼ ਕੀਤੀ ਕਿ ਬਲੈਕ ਹੋਲ ਵੀ ਵਿਕੀਰਣ ਛੱਡਦੇ ਹਨ ਅਤੇ ਆਖਰ ਖਤਮ ਹੋ ਜਾਂਦੇ ਹਨ। ਇਸ ਬਾਰੇ ਕਾਫੀ ਵਾਦ-ਵਿਵਾਦ ਚੱਲਿਆ ਪਰ ਜਲਦੀ ਹੀ ਵਿਗਿਆਨਕਾਂ ਦੀ ਬਹੁਗਿਣਤੀ ਨੇ ਇਸ ਸਿਧਾਂਤ ਨੂੰ ਠੀਕ ਮੰਨਿਆ ਅਤੇ ਇਹਨਾਂ ਵਿਕੀਰਣਾਂ ਨੂੰ ਉਸ ਦੇ ਨਾਂਅ ਉਤੇ 'ਹਾਕਿੰਗ ਰੇਡੀਏਸ਼ਨਜ਼' ਕਿਹਾ ਜਾਣ ਲੱਗਾ। ਉਸ ਨੇ ਬ੍ਰਹਿਮੰਡ ਦੀ ਸਮੇਂ ਅਤੇ ਸਥਾਨ ਵਿਚ ਅਨੰਤਤਾ ਨੂੰ ਸਿਧਾਂਤਕ ਤੌਰ 'ਤੇ ਹੋਰ ਵਿਕਸਤ ਕੀਤਾ, ਜਿਸ ਲਈ ਉਸ ਨੇ ਆਈਨਸਟਾਈਨ ਦੇ ਸਪੇਖਤਾ ਸਿਧਾਂਤ ਅਤੇ ਕੁਆਂਟਮ ਮਕੈਨਿਕਸ ਦਾ ਸੁਮੇਲ ਕੀਤਾ। ਉਸ ਦੀ ਖੋਜ ਦੇ ਵਿਸ਼ੇ ਚਾਹੇ ਭੌਤਿਕ ਵਿਗਿਆਨ ਦੇ ਬਹੁਤ ਗੰਭੀਰ ਮੁੱਦਿਆਂ ਨਾਲ ਸਬੰਧਤ ਸਨ, ਪਰ ਉਹ ਇਹਨਾਂ ਨਾਲ ਸਬੰਧਤ ਜਾਣਕਾਰੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਵੀ ਯਤਨਸ਼ੀਲ ਰਿਹਾ ਤੇ ਇਸ ਵਿਚ ਸਫਲ ਵੀ ਰਿਹਾ। ਉਸ ਦੀ ਆਮ ਲੋਕਾਂ ਲਈ ਲਿਖੀ ਵਿਗਿਆਨ ਦੀ ਪੁਸਤਕ 'ਸਮੇਂ ਦਾ ਸੰਖੇਪ ਇਤਿਹਾਸ' ਦੁਨੀਆਂ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਵਿਚ ਸ਼ਾਮਲ ਰਹੀ ਹੈ। ਭੌਤਿਕ ਵਿਗਿਆਨ ਦੇ ਰੁੱਖੇ ਜਾਣੇ ਜਾਂਦੇ ਵਿਸ਼ੇ ਨਾਲ ਸਬੰਧਤ ਇਹ ਕਿਤਾਬ 40 ਭਾਸ਼ਾਵਾਂ ਵਿਚ ਅਨੁਵਾਦ ਹੋ ਕੇ 90 ਲੱਖ ਦੀ ਗਿਣਤੀ ਵਿਚ ਵਿਕ ਚੁੱਕੀ ਹੈ। ਇਸ ਤੋਂ ਇਲਾਵਾ ਉਸ ਨੇ 'ਬ੍ਰਹਿਮੰਡ ਦਾ ਸਾਰਾਂਸ਼' ਵਰਗੀਆਂ ਹੋਰ ਪੁਸਤਕਾਂ ਵੀ ਲਿਖੀਆਂ ਜੋ ਆਮ ਲੋਕਾਂ ਵਿਚ ਕਾਫੀ ਹਰਮਨ ਪਿਆਰੀਆਂ ਹੋਈਆਂ। ਵਿਗਿਆਨ ਦੇ ਖੇਤਰ ਵਿਚ ਉਸ ਦੀਆਂ ਪ੍ਰਾਪਤੀਆਂ ਤਾਂ ਵੱਡੀਆਂ ਹਨ, ਪਰ ਇਸ ਤੋਂ ਵੱਧ ਜ਼ਿਕਰਯੋਗ ਹਨ ਉਸ ਦੀਆਂ ਉਹ ਸਰੀਰਕ ਹਾਲਤਾਂ, ਜਿਹਨਾਂ ਦਾ ਟਾਕਰਾ ਕਰਦੇ ਹੋਏ ਉਸ ਨੇ ਇਹ ਪ੍ਰਾਪਤੀਆਂ ਕੀਤੀਆਂ। ਪਿਛਲੇ 45 ਸਾਲ ਤੋਂ ਉਹ ਨਾਂ ਸਿਰਫ ਚੱਲਣ-ਫਿਰਨ, ਸਿਰ ਚੁੱਕਣ ਜਾਂ ਖੁਦ ਖਾ-ਪੀ ਸਕਣ ਤੋਂ ਅਸਮਰੱਥ ਸੀ, ਸਗੋਂ ਉਹ ਬੋਲ ਵੀ ਨਹੀਂ ਸਕਦਾ ਸੀ, ਪਰ ਜਿੱਥੇ ਉਸ ਨੇ ਵਿਗਿਆਨਕ ਖੇਤਰ ਵਿਚ ਮਹਾਨ ਸਿਧਾਂਤਾਂ ਦਾ ਯੋਗਦਾਨ ਪਾਇਆ ਹੈ, ਉਥੇ ਵਿਗਿਆਨ ਨੇ ਵੀ ਉਸ ਦੀ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ। ਉਸ ਦੀ ਹਰ ਸਮੇਂ ਦੀ ਸਾਥੀ ਵੀਲ੍ਹ ਚੇਅਰ (ਪਹੀਆਂ ਵਾਲੀ ਕੁਰਸੀ) ਉਸ ਦੀ ਸਿਰਫ ਚੱਲਣ, ਫਿਰਨ ਦੀ ਹੀ ਸਹਿਯੋਗੀ ਨਹੀਂ ਸੀ, ਬਲਕਿ ਉਸ 'ਤੇ ਫਿੱਟ ਕੀਤਾ ਕੰਪਿਊਟਰ ਉਸ ਦੇ ਵਿਚਾਰਾਂ ਨੂੰ ਆਵਾਜ਼ ਵੀ ਦਿੰਦਾ ਸੀ ਅਤੇ ਇਸੇ ਕੰਪਿਊਟਰ ਵਿਚਲੇ ਇੰਟਰਨੈਟ ਰਾਹੀਂ ਉਹ ਸਾਰੀ ਦੁਨੀਆਂ ਵਿਚ ਹੋ ਰਹੀਆਂ ਖੋਜਾਂ/ਘਟਨਾਵਾਂ ਨਾਲ ਵਾਬਸਤਾ ਰਹਿੰਦਾ ਸੀ ਅਤੇ ਹੋਰ ਵਿਗਿਆਨੀਆਂ ਜਾਂ ਲੋਕਾਂ ਨਾਲ ਸੰਪਰਕ ਰੱਖਦਾ ਰਿਹਾ। ਉਸ ਦੇ ਕੰਪਿਊਟਰ ਨਾਲ ਵਿਸ਼ੇਸ਼ ਰਿਮੋਟ ਕੰਟਰੋਲ ਸਿਸਟਮ ਵੀ ਜੁੜੇ ਹੋਏ ਸਨ, ਜਿਹਨਾਂ ਨਾਲ ਉਹ ਘਰ ਵਿਚਲੇ ਟੈਲੀਵਿਜ਼ਨ ਅਤੇ ਮਿਊਜ਼ਿਕ ਸਿਸਟਮ ਨੂੰ ਚਲਾਉਣ ਤੋਂ ਲੈ ਕੇ ਬੂਹੇ-ਬਾਰੀਆਂ ਖੋਲ੍ਹਣ ਅਤੇ ਲਾਈਟਾਂ ਜਗਾਉਣ, ਬੁਝਾਉਣ ਵਰਗੇ ਕੰਮ ਖੁਦ ਕਰ ਲੈਂਦਾ ਸੀ। 8 ਜਨਵਰੀ 1942 ਨੂੰ ਜਨਮੇ ਸਟੀਫਨ ਹਾਕਿੰਗ ਵਿਚ ਇਸ ਬਿਮਾਰੀ ਦੇ ਲੱਛਣ ਉਸ ਦੇ ਆਕਸਫੋਰਡ ਕਾਲਜ ਵਿਚ ਪੜ੍ਹਨ ਦੇ ਤੀਜੇ ਸਾਲ ਹੀ ਪ੍ਰਗਟ ਹੋ ਗਏ ਸਨ, ਜਦ ਉਹ ਕਈ ਵਾਰ ਬਿਨਾਂ ਕਿਸੇ ਕਾਰਨ ਹੀ ਡਿੱਗ ਪੈਂਦਾ ਸੀ। 21 ਸਾਲ ਦੀ ਉਮਰ ਵਿਚ ਉਸ ਨੂੰ ਡਾਕਟਰਾਂ ਨੂੰ ਦਿਖਾਇਆ ਗਿਆ, ਜਿੱਥੇ ਬਹੁਤ ਸਾਰੇ ਟੈਸਟ ਬਾਅਦ ਪਤਾ ਲੱਗਿਆ ਕਿ ਉਸ ਨੂੰ ਇਕ ਵਿਲੱਖਣ ਜਿਹੀ ਬਿਮਾਰੀ (ਮੋਟਰ ਨੂਰਾਨ ਡੀਜ਼ੀਜ਼) ਹੈ, ਜਿਸ ਦਾ ਇਲਾਜ ਸੰਭਵ ਨਹੀਂ ਹੈ। ਬਾਅਦ ਵਿਚ ਉਸ ਦੀ ਬਿਮਾਰੀ ਨੂੰ ਏ. ਐਲ. ਐਸ. ਵਜੋਂ ਜਾਣਿਆ ਜਾਣ ਲੱਗਾ। ਉਸ ਵਕਤ ਇਹੀ ਸੋਚਿਆ ਗਿਆ ਕਿ ਸਟੀਫਨ ਹੁਣ ਬਹੁਤੀ ਦੇਰ ਜ਼ਿੰਦਾ ਨਹੀਂ ਰਹੇਗਾ। ਡਾਕਟਰਾਂ ਦਾ ਵੀ ਕਹਿਣਾ ਸੀ ਕਿ ਉਹ ਦੋ ਕੁ ਸਾਲ ਹੀ ਜਿਉਂਦਾ ਰਹੇਗਾ। ਇਹ ਜਾਣ ਲੈਣਾ ਕਿ ਹੁਣ ਉਸ ਦੀ ਹਾਲਤ ਖਰਾਬ ਹੀ ਹੁੰਦੀ ਜਾਣੀ ਹੈ ਅਤੇ ਕੁਝ ਸਾਲਾਂ ਵਿਚ ਹੀ ਉਸ ਦੀ ਮੌਤ ਹੋ ਜਾਣੀ ਹੈ, ਸਪੱਸ਼ਟ ਤੌਰ 'ਤੇ ਉਸ ਲਈ ਬਹੁਤ ਵੱਡਾ ਮਾਨਸਿਕ ਧੱਕਾ ਸੀ, ਪਰ ਜਲਦੀ ਹੀ ਉਹ ਇਸ ਮਾਨਸਿਕ ਸਥਿਤੀ ਵਿਚੋਂ ਉਭਰਨ ਲੱਗਾ।



ਉਸ ਦੇ ਆਪਣੇ ਸ਼ਬਦਾਂ ਵਿਚ, ''ਜਦ ਮੈਂ ਹਸਪਤਾਲ ਵਿਚ ਸੀ ਤਾਂ ਉਥੇ ਮੈਂ ਇਕ ਲੜਕੇ ਨੂੰ ਬਲੱਡ ਕੈਂਸਰ ਨਾਲ ਮਰਦੇ ਹੋਏ ਦੇਖਿਆ। ਇਹ ਕੋਈ ਚੰਗਾ ਦ੍ਰਿਸ਼ ਨਹੀਂ ਸੀ। ਸਾਫ ਸੀ ਕਿ ਕੁਝ ਲੋਕ ਮੇਰੇ ਨਾਲੋਂ ਵੀ ਮਾੜੀ ਹਾਲਤ ਵਿਚ ਸਨ। ਜਦ ਮੈਂ ਆਪਣੇ ਬਾਰੇ ਦੁਖੀ ਹੋਣ ਲੱਗਦਾ ਤਾਂ ਮੈਂ ਉਸ ਲੜਕੇ ਨੂੰ ਯਾਦ ਕਰ ਲੈਂਦਾ।''

''ਡਾਕਟਰਾਂ ਨੇ ਮੈਨੂੰ ਕੈਂਬਰਿਜ ਵਾਪਸ ਜਾ ਕੇ ਆਪਣੀ ਖੋਜ ਵਿਚ ਰੁੱਝਣ ਲਈ ਕਿਹਾ। ਇਸ ਗੱਲ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਸੀ ਕਿ ਮੇਰੀ ਬਿਮਾਰੀ ਕਿੰਨੀ ਤੇਜ਼ੀ ਨਾਲ ਵਧੇਗੀ, ਪਰ ਮੈਂ ਆਪਣੇ ਖੋਜ-ਕਾਰਜ ਨੂੰ ਅੱਗੇ ਵਧਾਉਣ ਲੱਗਾ। ਇਸੇ ਦੌਰਾਨ ਮੇਰੀ ਜ਼ਿੰਦਗੀ ਵਿਚ ਇਕ ਕੁੜੀ ਜੇਨ ਵਿਲਡੇ ਆਈ, ਜਿਸ ਨਾਲ ਮੇਰੀ ਮੰਗਣੀ ਹੋ ਗਈ। ਇਸ ਨੇ ਮੇਰੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਮੈਨੂੰ ਫੈਲੋਸ਼ਿਪ ਮਿਲ ਗਈ ਅਤੇ ਜੁਲਾਈ 1965 ਵਿਚ ਅਸੀਂ ਵਿਆਹ ਕਰਵਾ ਲਿਆ।'' (ਇਸ ਵਿਆਹ ਤੋਂ ਉਸ ਦੇ 3 ਬੱਚੇ ਵੀ ਹਨ) ਅਸਲ ਵਿਚ ਇਕ ਚੰਗੀ ਗੱਲ ਇਹ ਹੋਈ ਕਿ ਉਸ ਦੀ ਬਿਮਾਰੀ ਅੰਦਾਜ਼ੇ ਨਾਲੋਂ ਬਹੁਤ ਧੀਮੀ ਰਫ਼ਤਾਰ ਨਾਲ ਵਧੀ। ਉਸ ਅਨੁਸਾਰ, 'ਮੈਂ ਖੁਸ਼ਕਿਸਮਤ ਸਾਂ ਕਿ ਮੇਰੀ ਬਿਮਾਰੀ ਅਤੇ ਅਪਾਹਜ ਪੁਣਾ ਜਿਵੇਂ-ਜਿਵੇਂ ਵਧਦਾ ਗਿਆ, ਉਸ ਦੇ ਨਾਲ-ਨਾਲ ਹੀ ਮੇਰਾ ਵਿਗਿਆਨੀ ਵਜੋਂ ਰੁਤਬਾ ਅਤੇ ਪ੍ਰਾਪਤੀਆਂ ਵੀ ਵਧਦੀਆਂ ਗਈਆਂ।''

1974 ਤੱਕ (ਭਾਵ 32 ਸਾਲ ਦੀ ਉਮਰ ਤੱਕ) ਉਹ ਖੁਦ ਖਾ-ਪੀ ਸਕਦਾ ਸੀ ਅਤੇ ਬਿਸਤਰੇ ਵਿਚ ਆਪੇ ਉਠ ਬੈਠ ਸਕਦਾ ਸੀ। ਉਸ ਦੀ ਘਰਵਾਲੀ ਜੇਨ ਦੀ ਸਹਾਇਤਾ ਨਾਲ ਕੰਮ ਚੱਲੀ ਜਾਂਦਾ ਸੀ, ਪਰ ਇਸ ਤੋਂ ਬਾਅਦ ਉਸ ਦੀ ਸਰੀਰਕ ਹਾਲਤ ਵਧੇਰੇ ਵਿਗੜ ਗਈ ਅਤੇ ਫਿਰ ਉਸ ਦੇ ਵਿਦਿਆਰਥੀ ਉਸ ਦੀ ਦੇਖਭਾਲ ਵਿਚ ਮਦਦ ਕਰਨ ਲੱਗੇ। 1985 ਵਿਚ ਉਸ ਨੂੰ ਨਮੂਨੀਆ ਹੋ ਗਿਆ, ਜਿਸ ਕਾਰਨ ਉਸ ਦੀ ਸਾਹ ਨਲੀ ਦਾ ਅਪਰੇਸ਼ਨ ਕਰਨਾ ਪਿਆ। ਇਸ ਅਪਰੇਸ਼ਨ ਨਾਲ ਉਸ ਦੀ ਆਵਾਜ਼ ਵੀ ਪੂਰੀ ਤਰ੍ਹਾਂ ਖਤਮ ਹੋ ਗਈ। ਚਾਹੇ ਇਸ ਅਪਰੇਸ਼ਨ ਤੋਂ ਪਹਿਲਾਂ ਵੀ ਉਸ ਦੀ ਆਵਾਜ਼ ਵਿਚ ਬਹੁਤ ਖਰਾਬੀ ਆ ਚੁੱਕੀ ਸੀ ਅਤੇ ਉਸ ਦੇ ਕਹੇ ਸ਼ਬਦਾਂ ਨੂੰ ਉਸ ਦੇ ਨੇੜਲੇ ਸੰਗੀ ਹੀ ਸਮਝ ਸਕਦੇ ਸਨ ਪਰ ਇਸ ਘਟਨਾ ਨੇ ਤਾਂ ਗੱਲ ਬਿਲਕੁਲ ਹੀ ਸਿਰੇ ਲਾ ਦਿੱਤੀ। ਲਿਖਣ ਤੋਂ ਉਹ ਪਹਿਲਾਂ ਹੀ ਅਸਮਰੱਥ ਹੋ ਚੁੱਕਾ ਸੀ। ਸੋ ਉਸ ਦੇ ਦਿਮਾਗ ਵਿਚ ਉਪਜ ਰਹੇ ਕੀਮਤੀ ਵਿਗਿਆਨਕ ਸਿਧਾਂਤਾਂ ਨੂੰ ਹੋਰ ਵਿਗਿਆਨਕਾਂ ਤੀਕ ਪਹੁੰਚਾਉਣ ਦਾ ਰਸਤਾ ਬੰਦ ਹੁੰਦਾ ਜਾਪਿਆ। ਆਖਿਰ ਵਿਗਿਆਨ ਹੀ ਫਿਰ ਇਸ ਮਹਾਨ ਵਿਗਿਆਨੀ ਦੀ ਮਦਦ 'ਤੇ ਆਇਆ। ਕੈਲੇਫੋਰਨੀਆ ਦੇ ਇਕ ਕੰਪਿਊਟਰ ਮਾਹਿਰ ਨੇ ਉਸ ਦੀ ਇਸ ਹਾਲਤ ਬਾਰੇ ਸੁਣਿਆ ਤਾਂ ਉਸ ਦੇ ਇਸ ਮਸਲੇ ਦੇ ਹੱਲ ਲਈ ਇਕ ਵਿਸ਼ੇਸ਼ ਕੰਪਿਊਟਰ ਪ੍ਰੋਗਰਾਮ ਬਣਾ ਕੇ ਉਸ ਨੂੰ ਭੇਜਿਆ। ਇਸ ਕੰਪਿਊਟਰ ਪ੍ਰੋਗਰਾਮ ਵਿਚ ਕੰਪਿਊਟਰ ਦੀ ਸਕਰੀਨ ਉਤੇ ਸ਼ਬਦ ਆਉਂਦੇ ਹਨ, ਜਿਹਨਾਂ ਵਿਚੋਂ ਉਹ ਆਪਣੇ ਹੱਥ ਵਿਚਲੀ ਇਕ ਸਵਿੱਚ ਰਾਹੀਂ ਲੋੜੀਂਦੇ ਸ਼ਬਦ ਸਿਲੈਕਟ ਕਰ ਲੈਂਦਾ ਹੈ ਅਤੇ ਫਿਰ ਉਹਨਾਂ ਸ਼ਬਦਾਂ ਤੋਂ ਫਿਕਰੇ ਬਣਾਏ ਜਾਂਦੇ ਹਨ, ਜੋ ਕੰਪਿਊਟਰ ਦੇ ਸਪੀਚ ਸਿੰਥੇਸਾਈਜ਼ਰ ਰਾਹੀਂ ਬੋਲ ਦਿੱਤੇ ਜਾਂਦੇ ਹਨ। ਇਸ ਯੰਤਰ ਨੇ ਉਸ ਦੇ ਦਿਮਾਗ ਵਿਚ ਪਏ ਗਿਆਨ ਨੂੰ ਹੋਰ ਵਿਅਕਤੀਆਂ ਨਾਲ ਸਾਂਝਾ ਕਰਨ ਦਾ ਰਾਹ ਮੁੜ ਖੋਲ੍ਹ ਦਿੱਤਾ। ਇਸ ਤਕਨੀਕ ਨੂੰ ਵਰਤਦੇ ਹੋਇਆਂ ਉਸ ਨੇ ਅਨੇਕਾਂ ਵਿਗਿਆਨਕ ਖੋਜ-ਪੱਤਰ ਅਤੇ ਕਿਤਾਬਾਂ ਲਿਖੀਆਂ ਅਤੇ ਭਾਸ਼ਣ ਦਿੱਤੇ। ਉਹ ਇਸ ਕੰਪਿਊਟਰ ਸਿਸਟਮ ਦੀ ਸਹਾਇਤਾ ਨਾਲ ਸਵਾਲਾਂ ਦੇ ਜਵਾਬ ਵੀ ਦਿੰਦਾ ਰਿਹਾ ਅਤੇ ਹੋਰ ਗੱਲਬਾਤ ਵੀ ਕਰ ਲੈਂਦਾ ਸੀ। (2005 ਵਿਚ ਉਸ ਦਾ ਹੱਥ ਵੀ ਕੰਮ ਕਰਨ ਤੋਂ ਖੜ੍ਹ ਗਿਆ, ਤਦ ਵਿਗਿਆਨੀਆਂ ਨੇ ਉਸ ਦੇ ਕੰਪਿਊਟਰ ਦਾ ਕੰਟਰੋਲ ਉਸ ਦੀ ਗੱਲ੍ਹ ਦੇ ਇਕ ਪੱਠੇ (ਚੀਕ ਮੱਸਲ) ਨਾਲ ਜੋੜ ਦਿੱਤਾ)। ਸਟੀਫਨ ਹਾਕਿੰਗ ਜਨਵਰੀ 2001 ਵਿਚ ਇਕ ਵਿਗਿਆਨਕ ਕਾਨਫਰੰਸ ਵਿਭਾਗ ਲੈਣ ਲਈ ਭਾਰਤ ਆਇਆ ਸੀ। ਇਸ ਯਾਤਰਾ ਦੌਰਾਨ ਉਸ ਤੋਂ ਇਕ ਪੱਤਰਕਾਰ ਦੁਆਰਾ ਇਹ ਪੁੱਛੇ ਜਾਣ 'ਤੇ ਕਿ ਉਹ ਆਪਣੀ ਬਿਮਾਰੀ ਬਾਰੇ ਕੀ ਮਹਿਸੂਸ ਕਰਦੇ ਹਨ ਤਾਂ ਹਾਕਿੰਗ ਦਾ ਉਤਰ ਸੀ- ''ਕੁਝ ਖਾਸ ਨਹੀਂ। ਮੈਂ ਜਿੰਨਾ ਵੀ ਸੰਭਵ ਹੋ ਸਕੇ, ਆਮ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਆਪਣੀ ਹਾਲਤ ਬਾਰੇ ਜ਼ਿਆਦਾ ਨਹੀਂ ਸੋਚਦਾ ਰਹਿੰਦਾ ਜਾਂ ਇਸ ਬਿਮਾਰੀ ਕਾਰਨ ਜੋ ਕੁਝ ਕਰ ਸਕਣ ਤੋਂ ਅਸਮਰੱਥ ਹਾਂ, ਉਸ ਦਾ ਪਛਤਾਵਾ ਨਹੀਂ ਕਰਦਾ ਰਹਿੰਦਾ। ਮੇਰੀ ਬਿਮਾਰੀ ਦੀ ਸ਼ਨਾਖਤ ਹੋਣ ਤੋਂ ਪਹਿਲਾਂ ਮੈਂ ਜ਼ਿੰਦਗੀ ਤੋਂ ਬਹੁਤ ਬੋਰੀਅਤ ਜਿਹੀ ਮਹਿਸੂਸ ਕਰਦਾ ਸੀ, ਪਰ ਜਲਦੀ ਮੌਤ ਹੋ ਜਾਣ ਦੀ ਸੰਭਾਵਨਾ ਨੇ ਮੇਰੇ ਦਿਮਾਗ ਨੂੰ ਬੜੇ ਸ਼ਾਨਦਾਰ ਢੰਗ ਨਾਲ ਇਕਾਗਰ ਕਰ ਦਿੱਤਾ।

ਮੈਨੂੰ ਅਹਿਸਾਸ ਹੋਇਆ ਕਿ ਜ਼ਿੰਦਗੀ ਕੀਮਤੀ ਹੈ ਅਤੇ ਮੇਰੇ ਲਈ ਬਹੁਤ ਕੁਝ ਕਰਨ ਵਾਲਾ ਹੈ। ਜਿੱਥੋਂ ਤੱਕ ਮੇਰੇ ਕੰਮ ਦਾ ਸਵਾਲ ਹੈ, ਮੈਂ ਕਹਿ ਸਕਦਾ ਹਾਂ ਕਿ ਆਪਣੇ ਕੰਮ ਤੋਂ ਸੰਤੁਸ਼ਟੀ ਮਹਿਸੂਸ ਕਰਦਾ ਹਾਂ। ਮੈਂ ਬਿਨਾਂ ਸ਼ੱਕ ਇਹ ਵੀ ਕਹਿ ਸਕਦਾ ਹਾਂ ਕਿ ਮੈਂ ਆਪਣੀ ਇਹ ਹਾਲਤ ਸ਼ੁਰੂ ਹੋਣ ਤੋਂ ਪਹਿਲਾਂ ਵਾਲੇ ਸਮੇਂ ਨਾਲੋਂ ਵਧੇਰੇ ਖੁਸ਼ ਹਾਂ।''

ਸਾਰੇ ਮਹਾਨ ਵਿਗਿਆਨੀਆਂ ਵਾਂਗ ਉਸ ਵਿਚ ਆਪਣੀ ਕਿਸੇ ਧਾਰਣਾ ਦੇ ਗਲਤ ਸਿੱਧ ਹੋਣ ਦੀ ਹਾਲਤ ਵਿਚ ਆਪਣੀ ਗਲਤੀ ਨੂੰ ਖਿੜੇ ਮੱਥੇ ਮੰਨਣ ਅਤੇ ਨਵੇਂ ਸਬੂਤਾਂ ਦੀ ਰੋਸ਼ਨੀ ਵਿਚ ਉਸ ਨੂੰ ਸੁਧਾਰ ਲੈਣ ਦੀ ਖੂਬੀ ਵੀ ਮੌਜੂਦ ਸੀ। ਜਿਵੇਂ ਕਿ ਹਿਗਜ਼-ਬੋਸਾਨ ਕਣਾਂ ਦੀ ਹੋਂਦ ਬਾਰੇ ਉਸ ਦਾ ਵਿਗਿਆਨੀ ਪੀਟਰ ਹਿਗਜ਼ ਨਾਲ ਜ਼ਬਰਦਸਤ ਵਾਦ-ਵਿਵਾਦ ਹੋਇਆ, ਪਰ ਜਦ 2012 ਵਿਚ ਇਕ ਵੱਡੇ ਪ੍ਰਯੋਗ ਦੌਰਾਨ ਇਹ ਕਣ ਲੱਭ ਲਏ ਗਏ ਤਾਂ ਸਟੀਫਨ ਹਾਕਿੰਗ ਨੇ ਤੁਰੰਤ ਮੰਨ ਲਿਆ ਕਿ ਉਹ ਗਲਤ ਸੀ ਅਤੇ ਉਸ ਨੇ ਪੀਟਰ ਹਿਗਜ਼ ਨੂੰ ਭੌਤਿਕ ਵਿਗਿਆਨ ਦਾ ਨੋਬਲ ਇਨਾਮ ਦਿੱਤੇ ਜਾਣ ਦੀ ਵੀ ਵਕਾਲਤ ਕੀਤੀ।

ਇਹੀ ਵਿਗਿਆਨਕ ਪਹੁੰਚ ਹੁੰਦੀ ਹੈ ਕਿ ਆਪਣੀਆਂ ਧਾਰਨਾਵਾਂ ਕੱਟੜ ਨਾ ਬਣਾਓ, ਬਲਕਿ ਆਪਣੇ ਵਿਚਾਰਾਂ ਨੂੰ ਨਵੇਂ ਤੱਥਾਂ ਦੀ ਰੌਸ਼ਨੀ ਵਿਚ ਲਗਾਤਾਰ ਸੁਧਾਰਦੇ ਜਾਓ।

ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਅਪਾਹਜ ਹੋਣ ਅਤੇ ਦਿਮਾਗੀ ਤੌਰ 'ਤੇ ਭੌਤਿਕ ਵਿਗਿਆਨ ਦੇ ਉੱਚ ਪੱਧਰੀ ਸਿਧਾਂਤਾਂ ਵਿਚ ਰੁੱਝੇ ਰਹਿਣ ਦੇ ਬਾਵਜੂਦ ਸਟੀਫਨ ਹਾਕਿੰਗ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਤੋਂ ਨਿਰਲੇਪ ਨਹੀਂ ਸੀ ਰਹਿੰਦਾ।

ਬ੍ਰਿਟੇਨ ਵਿਚ ਉਹ ਲੇਬਰ ਪਾਰਟੀ ਦਾ ਪੱਕਾ ਸਮਰਥਕ ਸੀ। 1968 ਵਿਚ ਉਹ ਵੀਅਤਨਾਮ ਜੰਗ ਦੇ ਖਿਲਾਫ ਪ੍ਰਦਰਸ਼ਨ ਵਿਚ ਸ਼ਾਮਲ ਹੋਇਆ। ਉਸ ਨੇ ਇਰਾਕ ਵਿਚ ਅਮਰੀਕੀ ਦਖਲ-ਅੰਦਾਜ਼ੀ ਨੂੰ ਜੰਗੀ ਅਪਰਾਧ ਕਰਾਰ ਦਿੱਤਾ। ਉਹ ਸਾਰੀ ਜ਼ਿੰਦਗੀ ਪ੍ਰਮਾਣੂ ਹਥਿਆਰਾਂ ਅਤੇ ਵਾਤਾਵਰਣੀ ਤਬਦੀਲੀਆਂ ਖਿਲਾਫ ਮੁਹਿੰਮਾਂ ਨੂੰ ਸਮਰਥਨ ਦਿੰਦਾ ਰਿਹਾ। ਉਸ ਦਾ ਕਹਿਣਾ ਸੀ ਕਿ ਆਲਮੀ ਤਪਸ਼ ਬਾਰੇ ਡੋਨਾਲਡ ਟਰੰਪ ਦੀਆਂ ਨੀਤੀਆਂ ਧਰਤੀ ਉਤਲੇ ਜੀਵਨ ਲਈ ਬਹੁਤ ਖਤਰਨਾਕ ਹਨ। ਵਾਤਾਵਰਣਿਕ ਤਬਦੀਲੀਆਂ ਦਾ ਖਤਰਾ ਬਹੁਤ ਵੱਡਾ ਹੈ, ਅਸੀਂ ਹੁਣੇ ਕੋਈ ਕਦਮ ਪੁੱਟ ਕੇ ਹੀ ਇਸ ਦੀ ਤਬਾਹੀ ਤੋਂ ਬਚ ਸਕਦੇ ਹਾਂ। ਵਾਤਾਵਰਣ ਬਾਰੇ ਪੈਰਿਸ ਸਮਝੌਤੇ ਤੋਂ ਪਿੱਛੇ ਹਟ ਕੇ ਟਰੰਪ ਸਾਡੀ ਸੁੰਦਰ ਧਰਤੀ, ਕੁਦਰਤੀ ਸੰਸਾਰ ਅਤੇ ਸਾਡੇ ਬੱਚਿਆਂ ਲਈ ਬਹੁਤ ਵੱਡਾ ਖਤਰਾ ਖੜ੍ਹਾ ਕਰ ਰਿਹਾ ਹੈ। ਵਿਗਿਆਨਕ ਸੋਚ 'ਤੇ ਖਰਾ ਉਤਰਨ ਵਾਲਾ ਸਟੀਫਨ ਹਾਕਿੰਗ ਆਪਣੀਆਂ ਮੁਲਾਕਾਤਾਂ ਵਿਚ ਧਰਮ ਅਤੇ ਰੱਬ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਦਾ ਰਿਹਾ। ਉਹ ਕਹਿੰਦਾ ਹੈ, ''ਮੈਂ ਧਾਰਮਿਕ ਨਹੀਂ ਹਾਂ, ਕਿਉਂਕਿ ਮੈਨੂੰ ਪਤਾ ਹੈ ਕਿ ਸੰਸਾਰ ਵਿਗਿਆਨ ਦੇ ਨਿਯਮਾਂ ਅਨੁਸਾਰ ਹੀ ਚਲਦਾ ਹੈ।

ਜਦ ਵਿਗਿਆਨ ਵਿਕਸਤ ਨਹੀਂ ਸੀ ਤਾਂ ਇਹ ਮੰਨਣਾ ਸੁਭਾਵਿਕ ਹੀ ਸੀ ਕਿ ਦੁਨੀਆ ਨੂੰ ਰੱਬ ਨੇ ਬਣਾਇਆ, ਪਰ ਹੁਣ ਵਿਗਿਆਨ ਨੇ ਇਸ ਬਾਰੇ ਤਸੱਲਬਖਸ਼ ਵਿਆਖਿਆ ਦੇ ਦਿੱਤੀ ਹੈ। ਨਾ ਹੀ ਕਿਸੇ ਨੇ ਇਸ ਦੁਨੀਆ ਨੂੰ ਬਣਾਇਆ ਹੈ ਅਤੇ ਨਾ ਹੀ ਕੋਈ ਸਾਡੀਆਂ ਜ਼ਿੰਦਗੀਆਂ ਨੂੰ ਕੰਟਰੋਲ ਕਰ ਰਿਹਾ ਹੈ। ਕਿਸੇ ਸਵਰਗ, ਨਰਕ ਜਾਂ ਮੌਤ ਬਾਅਦ ਜੀਵਨ ਦੀ ਕੋਈ ਹੋਂਦ ਨਹੀਂ ਹੈ, ਇਸ ਲਈ ਮੈਂ ਨਾਸਤਿਕ ਹਾਂ।''

ਉਸ ਦੇ 74ਵੇਂ ਜਨਮ ਦਿਨ ਉਪਰੰਤ ਉਸ ਦੀ ਬੇਟੀ ਲੂਸੀ ਹਾਕਿੰਗ ਨੇ ਲੰਡਨ ਦੇ ਰਾਇਲ ਇੰਸਟੀਚਿਊਟ ਵਿਖੇ ਸਟੀਫਨ ਹਾਕਿੰਗ ਦੇ ਜੀਵਨ ਬਾਰੇ ਬੋਲਦਿਆਂ ਕਿਹਾ, ''ਉਸ ਵਿਚ ਆਪਣੀਆਂ ਸਾਰੀਆਂ ਸਮਰੱਥਾਵਾਂ, ਆਪਣੀ ਸਾਰੀ ਉਰਜਾ ਅਤੇ ਆਪਣੀ ਸਾਰੀ ਬੌਧਿਕ ਸ਼ਕਤੀ ਨੂੰ ਆਪਣੇ ਨਿਸ਼ਾਨੇ 'ਤੇ ਲਗਾ ਦੇਣ ਦੀ ਰਸ਼ਕ ਕਰਨ ਯੋਗ ਇੱਛਾ-ਸ਼ਕਤੀ ਹੈ, ਪਰ ਇਹ ਸਿਰਫ ਆਪਣੇ-ਆਪ ਨੂੰ ਜਿਉਂਦੇ ਰੱਖਣ ਲਈ ਨਹੀਂ, ਸਗੋਂ ਇਸ ਤੋਂ ਅੱਗੇ ਵਿਲੱਖਣ ਕੰਮ ਕਰਨ ਲਈ ਹੈ, ਜਿਵੇਂ ਪੁਸਤਕਾਂ ਲਿਖਣਾ, ਭਾਸ਼ਣ ਦੇਣਾ, ਸਰੀਰਕ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਉਤਸ਼ਾਹਿਤ ਕਰਨ ਵਰਗੇ ਕਾਰਜ ਲਈ।''

ਮਾਈਕ੍ਰੋਸਾਫਟ ਦੇ ਮੁਖੀ ਸਤਿਆ ਨਾਡੇਲਾ ਨੇ ਉਸ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ, ''ਅੱਜ ਅਸੀਂ ਇਕ ਮਹਾਨ ਇਨਸਾਨ ਗੁਆ ਲਿਆ ਹੈ।

ਸਟੀਫਨ ਹਾਕਿੰਗ ਵਿਗਿਆਨ ਪ੍ਰਤੀ ਆਪਣੀ ਸ਼ਾਨਦਾਰ ਦੇਣ ਲਈ ਯਾਦ ਕੀਤਾ ਜਾਂਦਾ ਰਹੇਗਾ, ਉਸ ਨੇ ਗੁੰਝਲਦਾਰ ਵਿਗਿਆਨਕ ਸਿਧਾਂਤਾਂ ਅਤੇ ਸੰਕਲਪਾਂ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਲਿਆਂਦਾ। ਆਪਣੀਆਂ ਸਰੀਰਕ ਮੁਸ਼ਕਿਲਾਂ ਦੇ ਬਾਵਜੂਦ ਬ੍ਰਹਿਮੰਡ ਦੀ ਸੰਪੂਰਨ ਸਮਝ ਹਾਸਲ ਕਰਨ ਲਈ ਉਸ ਦੀ ਅਥਾਹ ਤਲਾਸ਼ ਅਤੇ ਉਤਸ਼ਾਹੀ ਭਾਵਨਾ ਲਈ ਵੀ ਉਸ ਨੂੰ ਯਾਦ ਕੀਤਾ ਜਾਂਦਾ ਰਹੇਗਾ।''

# ਐਸ.ਸੀ/ ਐਸ.ਟੀ.ਐਕਟ ਨੂੰ ਕਮਜ਼ੋਰ ਕਰਨਾ ਗਲਤ



**ਵਿਨੋਦ ਕੁਮਾਰ ਚੁੰਬਰ**

ਬੜੇ ਦੁੱਖ ਦੀ ਗੱਲ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ ਐਸ. ਸੀ./ਐਸ. ਟੀ. ਵਰਗਾਂ ਦੀ ਸੁਰੱਖਿਆ ਲਈ ਬਣਾਇਆ ਹੋਇਆ ਕਾਨੂੰਨ ਜੋ ਕਿ ਅੰਬੇਡਕਰ ਸਾਹਿਬ ਨੇ 1950 ਵਿਚ ਲਾਗੂ ਕਰਵਾਇਆ ਸੀ, ਖਤਮ ਕਰ ਦਿੱਤਾ ਗਿਆ ਹੈ। ਇਸਦਾ ਸਿੱਧਾ ਅਸਰ ਦਲਿਤ ਕੌਮ ਦੇ ਲੋਕਾਂ 'ਤੇ ਪੈਂਦਾ ਹੈ। ਭਾਰਤ ਸਰਕਾਰ ਪਹਿਲਾਂ ਹੀ ਬਹੁਤ ਸਾਰੇ ਦਲਿਤ, ਪੱਛੜੀਆਂ ਸ਼੍ਰੇਣੀਆਂ ਦੇ ਅਧਿਕਾਰਾਂ ਨੂੰ ਲਾਗੂ ਨਹੀਂ ਕਰ ਰਹੀ। ਡਰ ਹੈ ਕਿ ਜੇਕਰ ਇਹ ਮਨੂੰਵਾਦੀ ਸਰਕਾਰਾਂ ਇਸੇ ਤਰ੍ਹਾਂ ਡਾ. ਅੰਬੇਡਕਰ ਦਾ ਲਿਖਿਆ ਸੰਵਿਧਾਨ ਬਦਲ ਜਾਣਗੀਆਂ। ਤੇ ਉਹ ਦਿਨ ਦੂਰ ਨਹੀਂ।

ਕੀ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਤਹਿਸ-ਨਹਿਸ ਹੋ ਜਾਵੇਗੀ। ਜਿਸ ਹਿੰਦੂਵਾਦ ਨੇ ਸਦੀਆਂ ਤੋਂ ਭਾਰਤ ਵਿਚ ਜਾਤ-ਪਾਤ ਦੇ ਬੀਜ ਬੀਜੇ ਹਨ, ਉਹ ਇੱਕੀਵੀਂ ਸਦੀ ਵਿਚ ਵੀ ਜਾਰੀ ਰੱਖਣਾ ਚਾਹੁੰਦੇ ਹਨ। ਅੱਜ ਦੁਨੀਆਂ ਵਿਚ ਹਰ ਇਨਸਾਨ ਇਨਸਾਨੀਅਤ ਅਤੇ ਬਰਾਬਰੀ ਦੀ ਗੱਲ ਕਰਦਾ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਦੇ ਲਿਖੇ ਹੋਏ ਸੰਵਿਧਾਨ ਦੇ ਕਾਰਨ ਹੀ ਭਾਰਤ ਇਸ ਮੁਕਾਮ 'ਤੇ ਪਹੁੰਚਿਆ ਹੈ। ਜੇਕਰ ਉਹਨਾਂ ਨੇ ਦਲਿਤ ਸਮਾਜ ਅਤੇ ਔਰਤਾਂ ਦੇ ਅਧਿਕਾਰਾਂ ਲਈ ਸੰਘਰਸ਼ ਨਾ ਕੀਤਾ ਹੁੰਦਾ ਤਾਂ ਅੱਜ ਭਾਰਤ ਨਰਕ ਹੁੰਦਾ। ਭਾਰਤ ਦੀ ਹਰ ਇਸਤਰੀ ਨੂੰ ਹਿੰਦੂ ਕੋਡ ਬਿਲ ਪੜ੍ਹਨਾ ਚਾਹੀਦਾ ਹੈ ਕਿ ਉਹਨਾਂ ਨੂੰ ਪਤਾ ਚੱਲੇ ਕਿ ਡਾ. ਅੰਬੇਡਕਰ ਜੀ ਦਾ ਉਹਨਾਂ ਦੇ ਜੀਵਨ ਲਈ ਕੀ ਯੋਗਦਾਨ ਹੈ।

ਭਾਰਤ ਵਿਚ ਪੈਦਾ ਹੋਏ ਹਰ ਇਨਸਾਨ, ਜਿਸਨੇ ਡਾ. ਅੰਬੇਡਕਰ ਦੇ ਲਿਖੇ ਸੰਵਿਧਾਨ ਦਾ ਫਾਇਦਾ ਲਿਆ ਹੈ, ਉਹਨਾਂ ਨੂੰ ਚਾਹੀਦਾ ਹੈ ਕਿ ਸੰਵਿਧਾਨ ਦੀ ਰੱਖਿਆ ਲਈ ਆਪਣੇ ਸਮਾਜ ਨਾਲ ਖੜ੍ਹੇ ਹੋਣ ਅਤੇ ਸਾਰਾ ਸਮਾਜ ਇਸ ਲਈ ਸਾਹਮਣੇ ਆਵੇ। ਸਾਰੀਆਂ ਕੌਮਾਂ ਨੂੰ ਬੇਨਤੀ ਹੈ ਕਿ ਭਾਰਤ ਦੇ ਸੰਵਿਧਾਨ ਦੀ ਸੁਰੱਖਿਆ ਕੀਤੀ ਜਾਵੇ, ਨਹੀਂ ਤਾਂ ਹਿੰਦੂਤਵ ਭਾਰਤ ਵਿਚ ਆਪਣੀਆਂ ਮਨ ਮਰਜ਼ੀਆਂ ਨਾਲ ਅੱਤਿਆਚਾਰ ਕਰੇਗਾ।

# ਬਾਲਗ਼ ਜੋੜਿਆਂ ਦੇ ਵਿਆਹ 'ਚ ਖਾਪ ਦੀ 'ਖੱਪ' ਗ਼ੈਰਕਾਨੂੰਨੀ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਅੰਤਰ-ਜਾਤੀ, ਅੰਤਰ-ਧਾਰਮਿਕ ਜਾਂ ਕਿਸੇ ਵੀ ਤਰ੍ਹਾਂ ਵਿਆਹੁਤਾ ਬੰਧਨ ਵਿਚ ਬੱਝਣ ਵਾਲੇ ਬਾਲਗਾਂ ਦੇ ਵਿਆਹ ਵਿੱਚ ਖਾਪ ਪੰਚਾਇਤਾਂ ਵਰਗੇ 'ਗੈਰਕਾਨੂੰਨੀ' ਸਮੂਹਾਂ ਦੇ ਦਖ਼ਲ ਨੂੰ 'ਬਿਲਕੁਲ ਗ਼ੈਰਕਾਨੂੰਨੀ' ਕਰਾਰ ਦਿੱਤਾ ਹੈ। ਆਪਣੇ ਵਿਆਹੁਤਾ ਰਿਸ਼ਤੇ ਕਾਰਨ ਖ਼ਤਰੇ ਦਾ ਸਾਹਮਣਾ ਕਰਨ ਵਾਲੇ ਅਜਿਹੇ ਜੋੜਿਆਂ ਨੂੰ ਭਾਰੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਅਜਿਹੀਆਂ ਦਖ਼ਲਅੰਦਾਜ਼ੀਆਂ ਰੋਕਣ ਲਈ ਕੁਝ ਸੇਧਾਂ ਵੀ ਤੈਅ ਕੀਤੀਆਂ ਹਨ। ਇਹ ਫ਼ੈਸਲਾ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ.ਐਮ. ਖਾਨਵਿਲਕਰ ਅਤੇ ਜਸਟਿਸ ਡੀ.ਵਾਈ. ਚੰਦਰਚੂੜ ਦੇ ਬੈਂਚ ਨੇ ਸੁਣਾਇਆ। ਬੈਂਚ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਇਸ ਵੱਲੋਂ ਤੈਅ ਸੇਧਾਂ ਇਸ ਸਬੰਧੀ ਅਦਾਲਤ ਵੱਲੋਂ ਢੁਕਵਾਂ ਕਾਨੂੰਨ ਬਣਾਏ ਜਾਣ ਤੱਕ ਅਮਲ ਵਿੱਚ ਰਹਿਣਗੀਆਂ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਐਨਜੀਓ ਸ਼ਕਤੀ ਵਾਹਿਨੀ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਉਤੇ ਆਇਆ ਹੈ, ਜਿਸ ਨੇ 2010 ਵਿੱਚ ਜੋੜਿਆਂ ਦੇ 'ਅਣਖ ਲਈ ਕਤਲਾਂ' ਖ਼ਿਲਾਫ਼ ਅਦਾਲਤ ਦੀ ਬੂਹਾ ਖੜਕਾਇਆ ਸੀ। ਬੈਂਚ ਨੇ ਇਸੇ ਮਹੀਨੇ ਪਟੀਸ਼ਨ 'ਤੇ ਸੁਣਵਾਈ ਮੁਕੰਮਲ ਕਰਦਿਆਂ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਜਦੋਂ ਦੋ ਬਾਲਗ ਆਪਸੀ ਸਹਿਮਤੀ ਨਾਲ ਵਿਆਹ ਕਰਾਉਂਦੇ ਹਨ ਤਾਂ ਕਿਸੇ ਰਿਸ਼ਤੇਦਾਰ ਜਾਂ ਹੋਰ ਤੀਜੀ ਧਿਰ ਨੂੰ ਇਸ ਵਿੱਚ ਦਖ਼ਲ ਜਾਂ ਧਮਕੀਆਂ ਦੇਣ ਜਾਂ ਹਿੰਸਾ ਕਰਨ ਦਾ ਕੋਈ ਹੱਕ ਨਹੀਂ ਹੈ। ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਵੀ ਅਦਾਲਤ ਨੂੰ ਕਿਹਾ ਸੀ ਕਿ ਅਜਿਹੇ ਖ਼ਤਰੇ ਦਾ ਸਾਹਮਣਾ ਕਰਨ ਵਾਲੇ ਜੋੜਿਆਂ ਨੂੰ ਰਾਜ ਸਰਕਾਰਾਂ ਨੇ ਸੁਰੱਖਿਆ ਮੁਹੱਈਆ ਕਰਾਉਣੀ ਚਾਹੀਦੀ ਹੈ। ਅਦਾਲਤ ਨੇ ਇਹ ਵੀ ਸਾਫ਼ ਸੰਕੇਤ ਦਿੱਤਾ ਕਿ 'ਖਾਪ ਪੰਚਾਇਤਾਂ' ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਮਹਿਜ਼ ਜਾਂ ਭਾਈਚਾਰੇ ਦੇ ਗਰੁੱਪਾਂ ਵਜੋਂ ਹੀ ਦੇਖਿਆ ਜਾਵੇਗਾ। ਅਣਖ ਲਈ ਕਤਲਾਂ ਨੂੰ ਸਮਾਜ ਲਈ 'ਭਿਆਨਕ' ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਇਸ ਸਬੰਧੀ ਰੋਕੂ, ਸੁਧਾਰਕ ਤੇ ਸਜ਼ਾਮੁਖੀ ਸੇਧਾਂ ਜਾਰੀ ਕੀਤੀਆਂ ਹਨ, ਜਿਨ੍ਹਾਂ ਵਿੱਚ ਖਾਪ ਪੰਚਾਇਤਾਂ ਦੀ ਅਜਿਹੇ ਮਾਮਲਿਆਂ ਵਿੱਚ ਗ਼ੈਰਕਾਨੂੰਨੀ ਇਕੱਤਰਤਾ ਨੂੰ ਵੀ ਠੱਲ੍ਹ ਪਾਉਣ ਦੀ ਗੱਲ ਕਹੀ ਗਈ ਹੈ।

# ਗੈਰ-ਕਾਨੂੰਨੀ ਪ੍ਰਵਾਸ, ਦਲਾਲਾਂ ਦਾ ਜਾਲ ਅਤੇ ਬੇਰੁਜ਼ਗਾਰੀ

**ਇਰਾਕ ਵਰਗਾ ਮੁਲਕ ਜਿਥੇ ਅਤੰਕ ਦਾ ਬੋਲਬਾਲਾ ਰਿਹਾ ਹੈ, ਉਸ ਇਲਾਕੇ ਵਿੱਚ ਵੀ ਭਾਰਤੀ ਲੋਕਾਂ ਦਾ ਮਜ਼ਬੂਰੀ ਵਿੱਚ ਪਹੁੰਚ ਜਾਣਾ ਜਾਂ ਦਲਾਲ ਏਜੰਟਾਂ ਵਲੋਂ ਪਹੁੰਚਾ ਦਿੱਤਾ ਜਾਣਾ, ਮਨੁੱਖੀ ਤਸਕਰੀ ਦੀ ਵੱਡੀ ਉਦਾਹਰਨ ਹੈ। ਮਨੁੱਖੀ ਤਸਕਰ ਪੂਰੇ ਦੇਸ਼ ਵਿੱਚ ਆਪਣਾ ਜਾਲ ਬਿਠਾਈ ਬੈਠੇ ਹਨ। ਨਿੱਤ ਦਿਹਾੜੇ ਏਜੰਟਾਂ ਵਲੋਂ ਲੋਕਾਂ ਨਾਲ ਠੱਗੀ-ਠੋਰੀ ਦੀਆਂ ਘਟਨਾਵਾਂ ਅਖਬਾਰੀ ਚਰਚਾ 'ਚ ਸੁਰਖੀਆਂ ਬਣਦੀਆਂ ਹਨ, ਜਿਹੜੀਆਂ ਅਮਰੀਕਾ ਕੈਨੇਡਾ 'ਚ ਨੌਜਵਾਨਾਂ ਨੂੰ ਪਹੁੰਚਾਉਣ ਲਈ ਲੱਖਾਂ ਦੀ ਹੋਈ ਠਗੀ ਦੀ ਦਾਸਤਾਨ ਬਿਆਨਦੀਆਂ ਹਨ। ਔਰਤਾਂ, ਲੜਕੀਆਂ ਨੂੰ ਅਰਬ ਦੇਸ਼ਾਂ 'ਚ ਘਰੇਲੂ ਨੌਕਰਾਣੀਆਂ ਵਜੋਂ ਭੇਜਣ ਅਤੇ ਮੁੜ ਉਥੇ ਉਹਨਾ ਨਾਲ ਹੁੰਦੇ ਅਣ ਮਨੁੱਖੀ ਵਰਤਾਰੇ ਦੀਆਂ ਖਬਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ। ਠੱਗ-ਕਿਸਮ ਦੇ ਏਜੰਟ ਨੌਜਵਾਨਾਂ ਨੂੰ ਵਿਦੇਸ਼ਾਂ 'ਚ ਪੱਕੀ ਰਿਹਾਇਸ਼ (ਪੀ ਆਰ) ਆਦਿ ਦਿਵਾਉਣ ਦੇ ਝਾਂਸੇ ਦੇ ਕੇ ਲੱਖਾਂ ਠਗਦੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਛੋਟੀ ਮੋਟੀ ਨੌਕਰੀ ਲਈ ਲੋਕਾਂ ਦਾ ਅਣਦਿਸਦੇ ਰਾਹਾਂ ਉਤੇ ਨਿਕਲ ਜਾਣਾ ਇਹ ਦਰਸਾਉਂਦਾ ਹੈ ਕਿ ਦੇਸ਼ ਭਾਰਤ ਵਿੱਚ ਅਸੰਗਿਠਤ ਖੇਤਰ ਵਿੱਚ ਰੁਜ਼ਗਾਰ ਦੇ ਹਾਲਤ ਕਿੰਨੇ ਭੈੜੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਦੇਸ਼ ਦੇ ਕੋਨੇ-ਕੋਨੇ ਦਲਾਲਾਂ ਦਾ ਇਸ ਕਿਸਮ ਦਾ ਤੰਤਰ ਵਿਛਿਆ ਹੋਇਆ ਹੈ ਕਿ ਜੋ ਉਹਨਾ ਨੂੰ ਝੂਠੇ ਦਿਲਾਸੇ ਦੇਕੇ, ਝੂਠ ਫਰੇਬ 'ਚ ਫਸਾ ਕੇ, ਜੋਖਮ ਭਰੇ ਇਲਾਕਿਆਂ ਵਿੱਚ ਭੇਜ ਦਿੰਦਾ ਹੈ। ਕਈ ਵੇਰ ਤਾਂ ਇਸ ਕਿਸਮ ਦੀ ਵਿਦੇਸ਼ ਯਾਤਰਾ ਉਹਨਾ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਕੀ ਕੋਈ 25 ਦਸੰਬਰ, 1996 ਨੂੰ ਵਾਪਰੇ "ਮਾਲਟਾ ਕਾਂਡ" ਨੂੰ ਭੁਲ ਸਕਦਾ ਹੈ, ਜਿਸ ਵਿੱਚ 283 ਨੌਜਵਾਨ, ਜਿਹੜੇ ਬੇੜੀ ਰਾਹੀਂ ਸਮੁੰਦਰ ਪਾਰ ਕਰਕੇ ਇਟਲੀ ਜਾ ਰਹੇ ਹਨ, ਸਮੁੰਦਰ ਵਿੱਚ ਹੀ ਡੁੱਬ ਮਰੇ ਸਨ।

ਰੋਟੀ ਕਮਾਉਣ ਗਏ 39 ਮਜ਼ਦੂਰ, ਜਿਸ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਇਰਾਕ ਵਿੱਚ ਆਈ ਐਸ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਇਹ ਇਕ ਇਹੋ ਜਿਹਾ ਦੁਖਾਂਤ ਹੈ ਜੋ ਚਾਰ ਸਾਲ ਪਹਿਲਾਂ ਵਾਪਰਿਆ ਪਰ ਇਸ ਘਟਨਾ ਦੀ ਪੁਸ਼ਟੀ ਹੁਣ ਹੋਈ ਹੈ। ਕੰਮ ਦੀ ਭਾਲ ਵਿੱਚ ਦੂਜੇ ਦੇਸ਼ ਜਾਕੇ ਸਮੂਹ ਵਿੱਚ ਅਤੰਕਵਾਦੀਆਂ ਦੇ ਹੱਥੀਂ ਮਾਰੇ ਜਾਣ ਤੋਂ ਵੱਡਾ ਦੁੱਖ ਹੋਰ ਕਿਹੜਾ ਹੋ ਸਕਦਾ ਹੈ, ਪਰੰਤੂ ਮੌਤ ਦੇ ਲਗਭਗ ਚਾਰ ਸਾਲ ਤੱਕ ਇਸਦਾ ਪਤਾ ਹੀ ਨਾ ਲੱਗਣਾ, ਹੋਰ ਵੀ ਦੁੱਖਦਾਈ ਹੈ। ਇਸ ਦੁਖਾਂਤ ਤੋਂ ਪੀੜਤ ਉਹਨਾ ਮਾਪਿਆਂ ਦੇ ਦੁੱਖ ਦੀ ਸਿਰਫ ਕਲਪਨਾ ਹੀ ਕੀਤੀ ਜਾ ਸਕਦੀ ਹੈ ਕਿ ਇਸ ਦੌਰਾਨ ਉਹਨਾ ਨਾਲ ਕਿਵੇਂ ਗੁਜਰੀ ਹੋਏਗੀ? ਕਿਵੇਂ ਕਦੇ ਆਸ, ਕਦੇ ਬੇਆਸ ਵਿੱਚ ਉਹਨਾ ਦਿਨ ਕਟੀ ਕੀਤੀ ਹੋਏਗੀ ਅਤੇ ਆਪਣੇ ਕਮਾਊ ਪੁੱਤਾਂ ਨੂੰ ਹੱਥੋਂ ਗੁਆਕੇ ਉਹਨਾ ਆਪਣੀ ਰੋਟੀ-ਰੋਜ਼ੀ ਦਾ ਹੀਲਾ-ਵਸੀਲਾ ਕਿਵੇਂ ਕੀਤਾ ਹੋਏਗਾ? ਇਹ ਮਾਰੇ ਗਏ ਲੋਕ 35000 ਰੁਪਏ ਮਹੀਨਾ ਦੀ ਨੌਕਰੀ ਲਈ ਇਰਾਕ ਗਏ ਸਨ।

ਇਹ ਘਟਨਾ ਚਾਰ ਸਾਲ ਪਹਿਲਾਂ ਮੂਸਲ ਵਿੱਚ ਵਾਪਰੀ। 40 ਭਾਰਤੀਆਂ ਵਿੱਚੋਂ ਇੱਕ ਵਿਅਕਤੀ ਇਸ ਘਟਨਾ ਵਿਚੋਂ ਬਚ ਗਿਆ। ਜਿਸਨੇ ਭਾਰਤ ਸਰਕਾਰ ਤੱਕ ਪਹੁੰਚ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਪਰ ਉਸ ਨੂੰ ਚੁੱਪ ਰਹਿਣ ਲਈ ਆਖਿਆ ਗਿਆ। ਪਿਛਲੇ ਸਾਲ ਜੁਲਾਈ ਵਿੱਚ ਮੂਸਲ (ਇਰਾਕ) ਉਤੋਂ ਅਤੰਕੀਆਂ ਦਾ ਕਬਜ਼ਾ ਛੁਡਾ ਲਿਆ ਗਿਆ।

ਰਾਡਾਰ ਦੀ ਸਹਾਇਤਾ ਨਾਲ ਇੱਕ ਸਮੂਹਿਕ ਕਬਰ ਦਾ ਪਤਾ ਲੱਗਾ। ਕਬਰਾਂ ਵਿੱਚੋਂ ਸਰੀਰ ਕੱਢਕੇ ਇਹਨਾ ਦਾ ਡੀ ਐਨ ਏਸ ਟੈਸਟ ਕਰਵਾਇਆ ਗਿਆ। ਜਿਸਦੇ ਮਿਲਾਣ ਤੋਂ ਬਾਅਦ ਪੁਸ਼ਟੀ ਹੋਈ ਕਿ ਇਹ ਮਾਰੇ ਗਏ ਲੋਕ ਭਾਰਤ ਦੇ ਹਨ! ਇਰਾਕ ਵਰਗਾ ਮੁਲਕ ਜਿਥੇ ਅਤੰਕ ਦਾ ਬੋਲਬਾਲਾ ਰਿਹਾ ਹੈ, ਉਸ ਇਲਾਕੇ ਵਿੱਚ ਵੀ ਭਾਰਤੀ ਲੋਕਾਂ ਦਾ ਮਜ਼ਬੂਰੀ ਵਿੱਚ ਪਹੁੰਚ ਜਾਣਾ ਜਾਂ ਦਲਾਲ ਏਜੰਟਾਂ ਵਲੋਂ ਪਹੁੰਚਾ ਦਿੱਤਾ ਜਾਣਾ, ਮਨੁੱਖੀ ਤਸਕਰੀ ਦੀ ਵੱਡੀ ਉਦਾਹਰਨ ਹੈ। ਮਨੁੱਖੀ ਤਸਕਰ ਪੂਰੇ ਦੇਸ਼ ਵਿੱਚ ਆਪਣਾ ਜਾਲ ਬਿਠਾਈ ਬੈਠੇ ਹਨ। ਨਿੱਤ ਦਿਹਾੜੇ ਏਜੰਟਾਂ ਵਲੋਂ ਲੋਕਾਂ ਨਾਲ ਠੱਗੀ-ਠੋਰੀ ਦੀਆਂ ਘਟਨਾਵਾਂ ਅਖਬਾਰੀ ਚਰਚਾ 'ਚ ਸੁਰਖੀਆਂ ਬਣਦੀਆਂ ਹਨ, ਜਿਹੜੀਆਂ ਅਮਰੀਕਾ ਕੈਨੇਡਾ 'ਚ ਨੌਜਵਾਨਾਂ ਨੂੰ ਪਹੁੰਚਾਉਣ ਲਈ ਲੱਖਾਂ ਦੀ ਹੋਈ ਠਗੀ ਦੀ ਦਾਸਤਾਨ ਬਿਆਨਦੀਆਂ ਹਨ।



ਔਰਤਾਂ, ਲੜਕੀਆਂ ਨੂੰ ਅਰਬ ਦੇਸ਼ਾਂ 'ਚ ਘਰੇਲੂ ਨੌਕਰਾਣੀਆਂ ਵਜੋਂ ਭੇਜਣ ਅਤੇ ਮੁੜ ਉਥੇ ਉਹਨਾ ਨਾਲ ਹੁੰਦੇ ਅਣ ਮਨੁੱਖੀ ਵਰਤਾਰੇ ਦੀਆਂ ਖਬਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ। ਠੱਗ-ਕਿਸਮ ਦੇ ਏਜੰਟ ਨੌਜਵਾਨਾਂ ਨੂੰ ਵਿਦੇਸ਼ਾਂ 'ਚ ਪੱਕੀ ਰਿਹਾਇਸ਼ (ਪੀ ਆਰ) ਆਦਿ ਦਿਵਾਉਣ ਦੇ ਝਾਂਸੇ ਦੇ ਕੇ ਲੱਖਾਂ ਠਗਦੇ ਹਨ। ਸੈਂਕੜੇ ਨਹੀਂ, ਹਜ਼ਾਰਾਂ ਕੇਸ, ਪੁਲਿਸ ਕੋਲ ਇਸ ਸਬੰਧੀ ਦਰਜ਼ ਹਨ, ਪਰ ਇਸ ਕਿਸਮ ਦੇ ਵਪਾਰ ਨੂੰ ਠੱਲ ਨਹੀਂ ਪੈ ਰਹੀ। ਦੇਸ਼ ਵਿਚੋਂ, ਸੂਬੇ ਪੰਜਾਬ ਵਿਚੋਂ ਖਾਸ ਕਰਕੇ ਕਾਨੂੰਨੀ, ਗੈਰ-ਕਾਨੂੰਨੀ ਪ੍ਰਵਾਸ ਲਗਾਤਾਰ ਜਾਰੀ ਹੈ। ਭਾਵੇਂ ਕਿ ਪੰਜਾਬੀਆਂ ਲਈ ਪ੍ਰਵਾਸ ਨਵਾਂ ਵਰਤਾਰਾ ਨਹੀਂ ਹੈ। ਸਦੀ ਪਹਿਲਾਂ ਤੋਂ ਹੀ ਪੰਜਾਬੀ ਕੈਨੇਡਾ, ਅਮਰੀਕਾ ਅਤੇ ਮਲਾਇਆ ਆਦਿ ਦੇਸ਼ਾਂ ਵਿੱਚ ਰੁਜ਼ਗਾਰ ਦੀ ਪਰਾਪਤੀ ਲਈ ਪੁੱਜੇ। ਪਰ ਸਤਰਵਿਆਂ 'ਚ ਬਰਤਾਨੀਆਂ ਵੱਲ ਪੰਜਾਬੀਆਂ ਦੀਆਂ ਮੁਹਾਰਾਂ ਅਤੇ ਫਿਰ ਹਰ ਕਾਨੂੰਨੀ, ਗੈਰ-ਕਾਨੂੰਨੀ ਤਰੀਕਾ ਅਪਨਾਕੇ ਪੰਜਾਬ ਛੱਡਣਾ ਆਮ ਜਿਹੀ ਗੱਲ ਤੋਂ ਗਈ। ਲੰਦਨ ਦੇ ਇਕ ਅਖਬਾਰ 'ਚ ਛਪੀ ਰਿਪੋਰਟ ਅਨੁਸਾਰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜਣ ਵਾਲੀਆਂ ਹਜ਼ਾਰਾਂ ਹੀ ਕੰਪਨੀਆਂ ਪੰਜਾਬ 'ਚ ਖੁਲ੍ਹੀਆਂ ਹੋਈਆਂ ਹਨ, ਜਿਹੜੀਆਂ ਕਹਿਣ ਨੂੰ ਤਾਂ ਕਾਨੂੰਨੀ ਹਨ, ਪਰ ਗੈਰ-ਕਾਨੂੰਨੀ ਢੰਗ ਆਪਣਾ ਕੇ, ਪਹਿਲਾਂ ਯੂਰਪ ਦਾ ਟੂਰਿਸਟ ਵੀਜ਼ਾ ਲਗਵਾਕੇ ਫਿਰ ਅੰਦਰੋ ਗਤੀ ਲੋਕਾਂ ਨੂੰ ਇੰਗਲੈਂਡ ਜਿਹੇ ਮੁਲਕਾਂ 'ਚ ਵਾੜਨ ਦਾ ਕਾਰੋਬਾਰ ਕਰਦੀਆਂ ਹਨ, ਇਹਨਾ ਕੰਪਨੀਆਂ ਵਾਲਿਆਂ ਦਾ ਅਪਰਾਧਿਕ ਕਾਰੋਬਾਰ ਕਰਨ ਵਾਲੇ ਸਮਗਲਰਾਂ ਨਾਲ ਵੀ ਸਬੰਧ ਹੁੰਦਾ ਹੈ। ਰਿਪੋਰਟ ਅਨੁਸਾਰ ਪੰਜਾਬ ਰਹਿੰਦੇ ਲੋਕ ਪਹਿਲਾ ਪੁੱਜੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਦੀਆਂ ਖਬਰਾਂ ਤੋਂ ਪ੍ਰੇਰਿਤ ਹੋਕੇ ਚੰਗੇ ਭਵਿੱਖ ਲਈ ਪ੍ਰਵਾਸ ਕਰਦੇ ਹਨ ਅਤੇ ਵਿਦੇਸ਼ ਪੁੱਜਣ ਲਈ ਹਰ ਤਰੀਕਾ ਅਪਨਾਉਂਦੇ ਹਨ।

ਪੰਜਾਬ 'ਚ ਰਹਿਕੇ ਕ੍ਰਿਤ ਨਾ ਕਰਨ ਅਤੇ ਵਿਦੇਸ਼ 'ਚ ਜਾਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਪੰਜਾਬੀ ਮਸ਼ਹੂਰ ਹੋ ਗਏ। ਨਜ਼ਦੀਕੀ ਰਿਸ਼ਤਿਆਂ ਦੀ ਅਹਿਮੀਅਤ ਭੁਲਕੇ ਨੇੜਲੇ ਰਿਸ਼ਤਿਆਂ 'ਚ ਵਿਆਹ, ਫਿਰ ਆਇਲਿਟਸ ਕਰਕੇ ਜ਼ਾਅਲੀ ਵਿਆਹਾਂ ਦੀ ਲੜੀ ਨੇ ਪੰਜਾਬੀ ਭਾਈਚਾਰਕ ਰਿਸ਼ਤਿਆਂ ਉਤੇ ਭਰਵੀਂ ਸੱਟ ਮਾਰੀ ਪਰ ਪ੍ਰਵਾਸ ਦੇ ਕਾਨੂੰਨੀ, ਗੈਰਕਾਨੂੰਨੀ ਕੰਮ ਲਗਾਤਾਰ ਜਾਰੀ ਰਹੇ। ਪੰਜਾਬ 'ਚ ਸਮੇਂ ਸਮੇਂ ਹੋਈ ਮਾਰੋ-ਮਾਰੀ, ਘਾਟੇ ਦੀ ਖੇਤੀ ਤੋਂ ਪੰਜਾਬੀਆਂ ਦਾ ਮੋਹ ਟੁੱਟਣਾ, ਬੇਰੁਜ਼ਗਾਰੀ 'ਚ ਵਾਧਾ ਆਦਿ ਵੀ ਪ੍ਰਵਾਸ ਦਾ ਕਾਰਨ ਬਣੇ, ਪਰ ਸਧਾਰਨ ਮਜ਼ਦੂਰ ਨੂੰ ਅਸੰਗਠਿਤ ਖੇਤਰ ਵਿੱਚ ਰੋਟੀ ਰੋਜ਼ੀ ਦਾ ਸਾਧਨ ਪੈਦਾ ਕਰਨ 'ਚ ਨਾਕਾਮੀ ਵੀ ਵੱਡਾ ਕਾਰਨ ਬਣਿਆ।

ਖਾੜੀ ਦੇਸ਼ਾਂ ਵਿੱਚ ਪੰਜਾਬੀਆਂ ਦਾ ਪੁੱਜਣਾ ਇਸਦਾ ਵੱਡਾ ਪ੍ਰਮਾਣ ਹੈ, ਜਿਥੇ 15000 ਰੁਪਏ ਮਾਸਿਕ ਤੱਕ ਦੀਆਂ ਨੌਕਰੀਆਂ ਲਈ ਵੀ ਘਰ-ਬਾਰ ਛੱਡਕੇ ਮਜ਼ਦੂਰੀ ਕਰਨ ਲਈ ਪੰਜਾਬੀ ਆਮ ਤੌਰ 'ਤੇ ਪੁੱਜ ਜਾਂਦੇ ਹਨ। ਹੁਣ ਤਾਂ ਵੱਡੀ ਗਿਣਤੀ 'ਚ ਪੰਜਾਬੀ ਲੜਕੀਆਂ ਵੀ "ਘਰੇਲੂ ਨੌਕਰਾਣੀ" ਜਾਂ ਹੋਰ ਕੰਮਾਂ ਲਈ ਖਾੜੀ ਦੇਸ਼ਾਂ 'ਚ ਪੁੱਜ ਜਾਂਦੀਆਂ ਹਨ ਭਾਵੇਂ ਕਿ ਸਰਦੇ ਪੁੱਜਦੇ ਘਰਾਂ ਦੇ ਨੌਜਵਾਨ ਜਾਂ ਔਖੇ ਸੌਖੇ ਭਾਰੀ ਭਰਕਮ ਫੀਸਾਂ ਇੱਕਠੀਆਂ ਕਰਕੇ ਆਇਲਿਟਸ ਪਾਸ ਕਰਕੇ, ਕੈਨੇਡਾ, ਅਸਟਰੇਲੀਆਂ, ਪੁੱਜਣ ਵਾਲੇ ਸਧਾਰਨ ਘਰਾਂ ਦੇ ਨੌਜਵਾਨਾਂ ਦਾ ਰੁਝਾਨ ਵੀ ਚਰਮ ਸੀਮਾ ਉਤੇ ਹੈ, ਜਿਥੇ ਉਹ ਇਸ ਆਸ ਨਾਲ ਪੁੱਜਦੇ ਹਨ ਕਿ ਪੜ੍ਹਾਈ ਕਰਕੇ ਉਹ ਪੀ.ਆਰ. (ਪੱਕੀ ਰਿਹਾਇਸ਼ ਦਾ ਦਰਜ਼ਾ) ਪ੍ਰਾਪਤ ਕਰ ਲੈਣਗੇ।

ਪਰ ਇਹ ਸਭ ਕੁਝ ਕਰਨ ਲਈ ਉਹਨਾ ਦੇ ਮਾਪਿਆਂ ਨੂੰ ਘਰਬਾਰ, ਖੇਤ, ਗਹਿਣੇ ਰੱਖਣੇ ਪੈਂਦੇ ਹਨ, ਕਰਜ਼ੇ ਲੈਣੇ ਪੈਂਦੇ ਹਨ। ਵਿਦੇਸ਼ ਪੁੱਜਕੇ ਇਹਨਾ ਨੌਜਵਾਨ ਯੁਵਕ, ਯੁਵਤੀਆਂ ਨੂੰ ਔਖੇ ਕੰਮ ਘੱਟ ਪੈਸੇ ਲੈਕੇ ਕਰਨੇ ਪੈਂਦੇ ਹਨ, ਅਤੇ ਇਕੋ ਕਮਰੇ 'ਚ ਪੰਜ ਪੰਜ ਛੇ ਲੋਕਾਂ ਨੂੰ ਰਿਹਾਇਸ਼ ਰੱਖਣੀ ਪੈਂਦੀ ਹੈ, ਉਵੇਂ ਹੀ ਜਿਵੇਂ ਯੂ.ਪੀ., ਬਿਹਾਰ, ਤੋਂ ਪੰਜਾਬ ਆਏ ਮਜ਼ਦੂਰਾਂ ਨੂੰ ਅਤਿ ਦੇ ਮਾੜੇ ਹਾਲਤਾਂ 'ਚ ਰਹਿਣ ਤੇ ਘੱਟ ਪੈਸਿਆਂ ਤੇ ਨੌਕਰੀ ਕਰਨੀ ਪੈਂਦੀ ਹੈ।

ਸੰਗਠਿਤ ਅਤੇ ਗੈਰ-ਸੰਗਠਿਤ ਖੇਤਰਾਂ 'ਚ ਨੌਕਰੀਆਂ ਦੀ ਕਮੀ ਨੇ ਦੇਸ਼ 'ਚ ਵਡੇਰਾ ਸੰਕਟ ਪੈਦਾ ਕੀਤਾ ਹੋਇਆ ਹੈ। ਯੂ. ਐਨ.ਓ.ਦੀ ਇੰਟਰਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਆਈ ਐਲ ਓ) ਨੇ ਕਿਹਾ ਹੈ ਕਿ 2017 'ਚ 17.8 ਮਿਲੀਅਨ ਲੋਕ ਬੇਰੁਜ਼ਗਾਰ ਸਨ, ਜੋ ਪਿਛਲੇ ਸਾਲ 17.7 ਮਿਲੀਅਨ ਸਨ ਅਤੇ 2018 'ਚ ਵਧਕੇ 18 ਮਿਲੀਅਨ ਹੋ ਗਏ ਹਨ ਅਤੇ ਬੇਰੁਜ਼ਗਾਰੀ ਦਾ ਰੁਝਾਨ ਵਿੱਚ ਵਾਧਾ ਸਲਾਨਾ 3.4 ਫੀਸਦੀ ਉਤੇ ਟਿਕਿਆ ਹੋਇਆ ਹੈ। ਕੁਲ 1.34 ਬਿਲੀਅਨ ਅਬਾਦੀ ਵਿਚੋਂ ਅੱਧੀ ਆਬਾਦੀ 25 ਸਾਲ ਦੀ ਉਮਰ ਤੋਂ ਘੱਟ ਹੈ।

ਹਰ ਸਾਲ ਵੱਡੀ ਗਿਣਤੀ ਇਹ ਆਬਾਦੀ ਨੌਕਰੀਆਂ ਦੀ ਤਲਾਸ਼ ਵਿੱਚ ਆ ਬਹਿੰਦੀ ਹੈ। ਦੇਸ਼ ਦੀ ਕੁਲ ਆਬਾਦੀ ਦਾ 50.3 ਫੀਸਦੀ ਹਰ ਕਿਸਮ ਦੀ ਮਜ਼ਦੂਰੀ 'ਚ ਲੱਗੇ ਲੋਕ ਹਨ। ਉਸ ਵਿਚੋਂ 46 ਫੀਸਦੀ ਲੋਕ ਖੇਤ ਮਜ਼ਦੂਰੀ ਨਾਲ ਜੁੜੇ ਹਨ ਜਦਕਿ 22 ਫੀਸਦੀ ਨਿਰਮਾਣ ਅਤੇ 32 ਫੀਸਦੀ ਸਰਵਿਸ ਸੈਕਟਰ ਨਾਲ ਜੁੜੇ ਹਨ।

ਸਾਲ 2016 ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦਰ 7.97 ਫੀਸਦੀ ਸੀ, ਜਿਸ ਵਿੱਚ ਪੇਂਡੂ ਖੇਤਰ 'ਚ 7.15 ਫੀਸਦੀ ਅਤੇ ਸ਼ਹਿਰੀ ਖੇਤਰ 'ਚ 9.62 ਫੀਸਦੀ ਸੀ। ਮਗਨਰੇਗਾ ਦੇ ਲਾਗੂ ਹੋਣ ਨਾਲ ਬੇਰੁਜ਼ਗਾਰਾਂ ਦੀ ਪੇਂਡੂ ਖੇਤਰ 'ਚ ਗਿਣਤੀ 'ਚ ਕਮੀ ਦੇਖਣ ਨੂੰ ਮਿਲੀ ਹੈ। ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਦਾ ਵਧਣਾ ਪ੍ਰਵਾਸ ਦਾ ਵੱਡਾ ਕਾਰਨ ਹੈ।

ਅਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੇ ਸੰਕਟ ਦਾ ਕੋਈ ਤੋੜ ਲੱਭਕੇ ਹੀ ਇਸ ਬੇਰੁਜ਼ਗਾਰੀ ਵਾਲੇ ਵੱਡੇ ਸੰਕਟ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਉਂਜ ਗੈਰ-ਕਾਨੂੰਨੀ ਪ੍ਰਵਾਸ ਨੂੰ ਠੱਲ ਪਾਉਣ ਲਈ ਅਤੇ ਮੋਸਿਲ ਜਿਹੀਆਂ ਘਟਨਾਵਾਂ ਰੋਕਣ ਲਈ, ਦੇਸ਼ ਭਰ 'ਚ ਫੈਲੇ ਦਲਾਲਾਂ ਦੇ ਤੰਤਰ ਦੇ ਖਿਲਾਫ਼ ਵੱਡੀ ਸਰਕਾਰੀ ਕਾਰਵਾਈ ਕਰਨ ਦੀ ਵੀ ਲੋੜ ਹੈ, ਜਿਹੜੇ ਕਿ ਪੈਸੇ ਲੈਕੇ ਲੋਕਾਂ ਨੂੰ, ਜ਼ੋਖਮ ਭਰੇ ਇਲਾਕਿਆਂ 'ਚ ਭੇਜ ਦਿੰਦੇ ਹਨ


Ambedkar King Study Circle
United States of America

Oppressed castes and Swabimhani Dalit Shakti
A dialogue on the movements interventions in Karnataka
with
Com S Sivalingam
President, SDS,
Vice President, Republican Party of India (Prakash Ambedkar), Karnataka
MLA Candidate 2018 of
Kolar Gold Field(reserved) constituency from RPI(PK)

Predominantly a working class constituency
with large representations from Tamil Adidravida
and Telugu Madiga communities

Friday, Mar 30 , 2018 - USA
6:30 PM – 8.00 PM PST , 8:30 PM – 10.00 PM CST
9:30 PM – 11.00 PM EST
Sat , Mar 31 , 2018 - India
7:00 AM - 8:30 AM IST

Dial In Details
USA : +1 515 604 9715
INDIA : +91 17251 99046
Meeting Number : 551 362
Follow AKSC on FB : https://www.facebook.com/groups/1249573841788059
e-mail : akscsfba@gmail.com



## ਸਮਾਜਿਕ ਏਕਤਾ ਦਾ ਆਧਾਰ ਬਣ ਸਕਦੀ ਹੈ

# 'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ'



ਤਲਵਿੰਦਰ ਸਿੰਘ ਬੁੱਟਰ
91-98780-70008

ਭਾਵੇਂ ਦੇਰ ਨਾਲ ਹੀ ਸਹੀ, ਆਖ਼ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸਮਾਜ ਅੰਦਰ ਵੰਡੀਆਂ ਦਾ ਕਾਰਨ ਬਣ ਰਹੇ ਪਿੰਡਾਂ, ਨਗਰਾਂ 'ਚ ਜਾਤਾਂ ਅਤੇ ਧੜੇਬੰਦੀਆਂ 'ਤੇ ਆਧਾਰਤ ਗੁਰਦੁਆਰਿਆਂ ਦੇ ਰੁਝਾਨ ਨੂੰ ਰੋਕਣ ਲਈ ਗੰਭੀਰਤਾ ਅਪਨਾਈ ਹੈ। ਲੰਘੀ 7 ਮਾਰਚ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਵਲੋਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪਹਿਲ-ਕਦਮੀ ਸਦਕਾ ਮਤਾ ਪਾਸ ਕਰਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਆਪਸੀ ਮੇਲ-ਮਿਲਾਪ ਅਤੇ ਮਿਲਵਰਤਨ ਵਧਾਉਣ, ਜਾਤਾਂ-ਪਾਤਾਂ ਅਤੇ ਬਿਰਾਦਰੀਆਂ ਦੀ ਵਿੱਥ ਨੂੰ ਖ਼ਤਮ ਕਰਦਿਆਂ, ਗੁਰਦੁਆਰਿਆਂ ਨੂੰ ਸਾਰਥਿਕ ਰੂਪ 'ਚ ਗੁਰੂ ਸਾਹਿਬਾਨ ਦੇ 'ਸਰਬ ਸਾਂਝੀਵਾਲਤਾ' ਦੇ ਉਪਦੇਸ਼ ਦੇ ਪ੍ਰਤੀਕ ਬਣਾਉਣ ਅਤੇ ਪੰਥਕ ਏਕਤਾ ਲਈ 'ਇਕ ਪਿੰਡ, ਇਕ ਗੁਰਦੁਆਰਾ ਲਹਿਰ' ਆਰੰਭ ਕਰਨ ਦਾ ਫ਼ੈਸਲਾ ਲਿਆ ਗਿਆ। ਜਿਸ ਮੁਤਾਬਕ ਸ਼੍ਰੋਮਣੀ ਕਮੇਟੀ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਚਾਇਤਾਂ ਨੂੰ ਸਨਮਾਨਿਤ ਕਰੇਗੀ, ਜੋ ਆਪਣੇ ਪਿੰਡਾਂ 'ਚ ਇਕ ਗੁਰਦੁਆਰਾ ਸਾਹਿਬ ਰੱਖਣ ਦਾ ਫ਼ੈਸਲਾ ਕਰਨਗੀਆਂ। ਇਸ ਫ਼ੈਸਲੇ ਤਹਿਤ ਸ਼੍ਰੋਮਣੀ ਕਮੇਟੀ ਨੇ ਇਕ ਤੋਂ ਵੱਧ ਗੁਰਦੁਆਰਿਆਂ ਤੋਂ ਇਕ ਗੁਰਦੁਆਰਾ ਕਰਨ ਵਾਲੇ ਪਿੰਡਾਂ 'ਚ ਬਾਕੀ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਪਿੰਡ ਦੇ ਲੋਕਾਂ ਲਈ ਲਾਇਬ੍ਰੇਰੀਆਂ, ਡਿਸਪੈਂਸਰੀਆਂ, ਖੇਡ ਕਲੱਬ ਜਾਂ ਗੁਰਬਾਣੀ, ਕੀਰਤਨ ਸਿਖਲਾਈ ਕੇਂਦਰਾਂ ਵਰਗੇ ਸਦ-ਕਾਰਜਾਂ ਲਈ ਵਰਤਣ ਦਾ ਸੁਝਾਅ ਵੀ ਦਿੱਤਾ ਹੈ, ਜੋ ਸਮਾਜ ਦੀ ਭਲਾਈ ਲਈ ਗੁਰਮਤਿ ਦੇ ਸਰਬ ਸਾਂਝੀਵਾਲਤਾ ਵਾਲੇ ਸੰਦਰਭ 'ਚ ਬਿਹਤਰ ਸੰਕਲਪ ਹੈ।



ਲਹਿਰ ਦੀ ਆਰੰਭਤਾ ਜਗਰਾਉਂ ਜ਼ਿਲ੍ਹੇ ਦੇ 15 ਹਜ਼ਾਰ ਦੀ ਆਬਾਦੀ ਵਾਲੇ ਪਿੰਡ ਚਕਰ ਤੋਂ ਹੋਈ, ਜਿੱਥੇ ਕਿ ਇਕੋ ਗੁਰੂ-ਘਰ ਵਿਖੇ ਜਾਤ-ਪਾਤ ਅਤੇ ਧੜ੍ਹੇਬਾਜ਼ੀ ਤੋਂ ਉੱਪਰ ਉਠ ਕੇ ਸਾਰੀਆਂ ਸੰਗਤਾਂ ਇਕਜੁਟ ਹੋ ਕੇ ਨਤਮਸਤਕ ਹੁੰਦੀਆਂ ਹਨ। ਇਸ ਤੋਂ ਬਾਅਦ ਮਾਲਵੇ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਧੂੜਕੋਟ ਦੀਆਂ ਸੰਗਤਾਂ ਨੇ ਵੀ ਪਿੰਡ 'ਚ ਦੋ ਤੋਂ ਇਕ ਗੁਰਦੁਆਰਾ ਸਾਹਿਬ ਕਰਨ ਦਾ ਫ਼ੈਸਲਾ ਕੀਤਾ, ਜਿਸ ਨੂੰ ਸ਼੍ਰੋਮਣੀ ਕਮੇਟੀ ਵਲੋਂ ਇਕ ਲੱਖ ਰੁਪਏ ਦੀ ਸਹਾਇਤਾ ਦੇ ਕੇ ਉਤਸ਼ਾਹਿਤ ਕੀਤਾ ਗਿਆ ਹੈ

### ਗੁਰਦੁਆਰਾ ਸੰਸਥਾ ਦੀ ਪ੍ਰੀਭਾਸ਼ਾ ਤੇ ਸੰਕਲਪ:

ਗੁਰਦੁਆਰਾ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਇਕ ਬਹੁਮੁਖੀ ਕੇਂਦਰੀ ਸੰਸਥਾ ਹੈ। ਗੁਰਦੁਆਰਾ ਸਿੱਖ ਧਰਮ ਅਤੇ ਸਮਾਜ ਦਾ ਕੇਵਲ ਇਕ ਧਰਮ ਅਸਥਾਨ ਹੀ ਨਹੀਂ, ਸਗੋਂ ਇਹ ਸਮੁੱਚੇ ਸਿੱਖੀ ਜੀਵਨ ਅਤੇ ਸਮਾਜਿਕ-ਮਨੁੱਖੀ ਸਰੋਕਾਰਾਂ ਦਾ ਕੇਂਦਰੀ ਧੁਰਾ ਹੈ। ਗੁਰਦੁਆਰਾ ਸੰਸਥਾ ਦਾ ਮੂਲ ਮਕਸਦ ਧਰਮ ਦੇ ਨਾਲ-ਨਾਲ ਸਮਾਜ ਭਲਾਈ ਦੇ ਬਹੁਪੱਖੀ ਕਾਰਜ ਕਰਦਿਆਂ ਸਿੱਖੀ ਦੇ ਸੁਨੇਹੇ ਨੂੰ ਸਿੱਖ ਪੰਥ ਤੇ ਸਮਾਜ ਦੇ ਚਾਰੇ ਪਾਸੇ ਤੱਕ ਪਹੁੰਚਾਉਣਾ ਹੈ। ਗੁਰਦੁਆਰਾ ਸੰਸਥਾ ਦੇ ਸੰਕਲਪ, ਬਹੁਮੁਖੀ ਉਦੇਸ਼ਾਂ ਅਤੇ ਕਾਰਜਾਂ ਨੂੰ ਸਮਝਣ ਲਈ ਭਾਈ ਕਾਨ੍ਹ ਸਿੰਘ ਨਾਭਾ ਵਲੋਂ ਦਿੱਤੀ ਪ੍ਰੀਭਾਸ਼ਾ ਨਫ਼ੀਸ ਹੈ; 'ਗੁਰਦੁਆਰਾ ਉਹ ਪਵਿੱਤਰ ਅਸਥਾਨ ਹੈ ਜਿਥੇ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਵੇ। ਗੁਰਦੁਆਰੇ ਵਿਦਿਆਰਥੀਆਂ ਲਈ ਸਕੂਲ, ਆਤਮ-ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤ ਦੀ ਪੱਤ ਰੱਖਣ ਲਈ ਲੋਹਮਈ ਦੁਰਗਾ ਤੇ ਮੁਸਾਫ਼ਰਾਂ ਲਈ ਵਿਸ਼ਰਾਮ ਘਰ ਹੁੰਦੇ ਹਨ।'

ਬੇਸ਼ੱਕ ਗੁਰੂ ਸਾਹਿਬਾਨ ਦੀ ਸਿਧਾਂਤਕ ਵਿਚਾਰਧਾਰਾ ਦਾ ਮਰਿਯਾਦਾਬੱਧ ਪ੍ਰਚਾਰ ਗੁਰਦੁਆਰਾ ਸੰਸਥਾ ਦਾ ਮੁੱਖ ਕਾਰਜ ਹੈ, ਪਰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਸਿੱਟੇ ਹਾਸਲ ਕਰਨ ਲਈ ਜਗਿਆਸੂਆਂ ਲਈ ਗਿਆਨ ਦੀ ਪਾਠਸ਼ਾਲਾ, ਯਾਤਰੂਆਂ ਲਈ ਰਿਹਾਇਸ਼, ਭੁੱਖਿਆਂ ਲਈ ਲੰਗਰ, ਲੋੜਵੰਦ ਬਿਮਾਰਾਂ ਲਈ ਸਿਹਤ ਸੇਵਾਵਾਂ ਵੀ ਮੁਹੱਈਆ ਕਰਵਾਉਣਾ ਇਸ ਦੇ ਲਾਜ਼ਮੀ ਸੰਸਥਾਗਤ ਉਦੇਸ਼ ਹਨ। ਇਨ੍ਹਾਂ ਵਿਚੋਂ ਕਿਸੇ ਵੀ ਇਕ ਕੜੀ ਦਾ ਕਮਜ਼ੋਰ ਹੋ ਜਾਣਾ, ਗੁਰਦੁਆਰਾ ਸੰਸਥਾ ਨੂੰ ਸੰਕਲਪਹੀਣ ਕਰ ਸਕਦਾ ਹੈ। ਗੁਰਦੁਆਰਾ ਸੰਸਥਾ ਦੀ ਪੁਰਾਤਨ ਸਮਿਆਂ 'ਚ ਸਾਡੇ ਮੁੱਢਲੇ ਸਮਾਜਿਕ ਅਤੇ ਮਨੁੱਖੀ ਜੀਵਨ ਦੇ ਵਿਕਾਸ 'ਚ ਬਹੁਤ ਵੱਡੀ ਦੇਣ ਰਹੀ ਹੈ। ਗੁਰਦੁਆਰੇ 'ਚੋਂ ਗੁਰੂ ਦੀ ਮੱਤ (ਧਾਰਮਿਕ ਅਤੇ ਨੈਤਿਕ ਗੁਣ) ਧਾਰਨ ਕਰਕੇ ਗੁਰਸਿੱਖ ਅੱਗੋਂ ਆਦਰਸ਼ਕ ਸਮਾਜ ਦੀ ਸਿਰਜਣਾ ਕਰਦੇ ਰਹੇ ਹਨ। ਗੁਰਦੁਆਰਾ ਸਾਹਿਬਾਨ ਦਾ ਮੁੱਢਲੇ ਤੌਰ 'ਤੇ ਮਾਂ-ਬੋਲੀ ਦੇ ਪ੍ਰਚਾਰ-ਪ੍ਰਸਾਰ 'ਚ ਵੀ ਵੱਡਾ ਯੋਗਦਾਨ ਰਿਹਾ ਹੈ। ਪੁਰਾਣੇ ਸਮਿਆਂ 'ਚ ਬਹੁਤ ਸਾਰੇ ਅਨਪੜ੍ਹ ਲੋਕ, ਜੋ ਕਦੇ ਸਕੂਲ ਵੀ ਨਹੀਂ ਗਏ, ਉਹ ਚੰਗੀ ਤਰ੍ਹਾਂ ਗੁਰਮੁਖੀ ਲਿਖਣੀ-ਪੜ੍ਹਨੀ ਗੁਰਦੁਆਰਿਆਂ ਵਿਚੋਂ ਹੀ ਸਿੱਖਦੇ ਸਨ। ਪਿੰਡਾਂ ਦੇ ਗੁਰੂ-ਘਰ ਭਾਈਚਾਰੇ, ਏਕਤਾ ਅਤੇ ਸਦਭਾਵਨਾ ਦਾ ਵੀ ਮੁੱਖ ਕੇਂਦਰ ਹੁੰਦੇ ਸਨ। ਪਿੰਡਾਂ ਦੇ ਸਾਂਝੇ ਫ਼ੈਸਲੇ ਗੁਰਦੁਆਰਿਆਂ 'ਚ ਬੈਠ ਕੇ ਲਏ ਜਾਂਦੇ ਸਨ। ਭਾਈ-ਗ੍ਰੰਥੀ ਸਾਂਝੀਵਾਲਤਾ ਦੇ ਜ਼ਾਮਨ ਹੁੰਦੇ ਸਨ।

### ਪਿੰਡਾਂ 'ਚ ਬਹੁਤੇ ਗੁਰਦੁਆਰੇ ਬਣਨ ਦਾ ਕਾਰਨ:

ਪਿੰਡਾਂ, ਨਗਰਾਂ 'ਚ ਇਕ ਤੋਂ ਵੱਧ ਗੁਰਦੁਆਰਿਆਂ ਦੀ ਉਸਾਰੀ ਦਾ ਮੁੱਖ ਕਾਰਨ ਭਾਵੇਂ ਸਾਡੀ ਸਮਾਜਿਕ ਬਣਤਰ 'ਚ ਡੂੰਘਾ ਧੱਸਿਆ ਜਾਤ-ਪਾਤ ਦਾ ਵਰਤਾਰਾ ਹੈ, ਪਰ ਇਸ ਦੇ ਨਾਲ ਸਿਆਸੀ ਅਹੁਦਿਆਂ ਅਤੇ ਚੌਧਰਾਂ ਦੀ ਭੁੱਖ ਵੀ ਇਸ ਦਾ ਇਕ ਵੱਡਾ ਕਾਰਨ ਬਣੀ।

ਸਾਡੇ ਗੁਰੂ ਸਾਹਿਬਾਨ ਨੇ 'ਰੱਬੀ ਏਕਤਾ' ਦਾ ਸੰਦੇਸ਼ ਦਿੱਤਾ ਅਤੇ ਇਹੀ ਸੰਦੇਸ਼ ਗੁਰੂ-ਘਰਾਂ ਵਿਚੋਂ ਸਾਡੇ ਸਰਬਰਾਹ ਸੁਣਾਉਂਦੇਂਏ ਹਨ। ਗੁਰਮਤਿ ਅਨੁਸਾਰ ਰੱਬ 'ਇਕ' ਹੈ ਅਤੇ ਸਾਰੀ ਸ੍ਰਿਸ਼ਟੀ ਉਸੇ 'ਕਰਤਾ ਪੁਰਖ' ਦੀ ਸਿਰਜੀ ਹੋਈ ਹੈ। ਗੁਰੂ ਸਾਹਿਬਾਨ ਨੇ ਜਾਤ-ਪਾਤ ਦਾ ਭਰਪੂਰ ਖੰਡਨ ਕਰਦਿਆਂ ਸਾਰੀ ਮਨੁੱਖਤਾ ਨੂੰ ਇਕ ਕਰਕੇ ਜਾਣਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 6 ਗੁਰੂ ਸਾਹਿਬਾਨ ਤੋਂ ਇਲਾਵਾ ਵੱਖ-ਵੱਖ ਜਾਤਾਂ, ਧਰਮਾਂ ਤੇ ਖਿੱਤਿਆਂ ਨਾਲ ਸਬੰਧਤ 15 ਭਗਤਾਂ, 11 ਭੱਟਾਂ ਅਤੇ ਗੁਰੂ-ਘਰ ਦੇ ਚਾਰ ਗੁਰਸਿੱਖ ਸ਼ਰਧਾਲੂਆਂ ਦੀ ਬਾਣੀ ਦਰਜ ਕਰਕੇ 'ਸਰਬ ਸਾਂਝੀਵਾਲਤਾ' ਦਾ ਨਾਯਾਬ ਉਪਦੇਸ਼ ਦਿੱਤਾ ਗਿਆ ਹੈ। ਪਰ ਸਮੇਂ ਦੇ ਨਾਲ ਵਰਣ-ਵੰਡ ਸੋਚ ਦੇ ਪ੍ਰਭਾਵ ਅਤੇ ਸਮਾਜਿਕ ਪੱਧਰ 'ਤੇ ਸੂਖ਼ਮ ਤੌਰ 'ਤੇ ਧਸੀ ਜਾਤ-ਪਾਤ ਕਾਰਨ ਸਿੱਖ ਸਮਾਜ ਅਤੇ ਚੌਧਰਾਂ ਦੀ ਲਾਲਸਾ ਕਾਰਨ ਸਾਡੀ ਲੀਡਰਸ਼ਿਪ ਨੇ ਗੁਰਦੁਆਰੇ ਹੀ ਜਾਤਾਂ ਦੇ ਆਧਾਰ 'ਤੇ ਵੰਡ ਲਏ ਹਨ, ਜਿਨ੍ਹਾਂ ਵਿਚ ਦੂਜੀਆਂ ਜਾਤਾਂ ਦੇ ਲੋਕਾਂ ਨੂੰ ਮੱਥਾ ਟੇਕਣ ਨਹੀਂ ਜਾਣ ਦਿੱਤਾ ਜਾਂਤਾ ਅਤੇ ਖ਼ੁਸ਼ੀ-ਗ਼ਮੀ ਦੇ ਸਮਾਗਮ ਤੱਕ ਨਹੀਂ ਕਰਨ ਦਿੱਤੇ ਜਾਂਦੇ। ਇਸ ਤਰ੍ਹਾਂ ਪਿੰਡਾਂ 'ਚ ਇਕ ਤੋਂ ਵਧੇਰੇ ਗੁਰਦੁਆਰੇ ਧੜੇਬੰਦੀਆਂ, ਨਫ਼ਰਤ ਅਤੇ ਭਾਈਚਾਰਕ ਫੁੱਟ ਦੇ ਕਾਰਨ ਬਣ ਰਹੇ ਹਨ। ਚੌਧਰਾਂ ਖ਼ਾਤਰ ਹੁਣ ਵਿਦੇਸ਼ਾਂ 'ਚ ਵੀ ਜਾਤਾਂ-ਪਾਤਾਂ, ਸੰਪਰਦਾਵਾਂ ਅਤੇ ਇਲਾਕਿਆਂ ਦੇ ਆਧਾਰ 'ਤੇ ਕਿਰਾਏ ਦੀਆਂ ਇਮਾਰਤਾਂ 'ਚ ਸੰਸਥਾਵਾਂ, ਸੁਸਾਇਟੀਆਂ ਬਣਾ ਕੇ ਨਿੱਜੀ ਗੁਰਦੁਆਰੇ ਉਸਾਰਨ ਦਾ ਰੁਝਾਨ ਤੇਜ਼ ਹੋ ਰਿਹਾ ਹੈ।

ਬੇਸ਼ੱਕ ਕਾਫ਼ੀ ਅਰਸਾ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਇਕ ਪਿੰਡ 'ਚ ਇਕੋ ਗੁਰਦੁਆਰਾ ਸਾਹਿਬ ਹੋਣ ਸਬੰਧੀ ਆਦੇਸ਼ ਜਾਰੀ ਹੋਇਆ ਸੀ, ਪਰ ਇਸ ਨੂੰ ਅਮਲ ਵਿਚ ਲਿਆਉਣ ਲਈ ਸ਼੍ਰੋਮਣੀ ਕਮੇਟੀ ਲੰਬਾ ਸਮਾਂ ਅਵੇਸਲੀ ਬਣੀ ਰਹੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਇਸ ਅਵੇਸਲੇਪਨ ਨੂੰ ਦੂਰ ਕਰਨ ਲਈ ਮੁਬਾਰਕਬਾਦ ਦੇ ਹੱਕਦਾਰ ਹਨ।

### ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ ਦੀ ਸਾਰਥਿਕਤਾ:

ਸ਼੍ਰੋਮਣੀ ਕਮੇਟੀ ਦੀ 'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ' ਦੀ ਅਜੋਕੇ ਪ੍ਰਸੰਗ ਵਿਚ ਵੱਡੀ ਮਹੱਤਤਾ ਹੈ। ਇਕ ਤੋਂ ਵੱਧ ਗੁਰਦੁਆਰਿਆਂ ਵਾਲੇ ਪਿੰਡਾਂ 'ਚ ਸਭ ਤੋਂ ਵੱਡੀ ਸਮੱਸਿਆ ਭਾਈਚਾਰੇ ਅਤੇ ਸਮਾਜਿਕ ਇਤਫ਼ਾਕ ਦਾ ਧੜੇਬੰਦੀਆਂ 'ਚ ਵੰਡਿਆ ਜਾਣਾ ਹੈ। ਜਿਨ੍ਹਾਂ ਪਿੰਡਾਂ 'ਚ ਇਕ ਤੋਂ ਵੱਧ ਗੁਰਦੁਆਰੇ ਹਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਨ ਸਤਿਕਾਰ ਅਤੇ ਮਾਣ-ਮਰਿਯਾਦਾ ਦੀ ਪਾਲਣਾ ਵੀ ਬਿਹਤਰ ਤਰੀਕੇ ਨਾਲ ਨਹੀਂ ਹੁੰਦੀ। ਬਹੁਤੇ ਪਿੰਡਾਂ 'ਚ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ, ਨਿੱਤਨੇਮ ਜਾਂ ਸ਼ਾਮ ਨੂੰ ਸੁਖ-ਆਸਨ ਵੇਲੇ ਗੁਰੂ-ਘਰਾਂ ਅੰਦਰ ਭਾਈ ਜੀ ਤੋਂ ਇਲਾਵਾ ਕੋਈ ਨਹੀਂ ਹੁੰਦਾ। ਬਹੁਤੇ ਥਾਈਂ ਗਿਆਨਵਾਨ, ਯੋਗਤਾ ਪ੍ਰਾਪਤ, ਸੂਝਵਾਨ ਤੇ ਕਾਬਲ ਗ੍ਰੰਥੀ, ਪ੍ਰਚਾਰਕ ਅਤੇ ਸੇਵਾਦਾਰਾਂ ਦੀ ਵੀ ਅਣਹੋਂਦ ਹੈ। ਇਕ ਪਿੰਡ 'ਚ ਇਕੋ ਗੁਰਦੁਆਰਾ ਹੋਣ ਨਾਲ ਪਿੰਡ ਦੇ ਲੋਕ ਗ੍ਰੰਥੀ, ਕਥਾਵਾਚਕ ਅਤੇ ਸੇਵਾਦਾਰ ਕਾਬਲ, ਗਿਆਨੀ, ਸੁਲਝੇ ਅਤੇ ਵਧੇਰੇ ਸਿੱਖਿਅਤ ਰੱਖ ਸਕਣਗੇ। ਉਨ੍ਹਾਂ ਨੂੰ ਚੰਗੇ ਸੇਵਾ ਫਲ ਦਿੱਤੇ ਜਾ ਸਕਣਗੇ, ਤਾਂ ਜੋ ਸਾਡੇ ਗ੍ਰੰਥੀ, ਪ੍ਰਚਾਰਕ ਅਤੇ ਸੇਵਾਦਾਰ ਆਪਣੇ ਪਰਿਵਾਰਾਂ ਦੀ ਸਹੀ ਪਰਵਰਿਸ਼ ਵਲੋਂ ਨਿਸ਼ਚਿੰਤ ਹੋ ਕੇ ਤਨਦੇਹੀ ਨਾਲ ਧਰਮ ਪ੍ਰਚਾਰ ਕਰ ਸਕਣ।

ਪਿਛਲੇ ਸਮਿਆਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਚ ਇਕ ਵੱਡਾ ਕਾਰਨ ਪਿੰਡਾਂ ਦੇ ਗੁਰਦੁਆਰਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ 'ਚ ਪ੍ਰਬੰਧਕੀ ਅਵੇਸਲਾਪਨ ਵੀ ਸਾਹਮਣੇ ਆਇਆ ਸੀ। ਕਈ ਥਾਵਾਂ 'ਤੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦੀਆਂ ਘਟਨਾਵਾਂ ਵਾਪਰੀਆਂ। ਜੇਕਰ ਇਕ ਪਿੰਡ 'ਚ ਇਕ ਗੁਰਦੁਆਰਾ ਹੋਵੇਗਾ ਤਾਂ ਪਿੰਡ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਯਾਦਾਬੱਧ ਸੇਵਾ-ਸੰਭਾਲ ਬਿਹਤਰੀਨ ਨਿਭਾਉਣ 'ਚ ਵਧੇਰੇ ਯਤਨਸ਼ੀਲ ਹੋ ਸਕਣਗੇ। ਗੁਰਦੁਆਰਾ ਸੰਸਥਾ ਆਪਣੇ ਮੂਲ ਸੰਕਲਪ ਵੱਲ ਸੇਧਿਤ ਹੋਵੇਗੀ ਅਤੇ ਸਿੱਖੀ ਦੇ ਬਹੁਪੱਖੀ ਪ੍ਰਚਾਰ-ਪ੍ਰਸਾਰ ਦਾ ਸਹੀ ਰੂਪ 'ਚ ਕੇਂਦਰ ਬਣੇਗੀ। ਗੁਰੂ ਦੀ ਗੋਲਕ ਨੂੰ ਗ਼ਰੀਬ ਦਾ ਮੂੰਹ ਆਖਿਆ ਗਿਆ ਹੈ। ਪਿੰਡ 'ਚ ਇਕੋ ਗੁਰਦੁਆਰਾ ਹੋਣ ਕਾਰਨ ਚੜ੍ਹਤ ਇਕੋ ਥਾਂ ਇਕੱਠੀ ਹੋਵੇਗੀ ਅਤੇ ਦਸਵੰਧ ਰੂਪ 'ਚ ਇਸ ਚੜ੍ਹਾਵੇ ਦੀ ਗ਼ਰੀਬਾਂ, ਲੋੜਵੰਦਾਂ ਦੀ ਸਹਾਇਤਾ, ਸਿੱਖਿਆ, ਸਿਹਤ ਤੇ ਧਰਮ-ਗਿਆਨ ਦੇ ਪ੍ਰਸਾਰ ਅਤੇ ਹੋਰ ਸਮਾਜਿਕ ਸਰੋਕਾਰਾਂ ਲਈ ਇਸ ਦੀ ਸਦਵਰਤੋਂ ਹੋ ਸਕੇਗੀ। ਅਜਿਹੀ ਲਹਿਰ ਜਿੱਥੇ ਸਿੱਖ ਸਮਾਜ ਅੰਦਰ ਜਾਤ-ਪਾਤ ਦੀਆਂ ਵੰਡੀਆਂ ਨੂੰ ਖ਼ਤਮ ਕਰਕੇ ਗੁਰੂ ਸਾਹਿਬਾਨ ਦੇ 'ਸਰਬ-ਸਾਂਝੀਵਾਲਤਾ' ਅਤੇ 'ਰੱਬੀ ਏਕਤਾ' ਵਾਲੇ ਫ਼ਲਸਫ਼ੇ ਦੇ ਪ੍ਰਚਾਰ ਨੂੰ ਮੁਖ਼ਾਤਿਬ ਹੋ ਸਕਦੀ ਹੈ, ਉਥੇ ਸਮਾਜਿਕ ਏਕਤਾ ਵਿਚ ਵੀ ਵੱਡੀ ਭੂਮਿਕਾ ਅਦਾ ਕਰ ਸਕਦੀ ਹੈ।

### ਸਮਾਜ ਦਾ ਕੀ ਯੋਗਦਾਨ ਹੋਵੇ:

'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ' ਦੀ ਸਫਲਤਾ ਦੀ ਜ਼ਿੰਮੇਵਾਰੀ ਸਿਰਫ਼ ਸ਼੍ਰੋਮਣੀ ਕਮੇਟੀ ਤੱਕ ਸੀਮਤ ਨਹੀਂ ਹੈ, ਸਗੋਂ ਇਸ 'ਚ ਸਾਡੇ ਸਮਾਜ ਦੇ ਸਾਰੇ ਵਰਗਾਂ ਦਾ ਯੋਗਦਾਨ ਲੋੜੀਂਦਾ ਹੈ। ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਪੋ-ਆਪਣੀਆਂ ਚੌਧਰਾਂ ਦੀ ਲਾਲਸਾ ਅਤੇ ਅੜੀ ਛੱਡ ਕੇ ਗੁਰੂ ਸਾਹਿਬਾਨ ਦੇ ਸੰਦੇਸ਼ ਤੇ ਸਤਿਕਾਰ ਨੂੰ ਮੁੱਖ ਰੱਖਦਿਆਂ ਤੁਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਪਿੰਡ-ਪਿੰਡ 'ਚ ਗੁਰਦੁਆਰਾ ਕਮੇਟੀਆਂ ਤੇ ਪੰਚਾਇਤਾਂ ਨਾਲ ਨਿੱਜੀ ਮਿਲਣੀਆਂ ਕਰਕੇ ਉਨ੍ਹਾਂ ਨੂੰ ਜਾਗਰੂਕ ਕਰਕੇ, ਉਨ੍ਹਾਂ ਨਾਲ ਸੰਵਾਦ ਵੀ ਕਰਨਾ ਚਾਹੀਦਾ ਹੈ, ਤਾਂ ਜੋ ਲੋਕਾਂ ਦੇ ਸ਼ੰਕੇ ਸੁਣ ਕੇ ਦਲੀਲਪੂਰਨ ਨਵਿਰਤ ਕੀਤੇ ਜਾਣ। ਪੰਚਾਇਤਾਂ ਨੂੰ ਸਮਾਜਿਕ ਏਕਤਾ ਅਤੇ ਧਾਰਮਿਕ ਸਦਭਾਵਨਾ ਲਈ ਇਸ ਮੁਹਿੰਮ ਵਿਚ ਆਪਣਾ ਯੋਗਦਾਨ ਪਾਉਣਾ ਪਵੇਗਾ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਜਾਗਰੂਕ ਕਰਨ 'ਚ ਘਰੇਲੂ ਔਰਤਾਂ ਵਧੇਰੇ ਚੰਗੀ ਭੂਮਿਕਾ ਨਿਭਾਅ ਸਕਦੀਆਂ ਹਨ। ਪੜ੍ਹੇ-ਲਿਖੇ ਵਰਗ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਕਿਉਂਕਿ ਸਿੰਘ ਸਭਾ ਲਹਿਰ ਵਾਂਗ ਆਮ ਸਿੱਖ ਸਮਾਜ ਨੂੰ ਵੀ ਇਸ ਲਹਿਰ ਦੀ ਸਫਲਤਾ ਲਈ ਲਾਮਬੰਦ ਕਰਨਾ ਪਵੇਗਾ।

ਨਾਂਹ-ਪੱਖੀ ਰੁਚੀਆਂ, ਨਿੱਜਵਾਦ ਅਤੇ ਉਪਰਾਮਤਾ ਦੀ ਸ਼ਿਕਾਰ ਹੋ ਰਹੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਵੀ ਇਸ ਸੰਦਰਭ 'ਚ ਆਪਣੀ ਸ਼ਕਤੀ ਅਤੇ ਸੰਭਾਵਨਾਵਾਂ ਨੂੰ ਤਰਾਸ਼ਣ ਦੀ ਲੋੜ ਹੈ। ਸੋਸ਼ਲ ਮੀਡੀਆ 'ਤੇ ਸਮਾਂ ਵਿਅਰਥ ਕਰਨ ਦੀ ਥਾਂ ਨੌਜਵਾਨਾਂ ਨੂੰ ਆਪਣੇ ਪਿੰਡ ਦੇ ਗੁਰੂ-ਘਰ ਅੰਦਰ ਸਵੇਰੇ ਸ਼ਾਮ ਦੇ ਨਿੱਤਨੇਮ ਅਤੇ ਕਥਾ, ਕੀਰਤਨ ਵਿਚ ਨਿੱਜੀ ਤੌਰ 'ਤੇ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਸਮਾਜਿਕ ਗਤੀਵਿਧੀਆਂ, ਵਾਤਾਵਰਨ, ਕੁਦਰਤੀ ਖੇਤੀ, ਹਸਤ ਕਲਾਵਾਂ ਅਤੇ ਹੋਰ ਕੋਮਲ ਹੁਨਰਾਂ ਦੀ ਗੱਲ ਵੀ ਨੌਜਵਾਨ ਗੁਰੂ-ਘਰਾਂ ਦੇ ਮੰਚ ਤੋਂ ਤੋਰ ਸਕਦੇ ਹਨ।

ਇਸ ਨਾਲ ਜਿੱਥੇ ਨੌਜਵਾਨ ਮਾਰੂ ਕੁਰੀਤੀਆਂ ਅਤੇ ਢਾਹੂ ਬਿਰਤੀਆਂ ਤੋਂ ਬਚ ਕੇ ਨਰੋਈ ਸੋਚ ਦੇ ਧਾਰਨੀ ਬਣਨਗੇ, ਉਥੇ ਉਨ੍ਹਾਂ ਨੂੰ ਆਪਣੇ ਹੁਨਰ ਨੂੰ ਨਿਖਾਰ ਕੇ ਵੱਡੀਆਂ ਜ਼ਿੰਮੇਵਾਰੀਆਂ ਸੰਭਾਲਣ ਦਾ ਮੌਕਾ ਵੀ ਮਿਲੇਗਾ। 'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ' ਨੂੰ ਸਿੱਟਾਮੁਖੀ ਬਣਾਉਣ ਲਈ ਸਾਰੇ ਵਰਗਾਂ ਨੂੰ ਆਪੋ-ਆਪਣੇ ਸੁਝਾਅ ਵੀ ਦੇਣੇ ਚਾਹੀਦੇ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਖਿੜੇ ਮੱਥੇ ਸਵੀਕਾਰ ਕਰਕੇ ਲਹਿਰ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ। ਸਾਡੇ ਸਮਾਜ ਦੇ ਸਾਰੇ ਹਿੱਸਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੰਗੀ ਪਹਿਲ 'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ' ਨੂੰ ਸਫਲ ਬਣਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਲਹਿਰ ਵਿਦੇਸ਼ਾਂ 'ਚ ਵੀ ਪਹੁੰਚਣੀ ਚਾਹੀਦੀ ਹੈ, ਜਿੱਥੇ ਸੰਪਰਦਾਵਾਂ, ਇਲਾਕਿਆਂ ਅਤੇ ਜਾਤਾਂ ਦੇ ਆਧਾਰ 'ਤੇ ਬਣੇ ਗੁਰਦੁਆਰੇ ਆਏ ਦਿਨੀਂ ਸਿੱਖਾਂ ਵਿਚ ਆਪਸੀ ਧੜੇਬੰਦੀਆਂ ਅਤੇ ਟਕਰਾਅ ਦਾ ਕਾਰਨ ਬਣ ਰਹੇ ਹਨ।

# ਪੰਜਾਬ ਮਨੁੱਖੀ ਕਮਿਸ਼ਨ ਪੁਲਿਸ ਦੇ ਮੂਹਰੇ ਥੱਕਿਆ

**ਚੰਡੀਗੜ੍ਹ-** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਬਲਾਤਕਾਰ ਪੀੜਤ ਇੱਕ ਮਹਿਲਾ ਦੀ ਫਰਿਆਦ ਚਾਰ ਸਾਲਾਂ ਤੋਂ ਇਨਸਾਫ਼ ਲਈ ਲਮਕ ਰਹੀ ਹੈ ਤੇ ਕਮਿਸ਼ਨ ਨੂੰ ਪੁਲੀਸ ਨੇ ਉਲਝਾਇਆ ਹੋਇਆ ਹੈ। ਕਮਿਸ਼ਨ ਨੇ ਹਾਰ ਕੇ ਨਿਰਪੱਖ ਜਾਂਚ ਲਈ ਮਾਮਲਾ ਪੁਲੀਸ ਦੀ ਐਨਆਰਆਈ ਵਿੰਗ ਦੀ ਆਈਜੀ ਗੁਰਪ੍ਰੀਤ ਕੌਰ ਦਿਓ ਹਵਾਲੇ ਕਰ ਦਿੱਤਾ। ਸਿਤਮ ਇਹ ਕਿ ਐਨਆਰਆਈ ਵਿੰਗ ਨੇ ਵੀ ਇੱਕ ਸਾਲ ਤੋਂ ਜਾਂਚ ਰਿਪੋਰਟ ਨਹੀਂ ਦਿੱਤੀ ਹੈ। ਕਮਿਸ਼ਨ ਨੂੰ ਆਪਣੇ ਪੱਧਰ 'ਤੇ ਹੀ ਜਾਂਚ ਲਈ ਮਿਆਦ ਵਿੱਚ ਵਾਧਾ ਕਰਨਾ ਪਿਆ ਹੈ।

ਦਸੂਹਾ ਦੇ ਪਿੰਡ ਮਾਂਗਟ ਦੀ ਇੱਕ ਮਹਿਲਾ ਨੇ ਕਮਿਸ਼ਨ ਨੂੰ ਚਾਰ ਜੁਲਾਈ 2014 ਨੂੰ ਸ਼ਿਕਾਇਤ ਦੇ ਕੇ ਸਮੂਹਿਕ ਬਲਾਤਕਾਰ ਦੇ ਮੁਲਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ। ਉਸ ਨੇ ਥਾਣਾ ਦਸੂਹਾ ਪੁਲੀਸ ਕੋਲ ਪਹੁੰਚ ਕਰਨ ਤੋਂ ਬਾਅਦ ਮਾਰਕੁੱਟ ਕਰਨ ਦਾ ਦੋਸ਼ ਵੀ ਲਾਇਆ ਸੀ। ਕਮਿਸ਼ਨ ਨੇ ਐਸਐਸਪੀ ਹੁਸ਼ਿਆਰਪੁਰ ਤੋਂ ਜਾਂਚ ਮੰਗੀ ਸੀ। ਪੁਲੀਸ ਦੇ ਕਥਿਤ ਪੱਖਪਾਤੀ ਰਵੱਈਏ ਤੋਂ ਤੰਗ ਆ ਕੇ ਉਸ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਜਾਂਚ ਲਈ ਵਾਸਤਾ ਪਾਇਆ ਸੀ। ਕਮਿਸ਼ਨ ਨੇ ਮਾਮਲਾ ਜਾਂਚ ਲਈ ਡਾਇਰੈਕਟਰ ਜਨਰਲ ਪੁਲੀਸ (ਕਮਿਸ਼ਨ) ਨੂੰ ਦੇ ਦਿੱਤਾ ਸੀ। ਸ਼ਿਕਾਇਤਕਰਤਾ ਨੇ 5 ਅਕਤੂਬਰ 2010 ਨੂੰ ਕਮਿਸ਼ਨ ਅੱਗੇ ਪੇਸ਼ ਹੋ ਕੇ ਡੀਜੀਪੀ ਦੀ ਰਿਪੋਰਟ ਨੂੰ ਇਕਪਾਸੜ ਦੱਸਿਆ। ਸ਼ਿਕਾਇਤਕਰਤਾ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਕਿਹਾ ਕਿ ਡੀਜੀਪੀ (ਕਮਿਸ਼ਨ) ਦੀ ਜਾਂਚ ਰਿਪੋਰਟ ਤੱਥਾਂ ਤੋਂ ਦੂਰ ਹੈ ਅਤੇ ਜਾਂਚ ਅਧਿਕਾਰੀ ਨੇ ਮੁਲਜ਼ਮਾਂ ਨੂੰ ਬਚਾਉਣ ਦਾ ਯਤਨ ਕੀਤਾ ਹੈ। ਉਸ ਨੇ ਕਮਿਸ਼ਨ ਦੀ ਮਹਿਲਾ ਮੈਂਬਰ ਅਵਿਨਾਸ਼ ਕੌਰ ਨੂੰ ਮਿਲ ਕੇ ਉਸ ਦੀ ਪੱਤ ਲੁੱਟਣ ਅਤੇ ਮਾਰਕੁੱਟ ਦੀ ਘਟਨਾ ਦੀ ਜਾਣਕਾਰੀ ਦਿੱਤੀ। ਸ਼ਿਕਾਇਤਕਰਤਾ ਨੇ ਆਈਜੀ ਰੈਂਕ ਦੇ ਕਿਸੇ ਅਫ਼ਸਰ ਤੋਂ ਜਾਂਚ ਕਰਾਉਣ ਦੀ ਮੰਗ ਕਰਦਿਆਂ ਐਨਆਰਆਈ ਵਿੰਗ ਦੀ ਇੰਚਾਰਜ ਗੁਰਪ੍ਰੀਤ ਕੌਰ ਦਿਓ ਦੇ ਨਾਂ ਦਾ ਸੁਝਾਅ ਦਿੱਤਾ ਸੀ। ਕਮਿਸ਼ਨ ਨੇ ਮਾਮਲਾ ਆਈਜੀ ਗੁਰਪ੍ਰੀਤ ਕੌਰ ਦਿਓ ਨੂੰ ਸੌਂਪ ਕੇ ਵਿਸ਼ੇਸ਼ ਜਾਂਚ ਟੀਮ ਬਣਾਉਣ ਲਈ ਵੀ ਕਿਹਾ ਸੀ। ਕਮਿਸ਼ਨ ਨੇ ਇਹ ਫ਼ੈਸਲਾ 23 ਮਾਰਚ 2017 ਨੂੰ ਸੁਣਾ ਕੇ ਸਬੰਧਤ ਅਧਿਕਾਰੀ ਤੋਂ 27 ਜੂਨ ਤੱਕ ਰਿ-ਪੋਰਟ ਮੰਗ ਲਈ ਸੀ। ਆਈਜੀ ਨੇ ਸਾਲ ਬੀਤ ਜਾਣ ਤੋਂ ਬਾਅਦ ਅਜੇ ਤੱਕ ਰਿਪੋਰਟ ਨਹੀਂ ਦਿੱਤੀ ਹੈ। ਕਮਿਸ਼ਨ ਨੇ ਸ਼ਿਕ-ਾਇਤਰਕਤਾ ਮਹਿਲਾ ਨੂੰ ਇਨਸਾਫ਼ ਦਿਵਾਉਣ ਲਈ ਐਨਆਰ ਵਿੰਗ ਦੀ ਆਈਜੀ ਗੁਰਪ੍ਰੀਤ ਦਿਓ ਨੂੰ ਜਾਂਚ ਰਿਪੋਰਟ ਦੇਣ ਲਈ ਹੁਣ ਛੇ ਅਪਰੈਲ ਤੱਕ ਦਾ ਸਮਾਂ ਦੇ ਦਿੱਤਾ ਹੈ, ਪਰ ਅੱਗੋਂ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਕਮਿਸ਼ਨ ਵੱਲੋਂ ਪੰਜਾਬ ਪੁਲੀਸ ਦੇ ਤਿੰਨ ਅੱਡ ਅੱਡ ਵਿੰਗਾਂ ਦੇ ਮੁਖੀਆਂ ਤੋਂ ਜਾਂਚ ਕਰਾਉਣ ਦਾ ਹੁਕਮ ਸੁਣਾਇਆ ਜਾ ਚੁੱਕਾ ਹੈ।

# ਦਸਮੇਸ਼ ਪਿਤਾ ਜੀ ਦੇ 52 ਦਰਬਾਰੀ ਕਵੀ ਅਤੇ ਵਿਦਵਾਨ

ਗੁਰੂ ਨਾਨਕ ਸਾਹਿਬ ਜੀ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਪੁਰਾਤਨ ਝੂਠੇ ਕਰਮ-ਕਾਂਡਾਂ ਅਤੇ ਰਹੁ-ਰੀਤਾਂ ਵਿਚੋਂ ਕੱਢ ਕੇ, ਇਲਕਲਾਬੀ ਸਵੈ-ਮਾਣ ਵਾਲਾ ਜੀਵਨ ਜਿਊਣ ਦੇ ਸਮਰੱਥ ਬਣਾਉਣਾ ਸੀ। ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਵਿਚ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਹਨਾਂ ਨੂੰ ਦੂਜੇ ਧਰਮਾਂ ਦਾ ਵੀ ਗਿਆਨ ਸੀ। ਜਿਸ ਨਾਲ ਉਹ ਆਤਮਕ ਵਿੱਦਿਆ ਵਿਚ ਨਿਪੁੰਨ ਸਨ। ਉਹਨਾਂ ਨੇ ਬਹੁਤ ਸਾਰਾ ਸਮਾਂ ਸੰਤਾਂ ਫਕੀਰਾਂ ਨਾਲ ਚਰਚਾ ਵਿਚ ਬਿਤਾਹਿਆ। ਸਿੱਧ ਗੋਸ਼ਟੀ ਵੀ ਉਹਨਾਂ ਦੇ ਇਸ ਹੁਨਰ 'ਤੇ ਹੀ ਆਧਾਰਿਤ ਸੀ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ (660)। ਹੇ ਨਾਨਕ! ਜਦ ਤੱਕ ਦੁਨੀਆਂ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ, ਕਿਸੇ ਦੀ ਗੱਲ ਸੁਣਨਾ ਤੇ ਆਪਣੀ ਕਹਿਣ ਦਾ ਸੁੱਖ ਮਿਲਦਾ ਹੈ। ਇਕ-ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ ਅਤੇ ਸ਼ੰਕੇ ਦੂਰ ਹੁੰਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿਦਿਅਕ, ਰਾਜਨੀਤਿਕ ਪੱਖੋਂ ਜਾਗ੍ਰਿਤ ਕਰਨਾ ਚਾਹਿਆ ਸੀ। ਸਿੱਖਾਂ ਨੂੰ ਆਪਣੀ ਬੋਲੀ ਆਪਣੀ ਲਿਪੀ ਵਿਚ ਉਪਦੇਸ਼ ਨੂੰ ਪੜ੍ਹਨ ਅਤੇ ਸਮਝਣ ਦੇ ਕਾਬਲ ਬਣਾਉਣ ਲਈ ਗੁਰਮੁਖੀ ਲਿਪੀ ਨੂੰ ਇਜ਼ਾਤ ਕੀਤਾ। ਅੱਗੇ ਜਾ ਕੇ ਗੁਰੂਆਂ ਦੇ ਕਾਲ ਵਿਚ ਇਸਨੂੰ ਹੋਰ ਸੰਵਾਰਿਆ ਗਿਆ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖਾਂ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ ਭੱਟਾਂ, ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਪਵਿੱਤਰ ਬਾਣੀ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ-ਰੂਪ ਵਿਚ ਹੈ। ਪਵਿੱਤਰ ਬਾਣੀ ਦੀ ਰਚਨਾਂ ਨੂੰ ਸੰਭਾਲਿਆ ਗਿਆ। ਇਸ ਪ੍ਰਮਾਤਮਾ ਦੀ ਉਸਤੱਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਇਸਦੀ ਵਾਰਤਕ ਵਿਆਖਿਆ ਮਨ ਨੂੰ ਇਕੱਲੀ ਢਾਰਸ ਜਾਂ ਧੀਰਜ ਹੀ ਨਹੀਂ ਦਿੰਦੀ ਸਗੋਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਉਸ ਤੋਂ ਬਾਅਦ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਦਰਜਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਲਈ ਹੈ। 'ਉਪਦੇਸ਼ ਚਹੁੰ ਵਰਣਾ ਕਉ ਸਾਡਾ' ਇਹ ਪੰਜਾਬੀ ਸਾਹਿਤ ਦੀ ਸਿਰਮੌਰ ਸਦੀਵੀ ਵੰਨਗੀ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਨੂੰ ਅੱਗੇ ਗੁਰੂਆਂ ਨੇ ਨਿਰੰਤਰ ਤੋਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸੰਕਲਪ ਵਿਚ ਕੌਮੀ ਉਸਾਰੀ ਦੀ ਵਿਉਂਤਬੰਦੀ ਕੀਤੀ, ਜਿਸ ਵਿਚ ਉਹਨਾਂ ਨੇ ਕਵਿਤਾ ਦਾ ਮਾਧਿਅਮ ਚੁਣਿਆ। ਇਸ ਲਈ ਸਾਹਿਤ ਰਚਨਾ ਕੀਤੀ। ਆਪ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਪੁਰਾਣਾਂ, ਰਮਾਇਣ ਮਹਾਂਭਾਰਤ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਅਨੁਵਾਦ ਕਰਨ ਦਾ ਕੰਮ ਆਰੰਭਿਆ। ਇਸ ਵਿਚ ਦੇਸ਼ ਭਰ ਦੇ ਕਵੀਆਂ ਨੂੰ ਸੱਦਾ ਦਿੱਤਾ ਅਤੇ ਗੁਰੂ ਦਰਬਾਰ ਵਿਚ ਰੱਖਿਆ। ਉਥੇ ਕਵੀਆਂ ਦੀ ਗਿਣਤੀ 52 ਹੋ ਗਈ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਂਕ ਸੀ।



ਆਪ ਜੀ ਨੇ ਅਜਿਹੀ ਮਨੋਹਰ ਕਵਿਤਾ ਰਚੀ, ਜਿਸ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਬਖਸ਼ੀ। ਉਹਨਾਂ ਨੇ ਵਿਦ-ਵਾਨਾਂ ਨੂੰ ਬਨਾਰਸ ਭੇਜਿਆ ਕਿ ਉਹ ਸੰਸਕ੍ਰਿਤ ਦੀ ਸਿੱਖਿਆ ਪ੍ਰਾਪਤ ਕਰਨ। ਜਿਹਨਾਂ ਨੇ ਦੂਜੀਆਂ ਭਾਸ਼ਾਵਾਂ ਦਾ ਅਨੁਵਾਦ ਕਰਕੇ ਗੁਰੂ ਜੀ ਨਾਲ ਧਰਮ ਪ੍ਰਚਾਰ ਵਿਚ ਸਹਾਇਤਾ ਕੀਤੀ। ਇਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਇਸ ਸਾਹਿਤ ਰਚਨਾ ਦਾ ਮਨੋਰਥ ਸੀ ਕਿ ਸਿੱਖਾਂ ਵਿਚ ਬੀਰ-ਰਸ ਭਰਿਆ ਜਾਵੇ ਤਾਂ ਜੋ ਉਹ ਜ਼ੁਲਮ ਦੇ ਵਿਰੁੱਧ ਡਟਣ ਲਈ ਕੁਰਬਾਨੀ ਤੋਂ ਵੀ ਪਿੱਛੇ ਨਾ ਰਹਿਣ।

ਗੁਰੂ ਜੀ ਦੇ ਲੇਖਣੀ ਜੀਵਨ ਦਾ ਸਮਾਂ 1678 ਤੋਂ ਆਰੰਭ ਹੋ ਕੇ ਦੋ ਦਹਾਕੇ ਤੋਂ ਵੱਧ ਸਮਾਂ ਚੱਲਿਆ ਹੈ। ਗੁਰੂ ਜੀ ਲੱਗਭੱਗ ਸਾਢੇ 4 ਸਾਲ ਪਾਉਂਟਾ ਸਾਹਿਬ ਦੀ ਧਰਤੀ ਤੇ 1685-1689 ਤੱਕ ਰਹੇ। ਜਿੱਥੇ ਆਪ ਨੇ ਫੌਜੀ ਛਾਉਣੀਆਂ ਸਥਾਪਤ ਕੀਤੀਆਂ, ਉਥੇ ਪੰਜਾਬੀ ਸਾਹਿਤ ਦਾ ਕੰਮ ਵੀ ਕੀਤਾ। ਗੁਰਬਾਣੀ ਦੀ ਰਚਨਾ ਕੀਤੀ। ਜਦ ਗੁਰੂ ਜੀ ਸਾਹਿਤ ਰਚਨਾ ਦੇ ਕੰਮ ਵਿਚ ਇਕਾਂਤ ਟਿਕਾਣੇ ਦੀ ਤਲਾਸ਼ ਵਿਚ ਸਨ, ਤਦ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਣ ਪਹੁੰਚ ਗਏ। ਉਥੇ ਰਹਿੰਦੇ ਸਮੇਂ ਗੁਰੂ ਜੀ ਨੇ ਇਲਾਕੇ ਦੀ ਸੈਰ ਕੀਤੀ। ਸ਼ਿਕਾਰ ਖੇਡਦੇ ਰਹੇ। ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ ਤੁਸੀਂ ਮੇਰੀ ਰਿਆਸਤ ਵਿਚ ਹੀ ਜੇਕਰ ਟਿਕ ਜਾਊ ਤਾਂ ਚੰਗੀ ਗੱਲ ਹੋਵੇਗੀ। ਗੁਰੂ ਜੀ ਨੇ ਚੰਗੀ ਜਗ੍ਹਾ ਦੇਖ ਕੇ ਇਕ ਕਿਲਾ ਬਣਵਾਇਆ ਜਿਸਦਾ ਨਾਂ ਆਪ ਨੇ ਪਾਉਂਟਾ ਰੱਖਿਆ। ਪਾਉਂਟਾ ਟਿਕ ਕੇ ਆਪ ਨੇ ਸਾਹਿਤ ਰਚਨਾ ਦਾ ਕੰਮ ਜਾਰੀ ਰੱਖਿਆ।

ਉਸ ਸਮੇਂ ਸੰਸਕ੍ਰਿਤ ਜੋ ਪ੍ਰਚਾਰ ਦੀ ਵਿੱਦਿਆ ਸੀ, ਉਪਰ ਬ੍ਰਾਹਮਣਾਂ ਦਾ ਕਬਜਾਂ ਸੀ। ਗੁਰੂ ਜੀ ਨੇ ਉਹਨਾਂ ਦੇ ਗਿਆਨ ਨੂੰ ਲੋਕ ਭਾਸ਼ਾ ਵਿਚ ਰਚ ਕੇ ਆਪਣੇ ਢੰਗ ਦਾ ਪ੍ਰਚਾਰ ਸ਼ੁਰੂ ਕੀਤਾ। ਉਹਨਾਂ ਦੇ ਅਨੁਰੂਪ ਇਲਾਹੀ ਦਰਬਾਰ ਵਿਚ ਵਿਦਵਾਨਾਂ, ਕਵੀਆਂ, ਕਲਮਕਾਰਾਂ ਅਤੇ ਕਲਾਕਾਰਾਂ ਦਾ ਵੱਡਾ ਸੰਗਨ ਹੋ ਗਿਆ, ਜਿਹਨਾਂ ਵਿਚ 52 ਦਰਬਾਰੀ ਕਵੀ ਵੀ ਸ਼ਾਮਲ ਸਨ। ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਹੋਰ ਸਾਧਨਾਂ ਵਿਚ ਕਥਾ-ਕੀਰਤਨ, ਬੀਰ ਰਸ ਅਤੇ ਸ਼ਸਤਰਾਂ ਦਾ ਸਤਿਕਾਰ ਸੰਭਾਲ ਹੁੰਦੀ ਅਤੇ ਵਿੱਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਕਮਾਲ ਸੀ। ਦੂਰ-ਦੂਰ ਤੋਂ ਗੁਣੀ ਗੁਰੂ ਜੀ ਦੀ ਸ਼ੋਭਾ ਸੁਣ ਕੇ ਆਉਂਦੇ ਅਤੇ ਪੂਰਾ ਮਾਣ-ਸਤਿਕਾਰ ਪ੍ਰਾਪਤ ਕਰਦੇ ਸ਼ਾਂਤ ਰਹਿਣ ਲੱਗੇ। ਗੁਰੂ ਜੀ ਸਭ ਦਾ ਬਰਾਬਰ ਸਤਿਕਾਰ ਕਰਦੇ। ਭੱਟ ਵੀ ਆਪਣੀਆਂ ਰਚਨਾਵਾਂ ਦਾ ਗਾਇਨ ਕਰਦੇ ਰਹਿੰਦੇ ਸਨ। ਮੁਗਲ ਦਰਬਾਰ ਦੇ ਸਤਾਏ ਹੋਏ ਕਵੀ ਜਿਵੇਂ ਪੰਡਤ ਸੁਖਦੇਵ, ਬਰਿੰਡ, ਅਲੀਗ, ਕਨੂੰਵਰੇਸ਼, ਕਾਸ਼ੀ ਰਾਮ ਅਤੇ ਭਾਈ ਨੰਦ ਲਾਲ ਗੋਆ ਵਰਗੇ ਵੀ ਗੁਰੂ ਜੀ ਦੀ ਪ੍ਰਤੀਪਾਲਣਾ ਹੇਠ ਆ ਗਏ ਸਨ। ਭਾਵੇਂ 52 ਦਰਬਾਰੀ ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਰਹੇ, ਪਰ ਸਮੇਂ ਸਮੇਂ ਵਿਦਵਾਨਾਂ ਦੇ ਆਉਣ-ਜਾਣ ਦਾ ਤਾਂਤਾ ਲੱਗਾ ਰਹਿੰਦਾ ਸੀ। ਸਮੂਹਿਕ ਲੇਖਣੀ ਨਾਲ ਭਾਵੇਂ ਕਿਸੇ ਸਮੇਂ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸਨੂੰ 'ਵਿਦਿਆ ਸਾਗਰ' ਕਿਹਾ ਜਾਂਦਾ ਸੀ ਪਰ ਅਨੰਦਪੁਰ ਛੱਡਣ ਸਮੇਂ ਖੁਰਦ-ਬੁਰਦ ਹੋ ਗਿਆ, ਸਿਰਫ ਉਹ ਹੀ ਸਾਹਿਤ ਬਚਿਆ ਜੋ ਲੇਖਕਾਂ ਕੋਲ ਸੀ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀਆਂ ਦੀਆਂ ਰਚਨਾਵਾਂ ਵਿਚ ਭਿਆਨਕ ਜੰਗਾਂ ਵਿਚ ਨਗਾਰਿਆਂ ਦੀ ਚੋਟ, ਫੌਜਾਂ ਦੀ ਤਿਆਰੀ, ਰਣਭੂਮੀ ਦੇ ਵੀਰਤਾ ਦ੍ਰਿਸ਼, ਮਹਾਰਾਜ ਦੀ ਸ਼ਖਸੀਅਤ, ਤੀਰ ਅੰਦਾਜ਼ੀ, ਸ਼ਿਕਾਰ, ਗਤਕੇ ਦੇ ਕਰਤੱਵ ਆਦਿ ਦੇ ਪ੍ਰਸੰਗਾਂ ਦਾ ਵੇਰਵਾ ਉਹਨਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵੱਡੇ ਵੱਡੇ ਇਕੱਠ ਦੇ ਸਮੇਂ ਰਚਨਾਵਾਂ ਦੇ ਪਰਚੇ ਸੰਗਤਾਂ ਵਿਚ ਵੰਡੇ ਜਾਂਦੇ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਦਸਮੇਸ਼ ਪਿਤਾ ਜੀ ਦੀ ਲਾਸਾਨੀ ਸ਼ਖਸੀਅਤ ਬਿਆਨ ਨਹੀਂ ਕੀਤੀ ਜਾ ਸਕਦੀ ਪਰ ਦਰਬਾਰੀ ਕਵੀਆਂ ਨੇ ਆਪ ਜੀ ਦੀ ਸ਼ਖਸੀਅਤ ਦੇ ਦੀਦਾਰ ਪ੍ਰਾਪਤ ਕੀਤੇ ਹਨ, ਉਹਨਾਂ ਨੇ ਸ਼ਖਸੀਅਤ ਨੂੰ ਬਿਆਨ ਕਰਦਿਆਂ ਉਹਨਾਂ ਦਾ ਸਤਿਕਾਰ ਵਿਚ ਸਿਰ ਝੁਕਦਾ ਹੈ।

ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਨੰਦ ਲਾਲ ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਮਹਾਰਾਜ ਦੇ ਗੁਣਾਂ ਦੀ ਉਪਮਾ ਕਰਦਿਆਂ ਲਿਖਦੇ ਹਨ।

ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ
ਫਰਕ ਓ ਬਰ ਪਾਇ ਗੁਰੂ ਗੋਬਿੰਦ ਸਿੰਘ

ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ।

52 ਦਰਬਾਰੀ ਕਵੀਆਂ ਅਤੇ ਵਿਦਵਾਨਾਂ ਦੇ ਪੱਖ ਵਿਚ ਇਹ ਗੱਲ ਅਹਿਮ ਹੈ ਕਿ ਗੁਰੂ ਜੀ ਨੂੰ ਖੁਦ ਸ਼ਾਇਰੀ ਦਾ ਬੜਾ ਸ਼ੌਂਕ ਸੀ। ਉਹ ਆਪਣੀ ਨਿਗਰਾਨੀ ਹੇਠ ਕਾਵਿ ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਨੂੰ ਮਾਣ-ਸਨਮਾਨ ਨਾਲ ਨਿਵਾਜਦੇ। ਅੱਜ ਵੀ ਪਾਉਂਟਾ ਸਾਹਿ ਦੀ ਧਰਤੀ 'ਤੇ ਕਵੀ ਦਰਬਾਰ ਅਸਥਾਨ ਮੌਜੂਦ ਹੈ, ਜਿੱਥੇ ਹਰ ਪੂਰਨਮਾਸ਼ੀ ਦੇ ਦਿਨ ਪ੍ਰਬੰਧਕਾਂ ਵੱਲੋਂ ਕਵੀ ਦਰਬਾਰ ਸਜਾਇਆ ਜਾਂਦਾ ਹੈ।

# ਸਰਕਾਰਾਂ ਨੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਭਾਰਤ ਨਹੀ ਸਿਰਜਿਆ

ਸਰਕਾਰਾਂ ਤੇ ਆਗੂ ਭਾਰਤ ਦੀ ਅਜ਼ਾਦੀ ਦੇ ਮਹਾਂਨਾਇਕ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਤਾਂ ਹਰ ਸਾਲ ਭੇਟ ਕਰਦੇ ਆ ਰਹੇ ਹਨ ਪਰ ਉਹ ਸ਼ਹੀਦ ਭਗਤ ਸਿੰਘ ਤੇ ਹੋਰ ਅਜ਼ਾਦੀ ਘੁਲਾਟੀਆਂ ਦੇ ਵਿਚਾਰਾਂ ਦਾ ਭਾਰਤ ਸਿਰਜਨ ਲਈ ਕੁੱਝ ਨਹੀ ਕਰ ਰਹੇ। ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਅਸੈਂਬਲੀ ਹਾਲ ਵਿੱਚ ਜੋ ਪੇਪਰ ਸੁੱਟੇ ਸੀ, ਉਹ ਅਸਲ 'ਚ ਉਹਨਾਂ ਦੀ ਵਿਚਾਰਧਾਰਾ ਦਾ ਦਸਤਾਵੇਜ਼ ਸਨ। ਪੇਪਰ 'ਚ ਉਹਨਾਂ ਨੇ ਲਿਖਿਆ ਸੀ ਕਿ ਮਨੁੱਖ ਵੱਲੋਂ ਮਨੁੱਖ ਦਾ ਅਤੇ ਇੱਕ ਰਾਸ਼ਟਰ ਵੱਲੋਂ ਰਾਸ਼ਟਰ ਦਾ ਸ਼ੋਸ਼ਣ ਜਦੋਂ ਤੱਕ ਬੰਦ ਨਹੀਂ ਹੁੰਦਾ ਉਦੋਂ ਤੱਕ ਮਨੁੱਖਤਾ ਨੂੰ ਉਸ ਦੇ ਦੁੱਖ-ਦਰਦਾਂ ਤੋਂ ਛੁਟਕਾਰਾ ਨਹੀ ਮਿਲ ਸਕਦਾ ਹੈ। ਭਗਤ ਸਿੰਘ ਦਾ ਕਹਿਣਾ ਸੀ ਕਿ ਅਸੀ ਸੱਤਾ ਨਹੀਂ, ਵਿਵਸਥਾ ਪ੍ਰੀਵਰਤਨ ਕਰਨਾ ਚਾਹੁੰਦੇ ਹਾ। ਉਹਨਾਂ ਦਾ ਕਹਿਣਾ ਸੀ ਕਿ ਮਜ਼ਦੂਰ ਵਰਗ ਹੀ ਸਮਾਜ ਦਾ ਅਸਲੀ ਪਾਲਣਹਾਰਾ ਹੈ। ਸਭ ਤੋਂ ਉਪਰਲੀ ਸੱਤਾ 'ਤੇ ਜਨਤਾ ਦੀ ਸਥਾਪਨਾ ਹੀ ਮਜ਼ਦੂਰ ਵਰਗ ਦਾ ਅੰਤਿਮ ਟੀਚਾ ਹੈ।

ਉਹਨਾਂ ਕਿਹਾ ਮਜ਼ਦੂਰਾਂ ਤੇ ਕਿਸਾਨਾਂ ਨੂੰ ਨਾ ਸਿਰਫ਼ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ ਬਲਕਿ ਉਹਨਾਂ ਦੀ ਮਿਹਨਤ ਦੇ ਫਲ ਲੋਟੂ ਲੁੱਟ ਲੈਂਦੇ ਹਨ। ਇੱਕ ਪਾਸੇ ਕਿਸਾਨਾਂ ਦੇ ਬਾਲ ਬੱਚੇ ਭੁੱਖੇ ਮਰਦੇ ਹਨ। ਕੱਪੜਾ ਮਜ਼ਦੂਰ ਦੇ ਬੱਚਿਆਂ ਦੇ ਤਨ ਨੰਗੇ ਹਨ, ਜਦ ਕਿ ਉਹ ਸਾਰੀ ਦੁਨੀਆਂ ਨੂੰ ਆਪਣੇ ਹੱਥੀਂ ਕੱਪੜਾ ਬਣਾ ਕੇ ਦਿੰਦੇ ਹਨ। ਰਾਜ, ਲੋਹਾਰ ਤੇ ਤਰਖਾਣ, ਜੋ ਸ਼ਾਨਦਾਰ ਮਹੱਲ ਉਸਾਰਦੇ ਹਨ, ਆਪ ਗੰਦੀਆਂ ਬਸਤੀਆਂ ਵਿੱਚ ਜੀਵਨ ਬਤੀਤ ਕਰਦੇ ਮਰ ਜਾਂਦੇ ਹਨ। ਸਰਮਾਏਦਾਰ ਤੇ ਧਨਾਡ ਆਪਣੀ ਮੌਜ ਮਸਤੀ ਲਈ ਲੱਖਾਂ ਮਜ਼ਦੂਰ ਕਿਸਾਨਾਂ ਨੂੰ ਉਜਾੜ ਦਿੰਦੇ ਹਨ। ਇਸ ਵਿਵਸਥਾ ਨੂੰ ਬਦਲਣ ਲਈ ਇੱਕ ਇਨਕਲਾਬ ਦੀ ਲੋੜ ਹੈ, ਇਸ ਲਈ ਜਿਹੜੇ ਵੀ ਇਸ ਵਿਵਸਥਾ ਨੂੰ ਬਦਲਣਾ ਚਾਹੁੰਦੇ ਹਨ ਉਹ ਸੋਸ਼ਲਿਸਟ ਬੁਨਿਆਦਾਂ 'ਤੇ ਸਮਾਜ ਦੀ ਮੁੜ ਉਸਾਰੀ ਕਰਨ ਲਈ ਆਪਣਾ ਯੋਗਦਾਨ ਪਾਉਣ।

ਕਾਂਗਰਸ ਪਾਰਟੀ ਦਾ 1928 'ਚ ਉਸ ਸਮੇਂ ਪੰਜਾਬ ਦੀ ਰਾਜਧਾਨੀ ਲਹੌਰ ਵਿਖੇ ਸਲਾਨਾ ਇਜਲਾਸ ਹੋਇਆ। ਇਜਲਾਸ ਵਿਚ ਮਤਾ ਪਾਸ ਕਰਦਿਆ ਜਵਾਹਰ ਲਾਲ ਨਹਿਰੂ ਤੇ ਗਾਂਧੀ ਜੀ ਨੇ ਦੇਸ਼ ਵਾਸੀਆਂ ਨਾਲ ਵਾਇਦਾ ਕੀਤਾ ਸੀ ਕਿ ਦੇਸ਼ ਵਾਸੀਓ! ਤੁਸੀਂ ਸਾਨੂੰ ਸਾਥ ਦਿਓ, ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿਆਂਗੇ। ਅਜ਼ਾਦ ਭਾਰਤ ਵਿੱਚ ਸਭ ਲਈ ਰੋਟੀ, ਕੱਪੜੇ ਤੇ ਮਕਾਨ ਦਾ ਪ੍ਰਬੰਧ ਹੋਵੇਗਾ। ਨਾ ਕੋਈ ਮਾਲਕ ਹੋਵੇਗਾ ਤੇ ਨਾ ਹੀ ਕੋਈ ਨੌਕਰ ਹੋਵੇਗਾ। ਨਾ ਕੋਈ ਜਿਮੀਂਦਾਰ ਹੋਵੇਗਾ ਤੇ ਨਾ ਹੀ ਕੋਈ ਮਜਾਹਰਾ ਹੋਵੇਗਾ। ਨਾ ਕੋਈ ਉੱਚ ਹੋਵੇਗਾ ਤੇ ਨਾ ਹੀ ਕੋਈ ਨੀਚ ਹੋਵੇਗਾ, ਸਭ ਦੇਸ਼ ਵਾਸੀ ਸਮਾਨ ਹੋਣਗੇ।

ਭਾਰਤੀ ਲੋਕਾਂ ਨੇ ਜਾਤ, ਮਜ਼ਹਬ, ਧਰਮ ਤੋਂ ਉਪਰ ਉੱਠ ਕੇ ਨਹਿਰੂ ਤੇ ਗਾਂਧੀ ਜੀ ਦਾ ਸਿਰਫ਼ ਸਾਥ ਹੀ ਨਹੀ ਦਿੱਤਾ ਬਲਕਿ ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਭਗਤ ਸਿੰਘ ਤੇ ਹੋਰ ਸੈਂਕੜੇ ਅਜ਼ਾਦੀ ਘੁਲਾਟੀਆਂ ਨੇ ਸ਼ਹੀਦੀਆ ਵੀ ਦਿੱਤੀਆ। 15 ਅਗਸਤ 1947 ਨੂੰ ਭਾਰਤ ਸੈਂਕੜੇ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ ਆਜ਼ਾਦ ਹੋਇਆ ਤੇ ਦੇਸ਼ ਦੀ ਵਾਗ-ਡੋਰ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਸੌਂਪੀ ਗਈ। ਸੰਵਿਧਾਨ ਘਾੜਿਆ ਨੇ ਗੁਲਾਮੀ ਸਮੇਂ ਦੀ ਗੈਰ ਅਮਾਨਵੀ ਅਸਮਾਨਤਾ ਪਰ ਅਧਾਰਿਤ ਦੁੱਖ ਮਈ ਵਿਵਸਥਾ ਨੂੰ ਬਦਲ ਕੇ ਨਵੀਂ ਵਿਕਾਸਵਾਦੀ ਆਦਰਸ਼ ਸਮਾਜ ਵਿਵਸਥਾ ਦੀ ਸਿਰਜਣਾ ਲਈ ਸਭ ਨਾਗਰਿਕਾਂ ਲਈ, ਇਕ ਵਿਅਕਤੀ, ਇਕ ਵੋਟ, ਇਕ ਕੀਮਤ ਦੀ ਵਿਵਸਥਾ ਕੀਤੀ ਅਤੇ ਪਾਰਲੀਮੈਂਟਰੀ ਲੋਕਤੰਤਰ ਨੂੰ ਅਪਣਾਇਆ ਗਿਆ।



ਡਾਕਟਰ ਅੰਬੇਡਕਰ ਨੇ ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਘੁਲਾਟੀਆਂ ਦੇ ਸੁਪਨਿਆ ਦੇ ਭਾਰਤ ਦੀ ਸਿਰਜਨਾ ਲਈ ਸੰਵਿਧਾਨ ਸਭਾ ਵਿਚ "ਸੰਸਦੀ ਲੋਕ ਰਾਜ 'ਤੇ ਅਧਾਰਤ "ਰਾਜ ਦਾ ਸੰਵਿਧਾਨਕ ਸਮਾਜਵਾਦ" ਮਾਡਲ ਪੇਸ਼ ਕੀਤਾ। ਜਿਸ ਵਿਚ ਉਨ੍ਹਾਂ ਕਿਹਾ ਉਦਯੋਗ ਰਾਜ ਦੀ ਮਲਕੀਅਤ ਹੋਣੇ ਚਾਹੀਦੇ ਹਨ ਅਤੇ ਰਾਜ ਦੁਆਰਾ ਹੀ ਚਲਾਏ ਜਾਣ। ਕਿਉਕਿ ਭਾਰਤ ਪੈਂਡੂ ਖੇਤੀ ਅਧਾਰਤ ਦੇਸ਼ ਹੈ। ਪਿੰਡਾਂ ਵਿਚ ਲੋਕਾਂ ਨੂੰ ਸਿਰਫ਼ ਹਾੜੀ-ਛਾਉਣੀ ਕੰਮ ਮਿਲਦਾ ਹੈ ਬਾਕੀ ਸਾਰਾ ਸਾਲ ਉਹ ਵਿਹਲੇ ਰਹਿੰਦੇ ਹਨ। ਜਿਸ ਕਾਰਨ ਉਹ ਗਰੀਬ ਹਨ। ਜੇ ਸਰਕਾਰ 50-50 ਪਿੰਡਾਂ ਨੂੰ ਇਕ ਯੂਨਿਟ ਮੰਨਕੇ ਉਹਨਾਂ ਦੇ ਦਰਮਿਆਨ ਇਕ ਵੱਡੀ ਇੰਡਸਟਰੀ ਲਾਵੇ ਤਾਂ ਉਥੇ ਜਦ ਇਕ ਪਾਸੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਕੰਮ ਮਿਲੇਗਾ ਤਾਂ ਦੂਜੇ ਪਾਸੇ ਬੇਰੋਜ਼ਗਾਰੀ ਤੇ ਗਰੀਬੀ ਨੂੰ ਠਿੱਲ੍ਹ ਪਵੇਗੀ ਤਾਂ ਲੋਕ ਖੁਸ਼ਹਾਲ ਵੀ ਹੋਣਗੇ ਅਤੇ ਦੇਸ਼ ਤਰੱਕੀ ਕਰੇਗਾ।

ਉਹਨਾਂ ਅੱਗੇ ਕਿਹਾ ਕਿ ਦੇਸ਼ ਦੇ ਦਲਿਤ ਮਜ਼ਦੂਰ ਕਿਸਾਨ ਵੱਡੇ ਜਿਮੀਂਦਾਰਾਂ ਦੇ ਅਤਿਆਚਾਰਾਂ ਦਾ ਸ਼ਿਕਾਰ ਹਨ। ਉਨ੍ਹਾਂ ਨੂੰ ਜਿਮੀਦਾਰਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਜਿਸ ਕਾਰਨ ਉਹ ਗੁਲਾਮਾਂ ਜੈਸੀ ਜ਼ਿੰਦਗੀ ਜਿਊਂਦੇ ਹਨ। ਉਹ ਵੀ ਆਜ਼ਾਦੀ ਦਾ ਆਨੰਦ ਮਾਣ ਸਕਣ ਇਸ ਲਈ ਭੂਮੀ ਦਾ ਕੌਮੀ-ਕਰਨ ਹੋਣਾ ਜਰੂਰੀ ਹੈ। 20-20 ਹਜ਼ਾਰ ਦੇ ਵੱਡੇ ਵੱਡੇ ਫਾਰਮ ਬਣਾਕੇ ਉਹਨਾਂ 'ਤੇ ਆਧੂਨਿਕ ਮਸ਼ੀਨਰੀ ਨਾਲ ਸਮੂਹਿਕ ਤੌਰ ਤੇ ਖੇਤੀ ਕੀਤੀ ਜਾਵੇ। ਅਜਿਹਾ ਹੋਣ ਨਾਲ ਨਾ ਕੋਈ ਜਿਮੀਦਾਰ ਹੋਵੇਗਾ ਤੇ ਨਾ ਹੀ ਕੋਈ ਮਜ਼ਾਰਾ ਹੋਵੇਗਾ। ਸਭ ਲੋਕ ਕੰਮ ਕਰਨਗੇ, ਸਭ ਨੂੰ ਬਰਾਬਰ ਤਨਖਾਹ ਮਿਲੇਗੀ। ਸਮਾਨਤਾ ਕਾਰਨ ਕਿਸੇ ਨੂੰ ਕੋਈ ਦਬਾ ਨਹੀਂ ਸਕੇਗਾ। ਉਹਨਾਂ ਇਹ ਵੀ ਕਿਹਾ ਕਿ ਬੀਮਾ ਰਾਜ ਦੀ ਅਜਾਰਾਦਾਰੀ ਹੋਣੀ ਚਾਹੀਦੀ ਹੈ ਅਤੇ ਹਰੇਕ ਨਾਗਰਿਕ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਆਪਣੀ ਉਜਰਤ ਮੁਤਾਬਿਕ ਜਿਵੇਂ ਕਾਨੂੰਨ ਰਾਹੀਂ ਤੈਅ ਹੋਵੇ, ਜੀਵਨ ਬੀਮਾ ਕਰਵਾਏ। ਉਹਨਾਂ ਕਿਹਾ, ਖੇਤੀ ਪ੍ਰਧਾਨ ਭਾਰਤ ਵਿਚ ਸਭ ਉਦਯੋਗਾਂ ਦਾ ਅਧਾਰ ਖੇਤੀ ਬਣੇ ਕਿਉਂਕਿ ਉਦਯੋਗੀਕਰਨ ਤੋਂ ਬਿਨਾ ਕਿਸੇ ਵੀ ਦੇਸ਼ ਦੀ ਅਰਥਵਿਵਸਥਾ ਨਹੀ ਸੁਧਰ ਸਕਦੀ। ਇਸ ਲਈ ਦੇਸ਼ ਵਿਚ ਉਦਯੋਗਿਕ ਵਾਤਾਵਰਣ ਪੈਦਾ ਕਰਨ ਲਈ ਵਿਦਿਆ ਉਦਯੋਗ ਮੁੱਖੀ ਦਿੱਤੀ ਜਾਵੇ ਤਾਂ ਜੋ ਕਿ ਪੜ੍ਹ ਲਿੱਖ ਕੇ ਵਿਦਿਆਰਥੀ ਅਤੇ ਨੌਜ਼ਵਾਨ ਖੁੱਦ ਆਪਣੇ ਉਦਯੋਗ ਸਥਾਪਤ ਕਰ ਸਕਣ ਅਤੇ ਉਹਨਾਂ ਨੂੰ ਰੁਜ਼ਗਾਰ ਮਿਲ ਸਕੇ। ਇਸ ਪ੍ਰਕਾਰ ਨਾ ਸਿਰਫ਼ ਉਤਪਾਦਨ ਹੀ ਵਧੇਗਾ ਬਲਕਿ ਉਤਪਾਦਨ ਦੀ ਕੁਆਲਿਟੀ 'ਚ ਵੀ ਵਾਧਾ ਹੋਵੇਗਾ।

ਸਿੱਖਿਆ ਨੂੰ ਸਮਾਜ ਸੁਧਾਰ ਦਾ ਤੰਤਰ ਬਣਨਾ ਚਾਹੀਦਾ ਹੈ। ਸਿੱਖਿਆ ਹਰ ਇਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਉਹਨਾਂ ਸਿੱਖਿਆ ਦੇ ਅਧਿਕਾਰ ਨੂੰ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਰੱਖਣ ਅਤੇ 14 ਸਾਲ ਤਕ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਕਿਉਕਿ ਉੱਚ ਸਿੱਖਿਆ ਹੀ ਸਭਿਅਤ ਹੋਣ ਦਾ ਇਕ ਮਾਤਰ ਸਾਰ ਹੈ। ਉਹਨਾਂ ਕਿਹਾ ਵਿਦਿਆ ਵਿਚ ਅਸੀਮ ਸ਼ਕਤੀ ਹੈ। ਸਮਾਜਿਕ ਗੁਲਾਮੀ ਨੂੰ ਖਤਮ ਕਰਨ ਲਈ ਵਿਦਿਆ ਇਕ ਕਾਰਗਰ ਹਥਿਆਰ ਹੈ। ਜੇ ਔਰਤ-ਮਰਦ ਨੂੰ ਸਮਾਨ ਸਿੱਖਿਆ ਦਿੱਤੀ ਜਾਵੇ ਤਾਂ ਉਹ ਅਮੀਰ-ਗਰੀਬ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਸਮਾਪਤ ਕਰ ਸਕਦੀ ਹੈ। ਉੱਚ ਸਿੱਖਿਆ ਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਦਾ ਸਭ ਤੋਂ ਕਾਰਗਰ ਸਾਧਨ ਹੈ। ਉਹਨਾਂ ਦਾ ਕਹਿਣਾ ਸੀ ਕਿ ਸਿੱਖਿਆ ਦਾ ਜੇ ਮਤਲਵ ਕੇਵਲ ਰੋਟੀ-ਰੋਜ਼ੀ ਤਕ ਹੀ ਹੈ ਤਾਂ ਇਸ ਦਾ ਪ੍ਰਭਾਵ ਸੀਮਤ ਹੋਵੇਗਾ। ਜੋ ਸਿੱਖਿਆ ਮਨੁੱਖ ਵਿਚ ਕਦਰਾਂ-ਕੀਮਤਾਂ ਪੈਦਾ ਕਰਦੀ ਹੈ ਉਹ ਹੀ ਸੰਪੂਰਨ ਹੈ।



ਐਸ ਐਲ ਵਿਰਦੀ ਐਡਵੋਕੇਟ
+91-98145 17499

ਸੰਵਿਧਾਨ ਦੇ ਪੈਰਾ (4) ਵਿਚ ਜੋ ਆਰਥਿਕ ਅਧਿਕਾਰ ਦਰਸਾਏ ਗਏ ਹਨ ਡਾਕਟਰ ਅੰਬੇਡਕਰ ਇਹਨਾਂ ਨੂੰ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਦੇ ਪੈਰਾ (3) ਵਿਚ ਸ਼ਾਮਲ ਕਰਨਾ ਚਾਹੁੰਦੇ ਹਨ। ਪਰ ਬਦ-ਕਿਸਮਤੀ ਨਾਲ ਉਨ੍ਹਾਂ ਦਾ ਸਮਾਜਵਾਦੀ ਮਾਡਲ ਸੰਵਿਧਾਨ ਸਭਾ ਵਲੋਂ ਮਨਜ਼ੂਰ ਨਹੀਂ ਕੀਤਾ ਗਿਆ ਅਤੇ ਇਸ ਲਈ ਹਰ ਮਨੁੱਖ ਨੂੰ ਰੁਜਗਾਰ ਦਾ ਅਧਿਕਾਰ, ਲੁੱਟ, ਘਸੁੱਟ ਦੇ ਵਿਰੋਧ ਦਾ ਅਧਿਕਾਰ, ਵਿਤਕਰਾ ਖਤਮ ਕਰਨ ਦਾ ਅਧਿਕਾਰ, ਆਧੁਨਿਕ ਪਿੰਡਾਂ ਦੇ ਨਿਰਮਾਣ ਦਾ ਅਧਿਕਾਰ ਆਦਿ ਸਾਰੇ ਹੀ ਮੁੱਖ ਮੁੱਦੇ ਸੰਵਿਧਾਨ ਸਭਾ ਦੇ ਮੈਂਬਰਾਂ ਵਲੋਂ ਸੰਸਦ ਮੈਂਬਰਾਂ (ਪਾਰਲੀਮੈਂਟ) ਦੇ ਰਹਿਮੋ ਕਰਮ 'ਤੇ ਛੱਡ ਦਿਤੇ ਗਏ।

ਸਰਕਾਰ ਜਾਂ ਵਿਰੋਧੀ ਧਿਰ ਕੋਈ ਵੀ ਹੋਵੇ ਪਿੱਛਲੇ ਦਹਾਕੇ ਤੋਂ ਪਾਰਲੀਮੈਂਟ ਨੂੰ ਚਲਣ ਹੀ ਨਹੀ ਦੇ ਰਹੀਆ। ਸਮੂਹ ਰਾਜਨੀਤਕ ਪਾਰਟੀਆਂ, ਦੇਸ਼ ਜਾਂ ਸਵਿਧਾਨਕ ਸਿਧਾਂਤਾਂ ਨੂੰ ਤਰਜੀਹ ਨਹੀਂ ਦਿੰਦੀਆਂ, ਸਗੋਂ ਨੇਤਾ ਲੋਕ ਆਪਣੇ ਸਵਾਰਥਾਂ ਨੂੰ ਤਰਜੀਹ ਦਿੰਦੇ ਹਨ। ਪਾਰਟੀਆਂ ਤੇ ਸੰਸਦ ਮੈਂਬਰਾਂ ਦਾ ਕਿਰਦਾਰ ਇਹ ਹੈ ਕਿ ਉਹ ਲੋਕਾਂ ਦਾ ਖਿਆਲ ਨਹੀਂ, ਨੋਟਾਂ ਤੇ ਵੋਟਾਂ ਦਾ ਖਿਆਲ ਰੱਖ ਕੇ ਪਾਰਲੀਮੈਂਟ ਚਲਾਈ ਜਾ ਰਹੀ ਹੈ। ਹਰ ਨੇਤਾ ਆਪਣੀ ਇੱਛਾ ਅਨੁਸਾਰ ਪਾਰਲੀਮੈਂਟ ਨੂੰ ਚਲਾਉਣਾ

**(ਬਾਕੀ ਅਗਲੇ ਸਫੇ ਤੇ)**

ਸ੍ਰੀ ਸੀ ਐਲ ਚੁੰਬਰ ਜੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ 'ਕੌਮੀ ਉਭਾਰੀਆਂ', ਜਲੰਧਰ (1985) 'ਚੋਂ ਧੰਨਵਾਦ ਸਹਿਤ

## ਆਦਿ ਧਰਮ ਤੋਂ ਪਹਿਲਾਂ ਦੇ ਹਾਲਾਤ

# ਸਾਡੇ ਲਈ ਸਕੂਲਾਂ ਦੇ ਬੰਦ ਦਰਵਾਜ਼ੇ ਕਿਵੇਂ ਖੁੱਲ੍ਹੇ

**ਪੰਡਿਤ ਬਖਸ਼ੀ ਰਾਮ**

ਨੂਰਮਹਿਲ ਜ਼ਿਲ੍ਹਾ ਜਲੰਧਰ ਵਿਚ ਇਕ ਪ੍ਰਸਿੱਧ ਕਸਬਾ ਹੈ, ਇੱਥੇ ਬਾਦਸ਼ਾਹ ਜਹਾਂਗੀਰ ਦੀ ਪਤਨੀ ਬੇਗਮ ਨੂਰਜਹਾਂ ਦੀ ਸਰਾਂ ਹੈ, ਜਿਸ ਕਰਕੇ ਇਸ ਕਸਬੇ ਦਾ ਨਾਂ ਨੂਰਮਹਿਲ ਪਿਆ।

ਇਸ ਦੇ ਪਾਸ ਹੀ ਸਿਧਮ ਮਸਦੀ ਪਿੰਡ ਹੈ, ਜਿਸ ਦਾ ਸਰਪੰਚ ਸ੍ਰੀ ਪੂਨੂ ਰਾਮ ਆਦਿ ਧਰਮੀ ਸੀ, ਜਿਸ ਨੇ ਦੱਸਿਆ ਕਿ ਮੇਰਾ ਪਿਤਾ ਜ਼ਿਮੀਂਦਾਰਾਂ ਦੇ ਨਾਲ ਆਸਟ੍ਰੇਲੀਆ ਚਲਾ ਗਿਆ, ਉਥੇ ਉਸ ਨੂੰ ਵਿਦਿਆ ਦੇ ਪੜ੍ਹਨ ਪੜ੍ਹਾਉਣ ਦਾ ਗਿਆਨ ਹੋਇਆ ਕਿ ਵਿੱਦਿਆ ਤੋਂ ਬਿਨਾਂ ਆਦਮੀ ਦੀ ਕੋਈ ਵੁੱਕਤ ਨਹੀਂ। ਉਹਦੇ ਮਨ ਵਿਚ ਮੈਨੂੰ ਪੜ੍ਹਾਉਣ ਦਾ ਖਿਆਲ ਪੈਦਾ ਹੋਇਆ, ਮੈਨੂੰ ਪਿੰਡ ਚੂਹਕੀ ਇਕ ਮੌਲਵੀ ਦੇ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਮੈਂ ਆਰੀਆ ਮਿਡਲ ਸਕੂਲ, ਨੂਰਮਹਿਲ ਵਿਚ ਦਾਖਲ ਹੋ ਗਿਆ। ਜਦ ਸ਼ਹਿਰ ਦੇ ਹਿੰਦੂਆਂ ਨੂੰ ਪਤਾ ਲੱਗਾ ਕਿ ਮੈਂ ਆਦਿ ਧਰਮੀਆਂ ਦਾ ਲੜਕਾ ਹਾਂ, ਉਹਨਾਂ ਸ਼ੋਰ ਮਚਾਇਆ, ਜਿਸ ਕਰਕੇ ਅਧਿਕਾਰੀਆਂ ਨੇ ਮੇਰਾ ਨਾਂ ਸਕੂਲ ਵਿਚੋਂ ਕੱਟ ਦਿੱਤਾ। ਮੇਰੇ ਪਿਤਾ ਜੀ ਨੇ ਮੇਰੇ ਦਾਖਲੇ ਲਈ ਅਦਾਲਤਾਂ ਦਾ ਦਰਵਾਜ਼ਾ ਖੜਕਾਇਆ, ਆਖਿਰਕਾਰ ਹਾਈ ਕੋਰਟ ਲਾਹੌਰ ਨੇ ਦਾਖਲੇ ਦਾ ਫੈਸਲਾ ਦੇ ਦਿੱਤਾ ਤਾਂ ਸਕੂਲਾਂ ਦੇ ਦਰਵਾਜ਼ੇ ਸਾਡੇ ਲ ਈ ਖੁੱਲ੍ਹੇ, ਇਹ ਗੱਲ 1905 ਈ: ਦੀ ਹੈ। ਇਸ ਤੋਂ ਬਾਅਦ ਸਕੂਲਾਂ ਦੇ ਦਰਵਾਜ਼ੇ ਦਲਿਤਾਂ ਲਈ ਖੁੱਲ੍ਹੇ।

ਸਾਡੇ ਪਿੰਡ ਬੰਡਾਲਾ ਨਜ਼ਦੀਕ ਜੰਡਿਆਲਾ ਮੰਜ਼ਕੀ (ਜਲੰਧਰ) ਦਾ ਖਾਲਸਾ ਹਾਈ ਸਕੂਲ, ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੀ ਪ੍ਰੇਰਨਾ ਨਾਲ ਬਣਿਆ, ਜਿਸ ਕਰਕੇ ਸਕੂਲ ਦਾ ਦਰਵਾਜ਼ਾ ਦਲਿਤ ਜਾਤੀ ਲਈ ਖੁੱਲ੍ਹ ਗਿਆ, ਇਸ ਵਿਚ ਇਕ ਰਹਿਤੀਆ ਦਾ ਲੜਕਾ ਦਾਖਲ ਹੋ ਗਿਆ। ਉਹਨਾਂ ਦੇ ਇਸ ਆਦਮੀ ਨਿਧਾਨ ਸਿੰਘ ਨੇ ਅਕਾਲੀ ਲਹਿਰ ਵਿਚ ਹਿੱਸਾ ਲਿਆ ਜੋ ਬਾਅਦ ਵਿਚ ਫਿਜ਼ੀ ਚਲਾ ਗਿਆ।

ਸਕੂਲ ਵਿਚ ਇਕ ਖੂਹ ਸੀ, ਜਿੱਥੇ ਸਾਰੇ ਵਿਦਿਆਥੀ ਪਾਣੀ ਪੀਂਦੇ ਸਨ। ਰਹਿਤੀਆ ਵਿਦਿਆਰਥੀ ਨੇ ਵੀ ਡੋਲ ਖੂਹ ਵਿਚ ਵਰਾਹ ਕੇ ਪਾਣੀ ਪੀ ਲਿਆ, ਉਹਦੇ ਪਾਣੀ ਪੀਣ ਨਾਲ ਸ਼ੋਰ ਮੱਚ ਗਿਆ, ਜੱਟਾਂ ਦੇ ਮੁੰਡਿਆਂ ਨੇ ਉਸ ਨੂੰ ਕੁੱਟਿਆ। ਨਿਧਾਨ ਸਿੰਘ ਨੇ ਦੌਰੇ ਤੇ ਆਏ ਇੰਸਪੈਕਟਰ ਬਿਸ਼ਨ ਸਿੰਘ ਅੱਗੇ ਕਾਕੇ ਦੇ ਕੁੱਟਮਾਰ ਦੀ ਸ਼ਿਕਾਇਤ ਕੀਤੀ। ਉਸ ਨੇ ਪਾਣੀ ਪੀਣ ਦਾ ਹੁਕਮ ਦੇ ਦਿੰਤਾ, ਤਾਂ ਸਕੂਲ ਦੇ ਪ੍ਰਬੰਧਕਾਂ ਨੇ ਖੂਹ ਉਤੇ ਹਲਟੀ ਲਗਾ ਦਿੱਤੀ।

ਇਸ ਸਮੇਂ ਪਿੰਡ ਵਿਚ ਹੋਰ ਘਟਨਾਵਾਂ ਵਾਪਰੀਆਂ। ਇਕ ਇਹ ਕਿ ਪਿੰਡ 'ਚ ਰਹਿਤੀਆਂ ਸਿੱਖਾਂ ਦੀ ਬਰਾਤ ਆਈ। ਬਰਾਤੀਆਂ ਨੇ ਸਵੇਰੇ ਜੰਗਲ ਪਾਣੀ ਜਾ ਕੇ ਛੱਪੜ ਵਿਚ ਹੱਥ ਧੋਤੇ, ਜਿੱਥੇ ਬਾਰਿਸ਼ ਨਾਲ ਮਣਾਂ ਮੂੰਹ ਗੰਦ ਪੈਂਦਾ ਹੈ। ਪਿੰਡ ਦੇ ਜੱਟਾਂ ਨੇ ਬਰਾਤੀਆਂ ਨੂੰ ਇਸ ਕਰਕੇ ਕੁਟਾਪਾ ਚਾੜ੍ਹਿਆ ਕਿ ਉਹਨਾਂ ਛੱਪੜ ਭਿੱਟ ਦਿੱਤਾ। ਦੂਜਾ ਵਾਕਿਆ ਇਹ ਹੋਇਆ ਕਿ ਸਾਡੇ ਵਿਚੋਂ ਸਜੇ ਮਜ਼ਬੀ ਸਿੱਖਾਂ ਤੇ ਬਾਲਮੀਕੀ ਮੰਦਰ ਦੀ ਜਗ੍ਹਾ ਵਿਚੋਂ ਵੱਖਰਾ ਗੁਰਦੁਆਰਾ ਬਣਾ ਲਿਆ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ, ਕੁਝ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਭੰਗ ਦਾ ਕੜਾਹ ਪ੍ਰਸ਼ਾਦ ਛਕ ਲਿਆ, ਪਿੰਡ ਵਾਸੀਆਂ ਨੇ ਉਹਨਾਂ 'ਤੇ ਪੰਚਾਇਤ 'ਚ ਮਾਫੀ ਮੰਗਾਈ।

('ਮੇਰਾ ਜੀਵਨ ਸੰਘਰਸ਼' 'ਚੋਂ ਧੰਨਵਾਦ ਸਹਿਤ)

## ਆਦਿ ਧਰਮ ਰਿਪੋਰਟ ਦਾ ਮੁੱਖ ਬੰਦ

ਭਾਰਤ ਵਿਚ ਚੁਥਾਈ ਆਬਾਦੀ ਅਛੂਤ ਮੰਨੀ ਜਾਂਦੀ ਹੈ, ਉਹ ਲੋਕ ਜੋ ਪੰਜ ਹਜ਼ਾਰ ਸਾਲਾਂ ਤੋਂ (ਅਖੌਤੀ) ਉਚ ਜਾਤੀ ਹਿੰਦੂਆਂ ਦੁਆਰਾ ਗੁਲਾਮ ਬਣਾਏ ਗਏ ਹਨ, ਇਹਨਾਂ ਵਿਚਾਰੇ ਲੋਕਾਂ ਨੂੰ ਉਹਨਾਂ ਦੇ ਰਾਜਨੀਤਿਕ ਅਤੇ ਧਾਰਮਿਕ ਪੱਧਰ ਤੋਂ ਇਸ ਕਦਰ ਵੱਖਰਿਆਂ ਕੀਤਾ ਕਿ ਉਹਨਾਂ ਦੀਆਂ ਜ਼ਿੰਦਗੀਆਂ ਨੂੰ ਕੁਚਲ ਦਿੱਤਾ ਹੈ, ਇੰਨੀ ਬੇਦਰਦੀ ਨਾਲ ਕੁਚਲਿਆ ਗਿਆ ਕਿ ਇਹ ਆਪਣੀ ਪਹਿਚਾਣ ਹੀ ਭੁੱਲ ਗਏ। ਜੇ ਤੁਸੀਂ ਇਹਨਾਂ ਲੋਕਾਂ ਦੀ ਹਾਲਤ ਬਾਰੇ ਚਾਨਣਾ ਪਾਓਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਦੁਨੀਆਂ ਭਰ ਵਿਚ ਹਰ ਕੋਈ ਇਸ ਬਾਰੇ ਜਾਣਦਾ ਹੈ, ਇੱਥੋਂ ਤੱਕ ਕਿ ਛੋਟੇ ਬੱਚੇ ਵੀ। ਇਹਨਾਂ ਦੇ ਮੁੱਢ ਬਾਰੇ ਜਾਣਕਾਰੀ ਦੇਣਾ ਇਸ ਤਰ੍ਹਾਂ ਹੈ ਜਿਵੇਂ ਬਾਸੀ ਭੋਜਨ ਨੂੰ ਦੁਬਾਰਾ ਚਬਾਉਣਾ ਹੋਵੇ। ਇਤਿਹਾਸਕਾਰਾਂ ਨੇ ਮਣਾਂ ਮੂੰਹੀਂ ਕਿਤਾਬਾਂ ਇਸ ਸਬੰਧੀ ਲਿਖੀਆਂ ਹਨ, ਇੰਨੀਆਂ ਕਿਤਾਬਾਂ ਕਿ ਲੰਡਨ ਭਰ ਜਾਏ। ਸਾਡਾ (ਰਿਪੋਰਟ ਦਾ) ਮੰਤਵ ਅਛੂਤਾਂ ਦਾ ਇਤਿਹਾਸਕ ਮੁੱਢ ਦੱਸਣਾ ਨਹੀਂ ਹੈ, ਸਾਨੂੰ ਉਹਨਾਂ ਦੇ ਪਿਛੋਕੜ ਬਾਰੇ ਦੱਸਣ ਅਤੇ ਉਹਨਾਂ ਨੂੰ ਭੜਕਾਉਣ ਨਾਲੋਂ ਸਾਨੂੰ ਅਛੂਤਾਂ ਨੂੰ ਤਰੱਕੀ ਦੇ ਰਸਤੇ ਪਾਉਣਾ ਚਾਹੀਦਾ ਹੈ। ਅਸੀਂ ਅਛੂਤਾਂ ਨੂੰ ਕਿਸੇ ਹੋਰ ਕੌਮ ਵਿਰੁੱਧ ਧਰਮ ਯੁੱਧ ਕਰਨ ਲਈ ਭੜਕਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਇਹ ਉਨਾ ਹੀ ਮਾੜਾ ਹੋਵੇਗਾ ਜਿੰਨਾ ਕਿ ਛੂਆ-ਛਾਤ। ਇਹੀ ਕਾਰਨ ਹੈ ਕਿ ਅਸੀਂ ਉਹਨਾਂ ਸੰਸਥਾਵਾਂ ਨਾਲ ਨਹੀਂ ਮਿਲ ਰਹੇ ਜੋ ਕਹਿੰਦੀਆਂ ਹਨ ਕਿ ਉਹ (ਦੂਜੀਆਂ ਸੰਸਥਾਵਾਂ) ਛੂਆ-ਛਾਤ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਅਤੇ ਜਾਤ ਪਾਤ ਦੇ ਸਮੁੱਚੇ ਪ੍ਰਬੰਧ ਨੂੰ। ਇਹ ਸੰਸਥਾਵਾਂ ਅਛੂਤਾਂ ਨੂੰ ਗਲਤ ਅਗਵਾਈ ਦੇ ਕੇ ਮਲੀਆਮੇਟ ਕਰ ਦੇਣਗੀਆਂ। ਹਕੀਕਤ ਇਹ ਹੈ ਕਿ ਅੰ-ਗਰੇਜ਼ਾਂ ਤੋਂ ਪਹਿਲਾਂ ਭਾਰਤ 'ਤੇ ਰਾਜ ਕਰਦੇ ਹੋਰ ਸਾਰੇ ਗਰੁੱਪਾਂ ਨੇ ਅਛੂਤਾਂ ਨਾਲ ਬੁਰਾ ਵਰਤਾਓ ਕੀਤਾ। ਅਛੂਤਾਂ ਦੀ ਮੌਜੂਦਾ ਹਾਲਤ ਇਹਨਾਂ ਵਿਦੇਸ਼ੀਆਂ (ਆਰੀਆ) ਵੱਲੋਂ ਉਹਨਾਂ (ਅਛੂਤਾਂ) ਨਾਲ ਕੀਤੇ ਵਰਤਾਓ ਕਾਰਨ ਹੈ। ਅਛੂਤ ਭਾਰਤ ਦੇ ਆਦਿਵਾਸੀਆਂ ਦੀ ਸੰਤਾਨ ਹਨ। ਉਹ (ਅਛੂਤ) ਧਰਮ ਖੰਡ ਦੇ ਅਸਲ ਬੱਚੇ ਹਨ ਅਤੇ ਉਹ ਆਪਣੇ ਦੇਸ਼ ਵਿਚ ਸ਼ਾਂਤਮਈ ਅਤੇ ਧਾਰਮਿਕ ਜੀਵਨ ਬਿਤਾ ਰਹੇ ਹਨ ਜਦੋਂ ਕਿ ਖੂੰਖਾਰ ਹਮਲਾਵਰਾਂ ਨੇ ਉਹਨਾਂ ਤੇ ਹਮਲਾ ਕੀਤਾ ਅਤੇ ਦੋਧਾਰੀ ਤਲਵਾਰ ਨਾਲ ਕਤਲੋਗਾਰਤ ਕੀਤੀ। ਪਰ ਫਿਰ ਵੀ ਜਿਵੇਂ ਸਤਿਗੁਰੂ ਕਰੀਬ ਨੇ ਫੁਰਮਾਇਆ ਹੈ, ''ਜਿਹੜਾ ਵੀ ਦੂਜਿਆਂ ਦਾ ਗਲਾ ਕੱਟਦਾ ਹੈ, ਇਕ ਦਿਨ ਉਸ ਦਾ ਆਪਣਾ ਗਲਾ ਕੱਟਿਆ ਜਾਵੇਗਾ।''

ਅੱਜ ਕਾਤਲ 'ਕੁਦਰਤ ਕਾ ਮੇਲਾ' ਦੀ ਦੋਧਾਰੀ ਤਲਵਾਰ ਹੱਥੋਂ ਕਤਲ ਹੋਇਆ ਮਕਤੂਲ ਨਾਲ ਰਹਿ ਰਿਹਾ ਹੈ, ਉਹ ਦੋਵੇਂ ਇਕੋ ਸਰਕਾਰ ਦੇ ਕਾਨੂੰਨਾਂ ਅਧੀਨ ਹੋ ਗਏ ਹਨ ਜੋ ਪੁਰਾਣੀ ਵਿਵਸਥਾ (ਜਾਤੀ ਪ੍ਰਥਾ) ਨੂੰ ਕੁਚਲਣ ਲਈ ਕਿਰਿਆਤਮਕ ਕਦਮ ਚੁੱਕ ਰਹੀ ਹੈ। ਛੂਆਛਾਤ ਇੰਨੀ ਪੈਰ ਜਮਾ ਚੁੱਕੀ ਹੈ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸ ਨੂੰ ਹਿਲਾ ਨਹੀਂ ਸਕਦੀ। ਫਿਰ ਵੀ, ਜਿਵੇਂ ਕਿ ਗੁਰੂ ਨਾਨਕ ਨੇ ਕਿਹਾ, 'ਜੋ ਕੁਝ ਹੋ ਰਿਹਾ ਹੈ, ਉਸ ਕੁਦਰਤ ਦੇ ਵੱਲੋਂ ਹੋ ਰਿਹਾ ਹੈ ਅਤੇ ਸਾਡੇ ਇਨਸਾਨਾਂ ਦੇ ਹੱਥ ਕੁਝ ਵੀ ਨਹੀਂ।'

ਅਛੂਤਾਂ ਨੂੰ ਕੁਚਲਣ ਵਿਚ ਜੋ ਵੀ ਲੱਗਿਆ ਹੈ, ਉਸ ਨੂੰ ਹੁਣ ਕਾਲ ਰਾਹੀਂ ਸਜ਼ਾ ਦਿੱਤੀ ਜਾ ਰਹੀ ਹੈ ਅਤੇ ਅੱਗੋਂ ਵੀ ਸਜ਼ਾ ਦਿੱਤੀ ਜਾਵੇਗੀ, ਇਹ ਸਾਡਾ ਵਿਸ਼ਵਾਸ ਹੈ ਕਿ ਜੀਵ ਆਦਿ-ਪੁਰਖ ਦੇ ਪੈਦਾ ਕੀਤੇ ਹਨ ਅਤੇ ਜੇ ਤਕੜਾ ਮਾੜੇ ਨੂੰ ਦਬਾਉਂਦਾ ਹੈ ਤਾਂ ਸਜ਼ਾ ਦੇਣ ਦਾ ਕੰਮ ਆਦਿ-ਪੁਰਖ ਦੇ ਹੱਥ ਵਿਚ ਰਹਿਣ ਦੇਣਾ ਚਾਹੀਦਾ ਹੈ। ਸਾਨੂੰ ਆਪਣਾ ਮਿਸ਼ਨਰੀ ਕੰਮ ਕਰਦੇ ਰਹਿਣਾ ਹੈ। ਬਦ-ਕਿਸਮਤੀ ਨਾਲ ਅਖੌਤੀ ਉਚ ਜਾਤੀਆਂ (ਹੁਕਮਰਾਨ ਜਾਤੀਆਂ -ਸੀ. ਐਲ. ਚੁੰਬਰ) ਦੇ ਮਾਣਮੱਤੇ ਲੋਕ ਅਜਿਹੇ ਆਦਰਸ਼ ਤੋਂ ਪਰ੍ਹੇ ਹ ਨ। ਇਹੋ ਕਾਰਨ ਹੈ ਕਿ ਅਛੂਤਾਂ ਦੇ ਸਹਾਇਕ ਹੋਣ ਦਾ ਦਾਅਵਾ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਕੋਈ ਖਾਸ ਪ੍ਰਾਪਤੀਆਂ ਨਹੀਂ ਕੀਤੀਆਂ ਗਈਆਂ। ਅਛੂਤਾਂ ਦੀਆਂ ਸਮੱਸਿਆਵਾਂ ਨੂੰ ਉਚ ਜਾਤੀ (ਹੁਕਮਰਾਨ) ਹਿੰਦੂ ਸਮਝ ਨਹੀਂ ਸਕਦੇ। ਇਸ ਦਾ ਭਾਵ ਹੈ ਕਿ ਚਾਹੇ ਕਿਸੇ ਦਾ ਵੀ ਰਾਜ ਰਿਹਾ ਹੋਵੇ, ਸਿੰਧੂ ਘਾਟੀ ਦੀ ਸਭਿਅਤਾ ਵਿਚ ਆਦਿਵਾਸੀਆਂ ਦੀ ਹਾਰ ਤੋਂ ਬਾਅਦ ਆਰੀਆਂ ਨੇ ਆਦਿ ਵਾਸੀਆਂ ਨੂੰ ਸਮਾਜਿਕ ਪ੍ਰਬੰਧ ਅਧੀਨ ਗੁਲਾਮ ਬਣਾਈ ਰੱਖਿਆ (ਸੀ. ਐਲ. ਚੁੰਬਰ)। ਇਸ ਤਰ੍ਹਾਂ ਅਛੂਤ ਪਹਿਲੋਂ ਵਾਂਗ ਤਰਸਯੋਗ ਹਾਲਾਤਾਂ ਵਿਚ ਜਿਊਂਦੇ ਰਹੇ।

ਅੰਤਜ ਉਦਾਰ, ਪਤਿਤ ਉਦਾਰ ਅਤੇ ਦਇਆਨੰਦ ਦਲਿਤ ਉਦਾਰ ਵਰਗੀਆਂ ਸੰਸਥਾਵਾਂ ਅਛੂਤਾਂ ਦੀ ਮਦਦਗਾਰ ਨਹੀਂ ਹਨ। ਇਹ ਸੰਸਥਾਵਾਂ ਅਖੌਤੀ ਉਚ ਜਾਤੀਆਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਇਹ ਮੰਗਤਿਆਂ ਵਾਂਗ ਧਨ ਇਕੱਠਾ ਕਰਦੀਆਂ ਹਨ ਪਰ ਉਹ ਆਪਣੇ ਆਪ ਲਈ ਹੀ ਇਹ ਧਨ ਖਰਚ ਕਰਦੀਆਂ ਹਨ। ਨੜਿਨਵੇਂ ਪ੍ਰਤੀਸ਼ਤ ਅਛੂਤਾਂ ਨੂੰ ਤਾਂ ਇੱਥੋਂ ਤੱਕ ਕਿ ਇਹਨਾਂ ਸੰਸਥਾਵਾਂ ਦੇ ਨਾਂ ਵੀ ਨਹੀਂ ਪਤਾ ਪਰ ਜੇ ਤੁਸੀਂ ਉਹਨਾਂ ਦੀਆਂ ਰਿਪੋਰਟਾਂ ਪੜ੍ਹੋ ਤਾਂ ਉਹ ਆਪਣੇ ਦਾਅਵਿਆਂ ਨੂੰ ਵਧਾ ਚੜ੍ਹਾ ਕੇ ਦੱਸਦੇ ਹਨ। ਸੱਚਾਈ ਇਹ ਹੈ ਕਿ ਇਹ ਸੰਸਥਾਵਾਂ ਮੌਕਾਪ੍ਰਸਤ ਲੋਕਾਂ ਦੀਆਂ ਬਣੀਆਂ ਹਨ।

(ਸਫਾ ਤਿੰਨ ਸ਼ੁਰੂ) ਅਛੂਤਾਂ ਕੋਲ 3 ਤਾਕਤਾਂ ਹਨ- ਕੌਮੀਅਤ, ਮਜ਼੍ਹਬ ਅਤੇ ਮਜ਼ਲਿਸ (ਸੰਸਥਾ)। ਇਹ ਤਾਕਤਾਂ ਹਨ ਜਿਹਨਾਂ ਨੂੰ ਹਰ ਕੋਈ ਸਾਡੇ ਤੋਂ ਖੋਹਣਾ ਚਾਹੁੰਦਾ ਹੈ। ਜਦੋਂ ਵੀ ਉਹ ਕਰ ਸਕਦੇ ਹੋਣ, ਅਜਿਹੇ ਕਿਰਪਾਲੂ ਸਮਾਜ ਸੁਧਾਰ ਗਰੁੱਪ ਸਾਨੂੰ ਆਪਣੇ ਵਿਚ ਜਜ਼ਬ ਕਰਨ ਲਈ (ਸਾਡੀਆਂ) ਇਹਨਾਂ ਤਾਕਤਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਨ।

1925 ਈ: ਵਿਚ ਸਥਾਪਤ ਆਦਿ-ਧਰਮ ਮੰਡਲ ਅਜਿਹੀਆਂ ਸਾਰੀਆਂ ਮੌਕਾਪ੍ਰਸਤ ਸੰਸਥਾਵਾਂ ਦੀ ਗੱਜ ਵੱਜ ਕੇ ਵਿਰੋਧਤਾ ਕਰਦਾ ਰਿਹਾ ਹੈ। ਪੰਜਾਬ ਦੇ ਸਾਰੇ ਅਛੂਤਾਂ ਦੀ ਸਮੂਹਿਕ ਜਥੇਬੰਦੀ ਵਜੋਂ ਇਹ ਮੰਡਲ ਇਹਨਾਂ ਤਿੰਨਾਂ ਤਾਕਤਾਂ ਦਾ ਰੱਖਿਅਕ ਅਤੇ ਹਮਾਇਤੀ ਹੈ, ਇਸ (ਮੰਡਲ) ਕੋਲ ਇਕ ਠੋਸ ਪ੍ਰੋਗਰਾਮ ਹੈ। ਅਛੂਤਾਂ ਲਈ ਮਗਰਮੱਛ ਦੇ ਹੰਝੂ ਵਹਾਉਣ ਵਾਲੀਆਂ ਉਚ ਜਾਤੀਆਂ ਦੀਆਂ ਇਹਨਾਂ ਸੰਸਥਾਵਾਂ ਨੇ ਆਦਿ ਧਰਮ ਮੰਡਲ ਨੂੰ ਤਬਾਹ ਕਰਨ ਦੇ ਯਤਨ ਕੀਤੇ। ਉਹਨਾਂ ਨੇ ਸਾਡੇ ਵਿਚੋਂ ਕੁਝ ਪ੍ਰਚਾਰਕਾਂ ਨੂੰ ਵਰਗਲਾਇਆ ਅਤੇ ਲਾਲਚ ਦਿੱਤੇ। ਪਰ ਆਦਿ ਧਰਮ ਮੰਡਲ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਜਾ ਚੁੱਕੀਆਂ ਹਨ ਕਿ ਸਾਨੂੰ ਇਸ ਤਰ੍ਹਾਂ ਡਗਮਗਾਇਆ ਨਹੀਂ ਜਾ ਸਕਦਾ।

ਸੱਚਾਈ ਤੇ ਆਧਾਰਿਤ ਸਮਾਜ ਨੂੰ ਡਗਮਗਾਇਆ ਨਹੀਂ ਜਾ ਸਕਦਾ। ਸਾਰੇ ਪਾਸਿਆਂ ਤੋਂ ਹਮਲੇ ਹੋਣ ਦੇ ਬਾਵਜੂਦ, ਆਦਿ-ਧਰਮ ਮੰਡਲ ਨੇ ਕਦਮ ਦਰ ਕਦਮ ਤਰੱਕੀ ਕਰਨ ਵੱਲ ਅਛੂਤਾਂ ਦੀ ਅਗਵਾਈ ਕੀਤੀ ਹੈ। ਆਦਿ-ਧਰਮ ਮੰਡਲ ਨੇ ਅਨੇਕਾਂ ਡੈਪੂਟੇਸ਼ਨਾਂ ਅਤੇ ਯਾਦ ਪੱਤਰਾਂ ਨਾਲ ਸਰਕਾਰ ਕੋਲ ਅਛੂਤਾਂ ਦੀਆਂ ਸਮੱਸਿਆਵਾਂ ਪੇਸ਼ ਕੀਤੀਆਂ।

ਉਦਾਹਰਣ ਵਜੋਂ 1928 ਵਿਚ ਜੌਹਨ ਸਾਈਮਨ, ਰਾਇਲ ਕਮਿਸ਼ਨਰ ਨੂੰ ਇਕ ਡੈਪੂਟੇਸ਼ਨ (ਆਦਿ ਧਰਮ ਮੰਡਲ ਵੱਲੋਂ) ਮਿਲਿਆ। ਇਕ ਹੋਰ ਡੈਪੂਟੇਸ਼ਨ 12 ਅਕਤੂਬਰ 1929 ਨੂੰ ਜਲੰਧਰ ਵਿਖੇ ਪੰਜਾਬ ਦੇ ਗਵਰਨਰ ਮਾਣਯੋਗ ਸਰ ਜਾਫਰੀ ਫਿਜਰੋਈ ਡੀ ਮਾਂਟਰੈਸੀ, ਕੇ. ਸੀ. ਟੀ. ਈ., ਕੇ. ਸੀ. ਵੀ. ਓ. ਸੀ., ਬੀ. ਈ. ਐਮ. ਈ., ਆਈ. ਸੀ. ਐਸ.ਨੂੰ ਮਿਲਿਆ। ਇਸ ਦਿਨ ਨੂੰ ਅਛੂਤਾਂ ਦੇ ਇਨਸਾਨ ਹੋਣ ਦੇ ਜਨਮ ਦਿਨ ਵਜੋਂ ਮੰਨਿਆ ਜਾ ਸਕਦਾ ਹੈ, ਕਿਉਂਕਿ ਉਸ ਦਿਨ ਸਾਨੂੰ ਇਨਸਾਨਾਂ ਵਜੋਂ ਮਾਨਤਾ ਮਿਲੀ। ਸਾਨੂੰ ਉਹ ਅਧਿਕਾਰ ਮਿਲੇ, ਜਿਹੜੇ ਸਾਡੇ ਕੋਲ ਪਹਿਲਾਂ ਕਦੀ ਨਹੀਂ ਸਨ- ਸਾਨੂੰ ਭਾਰਤ ਦੀ ਵਿਧਾਨ ਸਭਾ ਵਿਚ ਵਿਧਾਨਕ ਸੀਟਾਂ ਦਾ ਅੱਠ ਪ੍ਰਤੀਸ਼ਤ ਕੋਟਾ ਮਿਲਿਆ ਤੇ ਬਹੁਤ ਸਾਰੀਆਂ ਪ੍ਰਾਂਤਕ ਅਸੈਂਬਲੀਆਂ ਵਿਚ ਵੀ। ਸਥਾਨਕ ਸਰਕਾਰ ਨੇ ਵੀ ਦਸ ਪ੍ਰਤੀਸ਼ਤ ਸਥਾਨਾਂ ਦੀ ਸਿਫਾਰਸ਼ ਕੀਤੀ। ਸਰਕਾਰ ਦੇ ਸਿੱਖਿਆ ਵਿਭਾਗ ਨੇ ਵੀ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਅਤੇ ਬਹੁਤ ਮਦਦਗਾਰ ਸਾਬਤ ਹੋਇਆ।

ਇਹ ਸਾਰੀਆਂ ਮੱਦਾਂ ਤੱਥ ਹਨ, ਕਾਗਜ਼ਾਂ ਵਿਚ ਵਧਾਏ ਚੜ੍ਹਾਏ ਦਾਅਵੇ ਨਹੀਂ ਹਨ। ਇਹ ਮਤੇ ਹਨ ਜੋ ਪਾਸ ਕੀਤੇ ਜਾ ਚੁੱਕੇ ਹਨ ਅਤੇ ਇਹ ਕਾਇਦੇ-ਕਾਨੂੰਨ ਹਨ ਜਿਹਨਾਂ ਨੂੰ ਲਾਗੂ ਕੀਤਾ ਜਾ ਚੁੱਕਾ ਹੈ। ਉਹ ਦਿਨ ਜ਼ਿਆਦਾ ਦੂਰ ਨਹੀਂ ਹਨ ਜਦੋਂ ਬ੍ਰਿਟਿਸ਼ ਸਰਕਾਰ ਨੂੰ ਇਹਨਾਂ ਯੋਜਨਾਵਾਂ ਨੂੰ ਲਾਗੂ ਕਰਨਾ ਹੋਵੇਗਾ।

ਆਦਿ-ਧਰਮ ਮੰਡਲ ਜਲੰਧਰ ਵੱਲੋਂ ਰਾਜਨੀਤਿਕ ਦ੍ਰਿਸ਼ਟੀਕੋਣ ਦੇ ਨਾਲ ਸਮਾਜਿਕ ਸੁਧਾਰ ਤੇ ਵੀ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ, ਜੋ ਬਹੁਤ ਸਫਲ ਹੋ ਚੁੱਕਾ ਹੈ। ਸਾਡੇ ਯਤਨਾਂ ਸਦਕੇ ਅਛੂਤਾਂ ਦਾ ਧਾਰਮਿਕ ਅਤੇ ਜਥੇਬੰਦਕ ਪੱਧਰ ਉਚਾ ਹੋ ਚੁੱਕਾ ਹੈ। ਉਦਾਹਰਣ ਵਜੋਂ ਅਸੀਂ ਅਛੂਤ ਬੱਚਿਆਂ ਲਈ ਸਿੱਖਿਆ ਦਿਵਾ ਰਹੇ ਹਾਂ ਜਿਵੇਂ ਕਿ ਪੰਜਾਬ ਦੇ ਇਕ ਸਮਝਦਾਰ ਆਦਮੀ ਨੇ ਕਿਹਾ ਹੈ, ''ਆਦਿ ਧਰਮ ਨੇ ਕਲਪਨਾ ਕਰਨ ਤੋਂ ਵੀ ਵੱਧ ਕੇ ਚਮਤਕਾਰ ਕਰ ਦਿਖਾਏ।'' ਸਾਡੇ ਲਈ ਕੋਈ ਵੀ ਗੱਲ ਬਿਨਾਂ ਕਿਰਿਆਤਮਕ ਸ਼ਕਲ ਦਿੱਤਿਆਂ ਪ੍ਰਸੰਸਾਯੋਗ ਨਹੀਂ। ਅਸੀਂ ਦੂਜੀਆਂ ਸੰਸਥਾਵਾ ਵਾਂਗ ਸਿਰਫ ਪੈਸੇ ਇਕੱਠੇ ਕਰਨਾ ਹੀ ਨਹੀਂ ਚਾਹੁੰਦੇ। ਉਹ ਸੰਸਥਾਵਾ ਆਪਣੇ ਐਸ਼ੋ ਆਰਾਮ ਅਤੇ ਆਪਣੇ ਨਾਂ ਚਮਕਾਉਣ ਲਈ ਹੀ ਧਨ ਇਕੱਠਾਂ ਕਰਦੀਆਂ ਹਨ। ਸਾਡਾ ਸਿਧਾਂਤ ਪੂਰਨ ਤੌਰ 'ਤੇ ਮਨੁੱਖਤਾਵਾਦੀ ਹੈ ਅਤੇ ਜਿਵੇਂ ਸਤਿਗੁਰੂ ਰਵਿਦਾਸ ਜੀ ਨੇ ਕਿਹਾ, ''ਸਮੁੱਚਾ ਸਰੀਰ ਦਇਆ ਦੀ ਭਾਵਨਾ ਲਈ ਬਣਿਆ ਹੈ।''

ਸੰਖੇਪ ਵਿਚ ਆਦਿ-ਧਰਮ ਮੰਡਲ ਦੀ ਸਥਾਪਨਾ ਮਨੁੱਖੀ ਮੰਤਵਾਂ ਅਤੇ ਮਨੁੱਖਤਾ ਪ੍ਰਤੀ ਸਾਡੇ ਵੀ ਫਰਜ਼ ਨੂੰ ਨਿਭਾਉਣ ਲਈ ਕੀਤੀ ਗਈ ਹੈ। ਅਸੀਂ ਦੱਬੇ-ਕੁਚਲੇ ਲੋਕਾਂ ਦਾ ਝੰਡਾ ਚੁੱਕਿਆ ਹੈ, ਅਸੀਂ ਆਪਣੇ ਸਮੁੱਚੇ ਜੀਵਨ ਨੂੰ ਉਸ ਉਦੇਸ਼ ਲਈ ਅਰਪਣ ਕੀਤੇ ਹਨ, ਤਾਂ ਜੋ ਆਉਣ ਵਾਲੀ ਪੀੜ੍ਹੀ ਸਾਡੇ ਰਸਤਿਆਂ ਤੇ ਚੱਲ ਸਕੇ ਅਤੇ ਉਸ ਉਦੇਸ਼ ਦੀ ਪੂਰਤੀ ਕਰੋ ਜਿਸ ਉਦੇਸ਼ ਨੂੰ ਬਹੁਤ ਸਮੇਂ ਤੋਂ ਅਣਗੌਲਿਆ ਗਿਆ। ਅਸੀਂ ਇਹ ਰਿਪੋਰਟ ਸਿਰਫ ਆਪਣੇ ਉਦੇਸ਼ਾਂ ਦੀ ਵਿਆਖਿਆ ਕਰਨ ਲਈ ਛਾਪੀ ਹੈ ਤਾਂ ਜੋ ਲੋਕ ਇਹ ਪੁੱਛਣ ਕਿ ਇਹ (ਆਦਿ ਧਰਮ ਮੰਡਲ) ਕਿਹੜੇ ਆਦਮੀ ਹਨ? ਇਹ ਕਿੱਥੋਂ ਆਏ ਹਨ ਅਤੇ ਇਹ ਕੀ ਕਰ ਰਹੇ ਹਨ ਤਾਂ ਜੋ ਉਹ (ਸਾਡੇ ਬਾਰੇ) ਜਾਣ ਸਕਣ। ਜਿਵੇਂ ਕਿਸੇ ਨੇ ਕਿਹਾ ਹੈ, ''ਜੋ ਸੱਚੇ ਹਨ ਉਹ ਇਸ ਬਾਰੇ ਰੌਲਾ ਨਹੀਂ ਪਾਉਂਦੇ। ਸਚਾਈ ਆਪਣੇ ਆਪ ਵਿਚ ਪ੍ਰਾਪਤੀਆਂ ਦੀ ਗਵਾਹੀ ਹੈ।''

# ਸਰਕਾਰਾਂ ਨੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਭਾਰਤ ਨਹੀ ਸਿਰਜਿਆ

**(ਸਫਾ 20 ਦੀ ਬਾਕੀ)**

ਚਾਹੁੰਦਾ ਹੈ। ਪਾਰਲੀਮੈਂਟ 'ਚ ਹਮੇਸ਼ਾ ਆਪਾ-ਧਾਪੀ ਮਚੀ ਰਹਿੰਦੀ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ 'ਸਟੈਂਡ ਅਪ ਇੰਡੀਆ' ਦੀ ਹਾਲਤ ਇਹ ਹੈ ਕਿ ਭਾਰਤ ਦੀ ਕੁਲ ਜਾਇਦਾਦ ਦੇ 73 ਫ਼ੀਸਦੀ ਹਿੱਸੇ 'ਤੇ ਦੇਸ਼ ਦੇ 1 ਫ਼ੀਸਦੀ ਅਮੀਰਾਂ ਦਾ ਕਬਜ਼ਾ ਹੈ। ਆਕਸਫੇਮ ਦੀ ਰਿਪੋਰਟ 'ਰਿਵਾਰਡ ਵਰਕ ਨਾਟ ਵੈਲਥ'ਸਰਵੇ ਮੁਤਾਬਿਕ ਦੇਸ਼ ਦੀ ਕੁਲ ਆਬਾਦੀ 'ਚੋਂ 67 ਕਰੋੜ ਭਾਰਤੀਆਂ ਦੀ ਜਾਇਦਾਦ 'ਚ ਸਿਰਫ 1 ਫ਼ੀਸਦੀ ਦਾ ਵਾਧਾ ਹੋਇਆ ਹੈ। ਸਰਵੇ ਅਨੁਸਾਰ ਸਾਲ 2017 ਦੌਰਾਨ ਭਾਰਤ ਦੇ 1ਫ਼ੀਸਦੀ ਅਮੀਰਾਂ ਦੀ ਜਾਇਦਾਦ 'ਚ 20.9 ਲੱਖ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਰਾਸ਼ੀ ਸਾਲ 2017-18 ਦੇ ਕੇਂਦਰ ਸਰਕਾਰ ਦੇ ਕੁਲ ਬਜਟ ਦੇ ਬਰਾਬਰ ਹੈ। ਇਸ ਤੋਂ ਪਤਾ ਚਲਦਾ ਹੈ ਕਿ ਦੇਸ਼ 'ਚ ਆਮਦਨ ਦੇ ਮਾਮਲੇ 'ਚ ਅਸਮਾਨਤਾ ਵੱਧਦੀ ਜਾ ਰਹੀ ਹੈ। ਯਾਨੀ ਭਾਰਤ 'ਚ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੱਦਾ ਜਾ ਰਿਹਾ ਹੈ। ਇੰਨਾ ਹੀ ਨਹੀ ਆਕਸਫੇਮ ਇੰਡੀਆ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਦੇਸ਼ ਦੀ ਇਕਾਨਮੀ ਹਰ ਕਿਸੇ ਨੂੰ ਫਾਇਦਾ ਪਹੁੰਚਾਉਣ ਵਾਲੀ ਬਣੇ ਤੇ ਟੈਕਸ ਚੋਰੀ ਨੂੰ ਲੈ ਕੇ ਸਰਕਾਰ ਸਖਤ ਉਪਰਾਲੇ ਕਰੇ। ਉਦਯੋਗਾਂ ਲਈ ਬਣੇ ਰਾਸ਼ਟਰੀ ਆਯੋਗ ਐਨ. ਸੀ. ਈ. ਯੂ. ਐੱਸ ਦੇ ਪ੍ਰਧਾਨ ਅਤੇ ਮੈਂਬਰ ਸੰਸਦ ਡਾ.ਅਰਜਨ ਸੈਨ ਗੁਪਤਾ ਨੇ ਕਿਹਾ ਕਿ ਦੇਸ਼ ਵਿੱਚ 83 ਕਰੋੜ 60 ਲੱਖ ਲੋਕ ਜਿਹੜੇ ਕਿ ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ ਅਤੇ ਜਪਾਨ ਦੀ ਕੁਲ ਅਬਾਦੀ ਤੋਂ ਵੀ ਵੱਧ ਹਨ, ਗਰੀਬੀ ਕਾਰਣ ਹਾਲੋਂ ਬੇਹਾਲ ਹਨ। ਆਕਸਫੇਮ ਇੰਡੀਆ ਦੀ ਸੀ.ਈ.ਓ. ਨਿਸ਼ਾ ਅਗਰਵਾਲ ਨੇ ਕਿਹਾ ਕਿ ਗਰੀਬੀ-ਅਮੀਰੀ ਦਾ ਵਧਦਾ ਪਾੜਾ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਅਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹ ਦਿੰਦਾ ਹੈ।

ਦੇਸ਼ ਵਿੱਚ ਬੇਰੁਜ਼ਗਾਰੀ ਤੇਜੀ ਨਾਲ ਵੱਧ ਰਹੀ ਹੈ। ਸਾਲ 2015-16 ਵਿੱਚ ਬੇਰੁਜ਼ਗਾਰੀ 5 ਫ਼ੀਸਦੀ ਮਾਪੀ ਗਈ ਹੈ। ਅੰਕੜੇ ਇਹ ਹਨ ਕਿ ਹਰ ਮਹੀਨੇ 10 ਲੱਖ ਨੌਜ਼ਵਾਨ ਰੁਜ਼ਗਾਰ ਬਾਜ਼ਾਰ ਵਿੱਚ ਦਾਖ਼ਲ ਹੋ ਰਹੇ ਹਨ ਅਤੇ ਸਾਲ ਵਿੱਚ ਗਿਣਤੀ ਸਵਾ ਕਰੋੜ ਦੇ ਨੇੜੇ ਪਹੁੰਚ ਜਾਂਦੀ ਹੈ। ਦੇਸ਼ ਵਿੱਚ ਚੌਥਾ ਦਰਜੇ ਦੀਆਂ ਚੰਦ ਕੁ ਨੌਕਰੀਆਂ ਲਈ ਲੱਖਾਂ ਇੰਜੀਨੀਅਰਿੰਗ, ਐਮ.ਬੀ.ਏ, ਐਮ. ਏ. ਤੇ ਬੀ.ਏ, ਪੀ.ਐਚ,ਡੀ ਨੌਜਵਾਨ ਅਪਲਾਈ ਕਰਦੇ ਹਨ। ਲੇਬਰ ਬਿਊਰੋ ਦੀ ਰਿਪੋਰਟ ਮੁਤਾਬਿਕ ਸਭ ਤੋਂ ਵਧੇਰੇ ਰੁਜ਼ਗਾਰ ਦੇਣ ਵਾਲੇ 8 ਖੇਤਰ ਕੱਪੜਾ, ਹੈਡਲੂਮ, ਪਾਵਰਲੂਮ,ਚਮੜਾ, ਆਟੋ, ਜ਼ੇਵਰਾਤ, ਟਰਾਂਸਪੋਰਟ, ਆਈ.ਟੀ.ਬੀ.ਪੀ.ਓ ਅਤੇ ਧਾਤ ਖੇਤਰ ਵਿੱਚ ਰੁਜ਼ਗਾਰ ਨਾ ਦੇ ਬਰਾਬਰ ਰਹਿ ਗਿਆ ਹੈ।

ਮਜ਼ਦੂਰਾਂ ਤੇ ਮੁਲਾਜ਼ਮਾਂ ਦੀ ਸਰਕਾਰੀ ਤੇ ਅਰਧ ਸਰਕਾਰੀ ਸਨਅਤੀ ਇਕਾਈਆਂ 'ਚ ਛਾਂਟੀ ਕੀਤੀ ਜਾ ਰਹੀ ਹੈ। ਪੱਕੇ ਕਾਮਿਆਂ ਨੂੰ ਜਬਰੀ ਸੇਵਾਮੁਕਤ ਜਾਂ ਇੱਛਕ ਸੇਵਾਮੁਕਤ ਕੀਤਾ ਜਾ ਰਿਹਾ ਹੈ। ਅਜਿਹਾ ਪ੍ਰਾਈਵੇਟ ਅਦਾਰਿਆਂ ਨੂੰ ਲਾਭ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ। ਖਾਲੀ ਅਸਾਮੀਆਂ ਭਰਨੀਆਂ ਤਾਂ ਕੀ ਸਗੋਂ ਅਸਿੱਧੇ ਢੰਗ ਨਾਲ ਖਤਮ ਕੀਤਆ ਜਾ ਰਹੀਆ ਹਨ। ਸਰਮਾਏਦਾਰ ਤੇ ਉਦਯੋਗਪਤੀ ਜਿੱਥੇ ਇਸ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ ਉਥੇ ਸਰਕਾਰ ਚਾਹ-ਪਕੋੜਾ ਵੇਚਣ ਨੂੰ ਰੁਜ਼ਗਾਰ ਦੱਸਕੇ ਡਿਗਰੀ ਹੋਲਡਰਾਂ ਨੂੰ ਜ਼ਲੀਲ ਕਰ ਰਹੀ ਹੈ।

ਸਾਲ 2015 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 12 ਲੱਖ ਬੱਚਿਆਂ ਦੀ ਮੌਤ ਹੋਈ। ਯੂਪੀਏ ਸਰਕਾਰ ਨੇ ਆਪਣੇ ਦੂਸਰੇ ਕਾਰਜਕਾਲ ਦੌਰਾਨ ਇਹ ਮੰਨ ਕੇ ਹੀ ਖ਼ੁਰਾਕ ਸੁਰੱਖਿਆ ਕਨੂੰਨ ਲਿਆਂਦਾ ਸੀ ਕਿ ਦੇਸ਼ ਦੀ 67 ਫ਼ੀਸਦੀ ਆਬਾਦੀ ਦੀ ਆਰਥਿਕ ਸਥਿਤੀ ਆਪਣਾ ਪੇਟ ਭਰਨ ਲਈ ਬਾਜ਼ਾਰ ਚੋਂ ਅਨਾਜ ਖ਼ਰੀਦਣ ਯੋਗ ਵੀ ਨਹੀਂ ਹੈ। ਮੋਦੀ ਸਰਕਾਰ ਦੇ ਵੀ ਇਨ੍ਹਾਂ ਹਾਲਾਤਾਂ 'ਚ ਸੁਧਾਰ ਕਰਨ ਦੇ ਕੋਈ ਤੱਥ ਸਾਹਮਣੇ ਨਹੀਂ ਆਏ ਬਲਕਿ ਇਹ ਸਾਹਮਣੇ ਆਇਆ ਹੈ ਕਿ ਖ਼ੁਰਾਕ ਸੁਰੱਖਿਆ ਕਨੂੰਨ ਤਹਿਤ ਗ਼ਰੀਬਾਂ ਨੂੰ ਮਿਲਣਯੋਗ ਅਨਾਜ਼ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਭਾਰੂ ਹੈ।

ਮੋਦੀ ਦੇ ਚੰਗੇ ਦਿਨਾਂ ਦੇ ਵਾਅਦੇ, ਗਰੀਬਾਂ ਦੇ ਖਾਤਿਆਂ 'ਚ 15-15 ਲੱਖ ਜਮਾਂ ਕਰਨ ਅਤੇ ਕਾਲਾ ਧੰਨ ਫੜਨ ਲਈ ਨੋਟਬੰਦੀ ਦੀਆਂ ਰਾਜਨੀਤਕ ਸਾਜ਼ਿਸ਼ਾਂ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਲਈ ਤਾਂ ਵਰਦਾਨ ਸਾਬਤ ਹੋਈਆਂ ਪਰ ਦੇਸ਼ਵਾ-ਸੀਆ ਲਈ ਚੰਗੇ ਦਿਨਾਂ ਦੇ ਵਾਅਦੇ ਜੁਮਲੇ ਸਾਬਤ ਹੋਏ ਹਨ। ਇਸ ਝੂਠੀ ਅਤੇ ਫਰੇਬੀ ਰਾਜਨੀਤੀ ਨੇ ਗਰੀਬ ਮਜ਼ਦੂਰਾਂ ਦੇ ਪੱਲੇ ਨਿਰਾਸ਼ਾ ਹੀ ਪਾਈ ਹੈ। ਸਿੱਟੇ ਵਜੋਂ ਪਿੰਡਾਂ ਦੀ ਇੱਕ ਤਿਹਾਈ ਅਤੇ ਸ਼ਹਿਰਾਂ ਦੀ ਇੱਕ ਚੌਥਾਈ ਆਬਾਦੀ ਕਰਜ਼ੇ ਹੇਠ ਹੈ।

ਦੇਸ਼ ਦਿਨੋ ਦਿਨ ਅਰਾਜਕਤਾ ਵੱਲ ਵਧ ਰਿਹਾ ਹੈ। ਭਾਰਤ ਦੀ ਕਮਾਂਡ ਜਿਹਨਾਂ ਹੱਥਾਂ ਵਿੱਚ ਹੈ, ਉਹ ਬਲਾਟਿੰਗ-ਪੇਪਰ ਵਾਂਗ ਸਾਰੀਆਂ ਸੁੱਖ ਸੁਵਿਧਾਵਾਂ ਨੂੰ ਚੂਸਦੇ ਜਾ ਰਹੇ ਹਨ। ਵਿਦੇਸ਼ੀ ਕੰਪਨੀਆਂ ਨੂੰ ਧੜਾ-ਧੜ ਬਾਹਰੋਂ ਬੁਲਾਇਆ ਜਾ ਰਿਹਾ ਹੈ। ਦੇਸ਼ ਆਰਥਿਕ ਪੱਖੋਂ ਗੁਲਾਮ ਹੁੰਦਾ ਜਾ ਰਿਹਾ ਹੈ। ਮਜ਼ਦੂਰ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਇਸ ਦੇ ਬਾਵਜੂਦ ਵੀ ਪ੍ਰਧਾਨ ਮੰਤਰੀ ਡੰਕੇ ਦੀ ਚੋਟ 'ਤੇ ਕਹਿ ਰਹੇ ਹਨ ਕਿ ਦੇਸ਼ ਦੁਨੀਆ ਦੀ ਮਹਾਂਸ਼ਕਤੀ ਬਣਨ ਜਾ ਰਿਹਾ ਹੈ।

ਦੇਸ਼ ਦੀ ਬਹੁਗਿਣਤੀ ਆਬਾਦੀ ਦੇ ਦੁੱਖਾਂ ਦਾ ਦਾਰੂ ਕੋਈ ਸਰਕਾਰ ਵੀ ਨਹੀ ਬਣ ਸਕੀ? ਜਿਉਂਦੇ ਇਨਸਾਨਾਂ ਨਾਲੋਂ, ਮਰੇ ਜਾਨਵਰ ਮਹੱਤਵਪੂਰਨ ਹੋ ਗਏ ਹਨ। ਸਰਕਾਰਾਂ ਨੇ ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਘੁਲਾਟੀਆਂ ਦੀਆ ਕੁਰਬਾਨੀਆ ਦੀ ਕਦਰ ਨਹੀ ਪਾਈ।

ਇਸ ਲਈ ਪੀੜਤ ਲੋਕਾਂ ਨੂੰ ਸੰਪੂਰਨ ਆਜ਼ਾਦੀ ਤੇ ਬਰਾਬਰੀ ਵਾਲੇ ਰਾਜ ਲਈ ਇਕ ਹੋਰ ਜੰਗ ਲੜਨੀ ਪੈਣੀ ਹੈ ਤਦ ਹੀ ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਸੰਗਰਾਮੀਆਂ ਦੇ ਵਿਚਾਰਾਂ ਦਾ ਭਾਰਤ ਬਣੇਗਾ।

## ਸਾਹਿਤਕ ਪੈੜਾਂ- ਕੁਝ ਰਚਨਾਵਾਂ

# ਸੰਤ ਨਰਾਇਣ ਦਾਸ ਫੁਟਬਾਲ ਟੂਰਨਾਮੈਂਟ 'ਤੇ ਜੱਲੋਵਾਲ ਦਾ ਕਬਜਾ



**ਮਾਹਿਲਪੁਰ–** ਸੰਤ ਨਰਾਇਣ ਦਾਸ ਸਪੋਰਟਸ ਕਲੱਬ ਸ਼ੇਰਪੁਰ ਦੁਆਰਾ ਪ੍ਰਵਾਸੀ ਭਾਰਤੀ, ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਸੰਤ ਰਾਮ ਕਿਸ਼ਨ ਅਤੇ ਸੰਤ ਨਰਾਇਣ ਦਾਸ ਦੀ ਯਾਦ ਵਿਚ ਕਰਵਾਏ ਜਾ ਰਹੇ 6ਵੇਂ ਸਾਲਾਨਾ ਦਿਹਾਤੀ ਫੁਟਬਾਲ ਟੂਰਨਾਮੈਂਟ ਦੇ ਫਾਈਨਲ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਵਿਧਾਇਕ ਡਾ. ਰਾਜ ਕੁਮਾਰ ਅਤੇ ਸੀਨੀਅਰ ਕਾਂਗਰਸੀ ਨੇਤਾ ਡਾ.ਜਤਿੰਦਰ ਕੁਮਾਰ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਫਾਈਨਲ ਮੈਚ ਵਿਚ ਪਿੰਡ ਜੱਲੋਵਾਲ ਦੀ ਟੀਮ ਨੇ ਭੂਤਰੋਂ ਦੀ ਟੀਮ ਨੂੰ 2-1 ਨਾਲ ਹਰਾ ਕੇ ਟਰਾਫੀ 'ਤੇ ਕਬਜਾ ਕੀਤਾ। ਇਸ ਮੌਕੇ ਤੇ ਜੇਤੂ ਟੀਮ ਨੂੰ ਟਰਾਫੀਆਂ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਰਪੰਚ ਗੁਰਦੀਪ ਸਿੰਘ, ਡਾ. ਸੁੱਚਾ ਸਿੰਘ ਰਿਟਾਇਰਡ ਡਾਇਰੈਕਟਰ ਪੰਜਾਬ ਯੂਨੀਵਰਸਿਟੀ ਲੁਧਿਆਣਾ, ਦਿਲਬਾਗ ਸਿੰਘ, ਉਤਮ ਸਿੰਘ, ਦਰਸ਼ਨ ਸਿੰਘ, ਭਜਨ ਲਾਲ, ਕਰਨੈਲ ਸਿੰਘ, ਹਰਪ੍ਰੀਤ ਸਿੰਘ, ਨੰਬਰਦਾਰ ਸੁੱਚਾ ਸਿੰਘ, ਨਰਿੰਦਰ ਸਿੰਘ, ਅਜਾਇਬ ਸਿੰਘ ਕੈਨੇਡਾ, ਨੰਬਰਦਾਰ ਗੁਰਬਖਸ਼ ਸਿੰਘ, ਸਤਨਾਮ ਸਿੰਘ, ਤਰਲੋਕ ਸਿੰਘ, ਕਮਲਜੀਤ ਸਿੰਘ, ਬਲਵੀਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

# ਐੱਸਸੀ ਬੱਚਿਆਂ ਦੀ ਵਜ਼ੀਫ਼ਾ ਰਾਸ਼ੀ ਜਾਰੀ ਨਾ ਕਰਨ 'ਤੇ ਸੰਸਦ ਦੇ ਬਾਹਰ ਰੋਸ ਵਿਖਾਵਾ

**ਚੰਡੀਗੜ੍ਹ–** ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਐੱਸ.ਸੀ. ਬੱਚਿਆਂ ਦੀ ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਤਹਿਤ 1615.79 ਕਰੋੜ ਰੁਪਏ ਦਾ ਬਕਾਇਆ ਜਾਰੀ ਨਾ ਕੀਤੇ ਜਾਣ ਖ਼ਿਲਾਫ਼ ਪੰਜਾਬ ਦੇ ਸੰਸਦ ਮੈਂਬਰਾਂ ਨੇ ਅੱਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿਚ ਸੰਸਦ ਭਵਨ ਦੇ ਬਾਹਰ ਮੋਦੀ ਸਰਕਾਰ ਖ਼ਿਲਾਫ਼ ਰੋਸ ਵਿਖਾਵਾ ਕੀਤਾ।



ਇਸ ਮੌਕੇ ਪੰਜਾਬ ਨਾਲ ਸਬੰਧਤ ਸੰਸਦ ਮੈਂਬਰ ਸੰਤੋਖ ਚੌਧਰੀ, ਰਵਨੀਤ ਸਿੰਘ ਬਿੱਟੂ, ਗੁਰਜੀਤ ਸਿੰਘ ਔਜਲਾ ਅਤੇ ਸੁਨੀਲ ਜਾਖੜ ਨੇ ਆਖਿਆ ਕਿ ਕੇਂਦਰ ਸਰਕਾਰ ਅਨੁਸੂਚਿਤ ਜਾਤੀਆਂ ਪ੍ਰਤੀ ਅਸੰਵੇਦਨਸ਼ੀਲ ਹੈ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਦੀ ਮੋਦੀ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਐਸ.ਸੀ. ਬੱਚਿਆਂ ਦੇ ਪੋਸਟ ਮੈਟ੍ਰਿਕ ਵਜ਼ੀਫਿਆਂ ਦੇ ਰੋਕੇ ਬਕਾਏ ਵਿੱਚ ਸਾਲ 2015-16 ਦੇ 328.72 ਕਰੋੜ ਰੁਪਏ, ਸਾਲ 2016-17 ਦੇ 719.52 ਕਰੋੜ ਰੁਪਏ ਅਤੇ ਸਾਲ 2017-18 ਦੇ 567.55 ਕਰੋੜ ਰੁਪਏ ਸ਼ਾਮਲ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਕੀਮ ਤਹਿਤ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਨੇ ਸਾਲ 2017-18 ਦੌਰਾਨ ਜੋ 115.73 ਕਰੋੜ ਰੁਪਏ ਭੇਜੇ ਸਨ, ਉਸ ਦਾ ਵਰਤੋਂ ਸਰਟੀਫਿਕੇਟ ਵੀ ਕੇਂਦਰ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ ਪਰ ਫਿਰ ਵੀ ਕੇਂਦਰ ਸਰਕਾਰ ਬਕਾਇਆ ਜਾਰੀ ਨਹੀਂ ਕਰ ਰਹੀ ਹੈ।

# ਗੀਤ

ਰਾਤੀਂ ਮੈਂ ਸੁਪਨੇ ਦੇ ਵਿੱਚ ਆਪਣੇ ਪਿੰਡ ਹੋ ਕੇ ਆਇਆ ।
ਵਿਛੜੇ ਹੋਏ ਮਿੱਤਰਾਂ ਨੂੰ ਮੈਂ ਕੱਲੇ ਬਹਿ ਰੋ ਕੇ ਆਇਆ । ..
ਹੰਝੂਆਂ ਵਿੱਚ ਬਾਪੂ ਸੀ , ਤੱਕਿਆ ਮੈਂ ਅੱਖਾਂ ਭਰਕੇ ।
ਬੂਹੇ ਵਿੱਚ ਮਾਂ ਖੜੀ ਸੀ ਲੱਸੀ ਦਾ ਛੰਨਾ ਫੜਕੇ ।
ਦਾਦੀ ਨੂੰ ਮਿਲਣੇ ਲਈ ਮੈਂ ਸਿਵਿਆਂ ਚੋਂ ਹੋ ਕੇ ਆਇਆ । ਰਾਤੀਂ ..
ਵਿਹੜੇ ਵਿੱਚ ਭੈਣ ਖੜੀ ਸੀ ਗੁੱਡੀਆਂ ਦਾ ਜੋੜਾ ਫੜਕੇ ।
ਭਾਬੀ ਕਰਦੀ ਸੀ ਕੰਘੀ ਬੂਹੇ ਦਾ ਉਹਲਾ ਕਰਕੇ ।
ਵੀਰੇ ਦੀ ਰੋਟੀ ਦੇ ਕੇ ਖੇਤਾਂ 'ਚੋਂ ਹੋ ਕੇ ਆਇਆ । ਰਾਤੀਂ ..
ਮਿੱਟੀ ਨਾਲ ਮਿੱਟੀ ਹੋਏ ਦੇਖੇ ਮੈਂ ਆਪਣੇ ਹਾਣੀ ।
ਅੱਖਾਂ ਚੋਂ ਹੰਝੂ ਡੁੱਲੇ ਚੇਤੇ ਕਰ ਪ੍ਰੇਮ ਕਹਾਣੀ ।
ਵੰਗਾਂ ਦੇ ਕੱਚ ਦੀਆਂ ਮੈਂ,ਭੱਠੀ ਤੋਂ ਹੋ ਕੇ ਆਇਆ. ਰਾਤੀਂ ..
ਸੁਣ ਵੇ !ਨਿਰਮੋਹੇ " ਸੰਧੂ" ਕਿੱਥੇ ਜਾ ਡੇਰਾ ਲਾਇਆ ।
ਜਿੱਥੇ ਤੂੰ ਜੰਮਿਆ ਪਲਿਆ ਉਹ ਪਿੰਡ ਨਾ ਚੇਤੇ ਆਇਆ ।
ਦੱਸ ਕੇ ਮਜਬੂਰੀ ਅਪਣੀ ਕਿੰਨਾ ਚਿਰ ਰੋ ਕੇ ਆਇਆ । ਰਾਤੀਂ ...
ਰਾਤੀਂ ਮੈਂ ਸੁਪਨੇ ਦੇ ਵਿੱਚ ਆਪਣੇ ਪਿੰਡ ਹੋ ਕੇ ਆਇਆ ।
ਵਿਛੜੇ ਹੋਏ ਮਿੱਤਰਾਂ ਨੂੰ ਮੈਂ ਕੱਲਾ ਬਹਿ ਰੋ ਕੇ ਆਇਆ ।

**– ਅਵਤਾਰ ਸਿੰਘ ਸੰਧੂ**

## ਜਨਮ ਦਿਨ ਮੁਬਾਰਕ



ਕਾਕਾ ਅਮਿਤੋਜ ਸਿੰਘ
ਦੋਹਤਾ ਉਘੇ ਕਾਲਮਨਵੀਸ
ਤਰਲੋਚਨ ਸਿੰਘ ਦੁਪਾਲ ਪੁਰ
ਜਨਮ ਦਿਨ 28 ਮਾਰਚ

# ਉਜੜ ਜਾਊ ਸੰਸਾਰ ਵੇਖ ਲਿਓ



ਸੌਂ ਗਏ ਜੇ ਵਿਦਵਾਨ ਜਗਤ ਦੇ,
ਉਜੜ ਜਾਊ ਸੰਸਾਰ ਵੇਖ ਲਿਓ।

ਘਰ ਨੂੰ ਲੁੱਟਦੇ ਨਾਲ ਅੱਖਾਂ ਦੇ,
ਘਰ ਦੇ ਪਹਿਰੇਦਾਰ ਵੇਖ ਲਿਓ।

ਝੂਠ ਦੁਕਾਨ ਕਦੇ ਨੀ ਚਲਦੀ,
ਬੇਸ਼ੱਕ ਦੇ ਉਧਾਰ ਵੇਖ ਲਿਓ।

ਸੱਚ ਦਾ ਸੌਦਾ ਮਹਿੰਗਾ ਹੈ ਅੱਜ,
ਇਕ ਦਿਨ ਗਰਮ ਬਾਜ਼ਾਰ ਵੇਖ ਲਿਓ।

ਜਗਮਗ ਕਰਦੀਆਂ ਰੌਸ਼ਨੀਆਂ ਵਿਚ
ਕਾਲੇ ਕਾਰੋਬਾਰ ਵੇਖ ਲਿਓ।

ਫੁੱਲਾਂ ਦੇ ਨਾਲ ਪਿਆਰ ਨੀ ਮਾੜਾ,
ਹੇਠ ਛੁਪੇ ਪਰ ਖਾਰ ਵੇਖ ਲਿਓ।

ਸੱਚ ਨੂੰ ਝੂਠ ਦਬਾ ਨੀ ਸਕਦਾ,
ਬੋਲ ਕੇ ਝੂਠ ਹਜ਼ਾਰ ਵੇਖ ਲਿਓ।

ਖੁਦ ਵੀ ਇਹਨਾਂ ਨੂੰ ਮਾਰਨਗੇ,
ਇਹਨਾਂ ਦੇ ਹਥਿਆਰ ਵੇਖ ਲਿਓ।

ਇਕ ਦਿਨ ਸਭ ਅਲੋਪ ਹੋਣਗੇ,
ਸਾਡੇ ਸਭਿਆਚਾਰ ਵੇਖ ਲਿਓ।

ਪਿਆਰ ਕਰਨਗੇ ਖਤਮ ਜਗਤ 'ਚੋਂ,
ਧਰਮ ਦੇ ਠੇਕੇਦਾਰ ਵੇਖ ਲਿਓ।

ਵਿਹਲੜ ਤੇ ਮਜ਼ਦੂਰਾਂ ਅੰਦਰ,
ਖੜਕੂਗੀ ਤਲਵਾਰ ਵੇਖ ਲਿਓ।

'ਜੱਖੂ' ਨਾਲ ਦੀ ਰੀਸ ਨਾ ਕੋਈ,
ਹੋ ਕੇ ਤਾਬਿਆਦਾਰ ਵੇਖ ਲਿਓ।

**– ਡਾ. ਬਲਰਾਜ ਸਿੰਘ ਜੱਖੂ**
**91-98150-65177**

# ਮੈਂ ਬੁੱਤ ਹਾਂ ਭਗਤ ਸਿੰਘ ਦਾ



ਮੈਂ ਬੁੱਤ ਹਾਂ ਭਗਤ ਸਿੰਘ ਦਾ
ਖੜਾਂ ਹਾਂ ਖੱਟਕੜਾਂ ਦੇ ਰਾਹ ਤੇ।
ਤੁਹਾਡੇ ਵੱਲ ਵੇਖ ਰਿਹਾਂ,
ਅਸੀਂ ਤਾਂ ਆਪਣੇ ਫਰਜ ਨਿਭਾਤੇ।

ਹਾਂ ਮੈਂ ਕਿਹਾ ਤਾਂ ਇਕ ਦਿਨ ਸੀ,
ਕਿ ਗੋਰੇ ਜਾਣੇ ਕਾਲੇ ਆਉਣੇ।
ਪਰ ਇਹ ਤਨੀ ਲਗਦਾ ਸੀ ਕਿ
ਹਾਰ ਉਹਨਾਂ ਮੇਰੇ ਹੀ ਗਲ ਵਿੱਚ ਪਾਉਣੇ।
ਇਹ ਆਪ ਤਾਂ ਦੁੱਧ ਚਿੱਟੇ,
ਪਰ ਬੁੱਤ ਮੇਰੇ ਹੀ ਕਾਲੇ ਬਣਾਤੇ।
ਮੈਂ ਬੁੱਤ ਹਾਂ ਭਗਤ ਸਿੰਘ ਦਾ
ਖੜਾਂ ਹਾਂ ਖੱਟਕੜਾਂ ਦੇ ਰਾਹ ਤੇ।

ਜਦ ਫਾਂਸੀ ਲੱਗਣੀ ਸੀ,
ਮੈਂ ਇਹ ਸੋਚ ਕੇ ਚੁੰਮੇ ਰੱਸੇ।
ਜੇ ਅੱਜ ਰੋਵੇਗੀ ਮਾਂ ਮੇਰੀ,
ਵਤਨ ਤਾਂ ਸਦਾ ਸਦਾ ਲਈ ਹੱਸੇ।
ਪਰ ਪੁੱਤ ਨਸ਼ੇ ਤੇ ਕਰਜਿਆਂ ਨੇ,
ਲੀਡਰਾਂ ਮੁੜ ਫਾਹੇ ਗਲ ਪਾਤੇ।
ਮੈਂ ਬੁੱਤ ਹਾਂ ਭਗਤ ਸਿੰਘ ਦਾ
ਖੜਾਂ ਹਾਂ ਖੱਟਕੜਾਂ ਦੇ ਰਾਹ ਤੇ।

ਕੀ ਇਹੀ ਮੇਰਾ ਸੁਪਨਾ ਸੀ?
ਕਿ ਆਕੇ ਬੁੱਤ ਮੇਰੇ ਨੂੰ ਪੂਜੋ।
ਜਾਂ ਮੇਰੇ ਤੋਂ ਸੇਧ ਲੈ ਕੇ
ਤੁਸੀਂ ਵੀ ਮੇਰੇ ਵਾਂਗੂ ਜੂਝੋ।
ਤੁਸੀਂ ਕਿਉਂ ਬੋਲ ਵੀ ਨੀ ਸਕਦੇ?
ਅਸੀਂ ਤਾਂ ਉੱਥੇ ਵੀ ਬੰਬ ਚਲਾਤੇ।
ਮੈਂ ਬੁੱਤ ਹਾਂ ਭਗਤ ਸਿੰਘ ਦਾ
ਖੜਾਂ ਹਾਂ ਖੱਟਕੜਾਂ ਦੇ ਰਾਹ ਤੇ।

ਜੇ ਪਾਉਣੇ ਹਾਰ ਮੇਰੇ,
ਇੱਕ ਵਾਰ ਦੇਖੀ ਨਿਗਾਹ ਟਿਕਾਕੇ।
ਸ਼ਰਮ ਆਊ ਇਕਬਾਲ ਸਿੰਹਾਂ,
ਤੱਕ ਅੱਖਾਂ ਵਿੱਚ ਅੱਖਾਂ ਪਾਕੇ।
ਜਾਂ ਡੁੱਬ ਕੇ ਮਰ ਜਾਊਗਾ
ਜਾਂ ਨਾਹਰੇ ਇਨਕਲਾਬ ਦੇ ਲਾਤੇ।
ਮੈਂ ਬੁੱਤ ਹਾਂ ਭਗਤ ਸਿੰਘ ਦਾ,
ਖੜਾਂ ਹਾਂ ਖੱਟਕੜਾਂ ਦੇ ਰਾਹ ਤੇ।

**– ਇਕਬਾਲ ਸਿੰਘ**

# ਮਨੁੱਖਤਾ ਦੇ ਲਈ ਚੁੱਪ ਰਹਿਣ ਦੀ ਕਲਾ ਦਾ ਗਿਆਨ ਹੋਣਾ ਜ਼ਰੂਰੀ

**ਚਮਨਦੀਪ ਸ਼ਰਮਾ**
**91-95010-33005**

ਸਮਾਜ ਵਿੱਚ ਵਿਚਰਦੇ ਹੋਏ ਚੁੱਪ ਰਹਿਣ ਦਾ ਵੀ ਆਪਣਾ ਵਿਸ਼ੇਸ ਮਹੱਤਵ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਕੁੱਝ ਨਾ ਬੋਲਣਾ ਜਾਂ ਮੌਨ ਰਹਿਣਾ ਇੱਕ ਕਲਾ ਹੈ। ਜਿਸਦੀ ਬਾਖੂਬੀ ਜਾਣਕਾਰੀ ਇਨਸਾਨ ਨੂੰ ਹੋਣੀ ਚਾਹੀਦੀ ਹੈ। ਅਸੀਂ ਸਾਰੇ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਹਾਂ ਕਿ ਕਮਾਨ ਵਿੱਚੋਂ ਨਿਕਲਿਆ ਹੋਇਆ ਤੀਰ ਅਤੇ ਜੁਬਾਨ ਵਿੱਚੋਂ ਇੱਕ ਵਾਰ ਨਿਕਲੇ ਹੋਏ ਸ਼ਬਦ ਮੁੜ ਵਾਪਸ ਨਹੀਂ ਆਉਂਦੇ ਹਨ। ਜੇਕਰ ਤੀਰ ਆਪਣੇ ਨਿਸ਼ਾਨੇ ਤੋਂ ਭਟਕ ਕੇ ਕੋਈ ਨਿਸ਼ਾਨਾ ਸਾਧ ਦਿੰਦਾ ਹੈ ਤਾਂ ਨਤੀਜੇ ਭਿਅੰਕਰ ਹੋ ਸਕਦੇ ਹਨ।ਇਸ ਤਰ੍ਹਾਂ ਹੀ ਜੁਬਾਨ ਵਿੱਚੋਂ ਨਿਕਲੇ ਸ਼ਬਦ ਸਹੀ ਨਾ ਹੋਣ ਦੀ ਸੂਰਤ ਵਿੱਚ ਖਾਮਿਆਜਾ ਮਨੁੱਖ ਨੂੰ ਭੁਗਤਣਾ ਪੈਂਦਾ ਹੈ। ਸਿਆਣਿਆ ਨੇ ਠੀਕ ਹੀ ਫੁਰਮਾਇਆ ਹੈ ਕਿ ਪਹਿਲਾ ਤੋਲੋ, ਫਿਰ ਬੋਲੋ। ਕਿਸੇ ਵਿਸ਼ਾ ਵਸ਼ਤੂ ਦੇ ਬਾਰੇ ਘੱਟ ਗਿਆਨ ਹੋਣ ਤੇ ਖਾਮੋਸ਼ ਹੋਣਾ ਹੀ ਉੱਤਮ ਵਿਧੀ ਹੈ। ਘੱਟ ਗਿਆਨ ਹੋਣ ਤੇ ਬੋਲਣਾ ਸਦਾ ਹੀ ਖਤਰਨਾਕ ਮੰਨਿਆ ਜਾਂਦਾ ਹੈ। ਕਈ ਵਾਰ ਅਸੀਂ ਬਿਨ੍ਹਾਂ ਕਹੇ ਸਲਾਹ ਦੇਣ ਲੱਗ ਜਾਂਦੇ ਹਾਂ ਅਜਿਹੀ ਹਾਲਤ ਵਿੱਚ ਅਸੀਂ ਜਿੱਥੇ ਆਪਣੀ ਊਰਜਾ ਅਤੇ ਸਮੇਂ ਦੀ ਬਰਬਾਦੀ ਕਰ ਰਹੇ ਹੁੰਦੇ ਹਾਂ, ਉੱਥੇ ਮਜ਼ਾਕ ਦੇ ਪਾਤਰ ਵੀ ਬਣਦੇ ਹਾਂ। ਸੋ ਚੇਤੇ ਰੱਖਣ ਵਾਲੀ ਗੱਲ ਹੈ ਕਿ ਆਪਣੀ ਇੱਜਤ ਆਪਣੇ ਹੱਥ ਵਿੱਚ ਹੀ ਹੁੰਦੀ ਹੈ।

ਮਨੁੱਖੀ ਵਿਵਹਾਰ ਦੀ ਇਹ ਕਮਜ਼ੋਰੀ ਹੈ ਕਿ ਇਹ ਕਿਸੇ ਵੀ ਕਿਰਿਆ ਤੇ ਤੁਰੰਤ ਪ੍ਰਤਿਕਿਰਿਆ ਕਰਦਾ ਹੈ। ਆਪਣੇ ਇਸ ਵਰਤਾਰੇ ਕਾਰਨ ਮਾਨਵ ਆਪਣੇ ਸਕੇ ਸਬੰਧੀਆਂ, ਦੋਸਤਾਂ, ਮਿੱਤਰਾਂ ਆਦਿ ਤੋਂ ਹੱਥ ਧੋ ਬੈਠਦਾ ਹੈ। ਇਹ ਸਭ ਕੁੱਝ ਗਲਤ ਸ਼ਬਦਾਂ, ਚੁੱਭਵੀ ਗੱਲਬਾਤ, ਬੇਲੋੜੀ ਦਖ਼ਲਅੰਦਾਜੀ ਕਾਰਨ ਵਾਪਰਦਾ ਹੈ। ਕਈ ਸਿਆਣੇ ਮਨੁੱਖ ਸਾਹਮਣੇ ਵਾਲੇ ਵਿਅਕਤੀ ਨੂੰ ਗੁੱਸੇ ਵਿੱਚ ਬੋਲਦਾ ਵੇਖ ਕੇ ਕੁੱਝ ਨਹੀਂ ਆਖਦੇ ਹਨ।ਇੱਕ ਵਾਰ ਤਾਂ ਗੁੱਸੇ ਵਿੱਚ ਆਇਆ ਵਿਅਕਤੀ ਬਹੁਤ ਕੁੱਝ ਬੋਲ ਜਾਂਦਾ ਹੈ ਪਰ ਤੁਹਾਨੂੰ ਬੋਲਦਾ ਨਾ ਵੇਖ ਕੇ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਜਲਦੀ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਚੁੱਪ ਰਹਿ ਕੇ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਇਆ ਜਾ ਸਕਦਾ ਹੈ। ਭਾਈ ਵੀਰ ਸਿੰਘ ਜੀ ਨੇ ਵੀ ਕਿਹਾ ਹੈ ਕਿ ਜਿੱਥੇ ਬੋਲਣ ਦਾ ਮੁੱਲ ਨਾ ਹੋਵੇ ਉੱਥੇ ਚੁੱਪ ਰਹਿਣ ਦੇ ਵਿੱਚ ਹੀ ਭਲਾਈ ਹੁੰਦੀ ਹੈ। ਕਈ ਵਾਰ ਵਿਅਕਤੀ ਆਪਣੀ ਗੱਲ ਨੂੰ ਧੱਕੇ ਨਾਲ ਰੱਖਣ/ਮਨਾਉਂਣ ਦਾ ਯਤਨ ਕਰਦਾ ਹੈ ਤਾਂ ਵਿਰੋਧਤਾ ਹੋਣ ਕਰਕੇ ਵਾਦ ਵਿਵਾਦ ਉਤਪੰਨ ਹੁੰਦੇ ਹਨ ਜੋ ਕਿ ਦੋਵੇਂ ਧਿਰਾਂ ਦੇ ਲਈ ਚਿੰਤਾ ਦਾ ਕਾਰਨ ਬਣਦੇ ਹਨ। ਚਿੰਤਾ ਨੂੰ ਚਿਤਾ ਸਮਾਨ ਮੰਨਿਆ ਗਿਆ ਹੈ। ਇਸ ਕਾਰਨ ਮਨੁੱਖ ਤਨਾਅ ਵਿੱਚ ਆ ਕੇ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਲੱਖਾਂ ਰੁਪਏ ਡਾਕਟਰਾਂ ਨੂੰ ਦੇਣ ਤੋਂ ਬਾਅਦ ਵੀ ਠੀਕ ਹੋਣ ਦੇ ਆਸਾਰ ਨਹੀਂ ਹੁੰਦੇ ਹਨ। ਇਸ ਮੌਕੇ ਤੇ ਡਾਕਟਰਾਂ ਵੱਲੋਂ ਅਜਿਹੇ ਮਰੀਜਾਂ ਨੂੰ ਘੱਟ ਬੋਲਣ ਦੀ ਹੀ ਸਲਾਹ ਦਿੱਤੀ ਜਾਂਦੀ ਹੈ। ਗੁੱਸੇ ਦਾ ਮਾਰਿਆ ਇਨਸਾਨ ਨਰਕ ਨੂੰ ਚਲਾ ਜਾਂਦਾ ਹੈ। ਮਨੁੱਖੀ ਵਿਵਹਾਰ ਦੇ ਲਈ ਸਬਰ ਸੰਤੋਖ ਦੀ ਲੋੜ ਹੁੰਦੀ ਹੈ ਤਾਂ ਜ਼ੋ ਅਗਲੇਰੀ ਸਮੱਸਿਆਵਾਂ ਤੋਂ ਬਚਿਆ ਜਾ ਸਕੇ।

ਸਾਨੂੰ ਉਹਨਾਂ ਲੀਡਰਾਂ ਤੋਂ ਸੇਧ ਲੈਣ ਦੀ ਜਰੂਰਤ ਜ਼ੋ ਕਿ ਪਾਰਟੀ ਵੱਲੋਂ ਕੋਈ ਗਲਤ ਕੰਮ ਕੀਤੇ ਜਾਣ ਤੇ ਚੁੱਪੀ ਧਾਰ ਲੈਂਦੇ ਹਨ। ਇਸਦੇ ਉਲਟ ਕਈ ਲੀਡਰਾਂ ਨੂੰ ਜਿਆਦਾ ਬੋਲਣ ਨਾਲ ਕਚਹਿਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜ਼ਰੀਵਾਲ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਆਪਣੇ ਭਾਸ਼ਣਾਂ ਦੌਰਾਨ ਵਿਰੋਧੀਆਂ ਤੇ ਲਾਏ ਦੂਸ਼ਣ ਸਬੰਧੀ ਕੋਰਟ ਕੇਸ ਦਾ ਸਾਹਮਣਾ ਕਰਨਾ ਇਸਦੀ ਤਾਜ਼ਾ ਉਦਾਹਰਨ ਹੈ। ਅੰਤ ਉਹਨਾਂ ਨੇ ਕੇਸ ਦਾ ਨਿਪਟਾਰਾ ਮੁਆਫੀ ਮੰਗ ਕੇ ਕੀਤਾ ਹੈ। ਇਸਤਰੀਆਂ ਦੇ ਜਿਆਦਾ ਬੋਲਣ ਕਰਕੇ ਉਹਨਾਂ ਉੱਪਰ ਅਕਸਰ ਚੁਟਕਲੇ ਬਣਾਏ ਜਾਂਦੇ ਹਨ। ਕਿਸੇ ਨੇ ਪੁੱਛਿਆ ਕਿ ਸੰਸਾਰ ਦਾ ਸਭ ਤੋਂ ਅਸੰਭਵ ਕੰਮ ਕਿਹੜਾ ਹੈ? ਇਸਦਾ ਉੱਤਰ ਸੀ ਕਿ ਤਿੰਨ ਇਸਤਰੀਆਂ ਇੱਕਠੀਆਂ ਕਿਤੇ ਜਾ ਰਹੀਆਂ ਹੋਣ ਤੇ ਉਹ ਆਪਸ ਵਿੱਚ ਗੱਲਾਂ ਨਾ ਕਰਦੀਆਂ ਹੋਣ। ਧਾਰਮਿਕ ਪੱਖ ਤੋਂ ਵੀ ਚੁੱਪ ਦੀ ਕਾਫ਼ੀ ਮਾਨਤਾ ਹੈ।ਸਾਡੇ ਰਿਸ਼ੀਆਂ ਮੁਨੀਆਂ ਨੇ ਧਿਆਨ ਲਗਾਉਂਣ ਦੀ ਕਿਰਿਆ ਰਾਹੀਂ ਹੀ ਗਿਆਨ ਦੀ ਪ੍ਰਾਪਤੀ ਕੀਤੀ ਹੈ। ਕਰਮਚਾਰੀ ਆਪਣੇ ਅਫ਼ਸਰ ਅੱਗੇ, ਵਿਦਿਆਰਥੀ ਆਪਣੇ ਅਧਿਆਪਕ, ਬੱਚੇ ਆਪਣੇ ਮਾਪਿਆਂ ਦੇ ਅੱਗੇ ਬੇਲੋੜਾ ਨਾ ਬੋਲਦੇ ਹੋਏ ਆਪਣੀਆਂ ਮੁਸੀਬਤਾਂ ਨੂੰ ਕਾਫ਼ੀ ਹੱਦ ਘਟਾ ਕੇ ਆਪਣੇ ਉਦੇਸ ਦੀ ਪ੍ਰਾਪਤੀ ਕਰ ਸਕਦੇ ਹਨ।ਇੱਥੇ ਚੁੱਪ ਰਹਿਣ ਦਾ ਮਤਲਬ ਕੇਵਲ ਉੱਥੇ ਹੀ ਹੈ ਜਿੱਥੇ ਵਿਅਕਤੀ ਨੂੰ ਮਹਿਸੂਸ ਹੁੰਦਾ ਹੋਵੇ ਕਿ ਉਸਦੇ ਬੋਲਣ ਨਾਲ ਕੋਈ ਝਗੜਾ ਜਨਮ ਲੈ ਸਕਦਾ ਹੈ।ਜਿੱਥੇ ਤੁਸੀ ਤਰਕ ਨਾਲ ਗੱਲ ਕਰਨੀ ਹੋਵੇ, ਆਪਣੇ ਹੱਕਾਂ ਲਈ ਲੜਨਾ ਹੋਵੇ ਤਾਂ ਫਿਰ ਖਾਮੋਸ਼ ਬੈਠਣਾ ਵੀ ਇੱਕ ਅਪਰਾਧ ਹੈ। ਅਸੀਂ ਸਿਰਫ਼ ਇਹ ਯਾਦ ਰੱਖਣਾ ਹੈ ਕਿ ਲੰਬੀ ਜ਼ੁਬਾਨ ਅਤੇ ਲੰਬਾ ਧਾਗਾ ਹਮੇਸ਼ਾ ਹੀ ਉਲਝਿਆ ਰਹਿੰਦਾ ਹੈ। ਇਸ ਤਰ੍ਹਾਂ ਚੁੱਪ ਰਹਿਣ ਦੇ ਮਹੱਤਵ ਨੂੰ ਅਣਗੌਲਿਆਂ ਨਹੀਂ ਕਿਤੇ ਜਾ ਸਕਦਾ ਹੈ। ਹੁਣ ਦੇਖਣਾ ਇਹੋ ਬਾਕੀ ਹੈ ਕਿ ਕਿੰਨੇ ਕੁ ਵਿਅਕਤੀ ਚੁੱਪ ਦੇ ਮਹੱਤਵ ਨੂੰ ਸਮਝਦੇ ਹੋਏ ਇਸਨੂੰ ਆਪਣੀ ਜਿੰਦਗੀ ਵਿੱਚ ਧਾਰਨ ਕਰਦੇ ਹਨ?

# TANDOOR
## Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# L.A. MERCHANDISE
## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables



New folding bed verities



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
## ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

DRIVER HIRING: ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

INSPECTION RECORD: ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

DRIVING REVIEW: ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

ACCIDENT REPORTS: ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

TRUCK MAINTENANCE: ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

# GLOBAL SOLUTION
## FOR TRANSPORTATION
(A PAPERLESS SOLUTION FOR TRUCKING)

RAJINDER SINGH LAKHVIR SINGH

email: info@etruckingsolution.com • www.etruckingsolution.com



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222



Prop: Jasbir Singh Takhar 510-755-2132

1421 Industrial PKWY West#F Hayward, CA 94544

Harmandeep Singh



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop